# ਚਿਰਾਗ

ਅਕਤੂਬਰ -ਦਸੰਬਰ 2002

**October -December 2002**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -42- ਅਕਤੂਬਰ-ਦਸੰਬਰ, 2002

# ਚਿਰਾ.ਗ (ਤਿਮਾਹੀ)

ਅਕਤੂਬਰ-ਦਸੰਬਰ, 2002

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ


- ਸੰਪਾਦਕੀ ਟਿਪਣੀਆਂ - 1. ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੈਂਬਰ ਕੌਣ ਹੋਵੇ ? 2. ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਡਟ ਜਾਓ।
- ਇਸ ਵਾਰ ਦਾ ਵਿਸ਼ੇਸ਼ ਕਵੀ — ਨਾਜ਼ਿਮ ਹਿਕਮਤ ਦੀਆਂ ਤਿੰਨ ਕਵਿਤਾਵਾਂ
- ਨਜ਼ਮਾਂ : ਉਦੈ ਪ੍ਰਕਾਸ਼, ਅਸ਼ੋਕ ਤਿਵਾੜੀ (ਹਿੰਦੀ ਕਵਿਤਾਵਾਂ)
- ਪਾਕਿਸਤਾਨੀ ਉਰਦੂ ਕਵਿਤਾਵਾਂ — ਮੈਂ ਡਰਦਾ ਹਾਂ, ਮੈਨੂੰ ਉਹ ਸਫੈਦ ਫੁੱਲ ਪਸੰਦ ਨਹੀਂ (ਅਫਜ਼ਾਲ ਅਹਿਮਦ)
- ਕਹਾਣੀ — ਜਲੋ (ਜਰਨੈਲ ਸਿੰਘ ਸੇਖਾ), ਤਿਤਲੀਆਂ ਦੀ ਭਾਲ ਵਿਚ (ਉਰਦੂ ਕਹਾਣੀ) ਜ਼ਾਹਿਦਾ ਹਿਨਾ
- ਨਜ਼ਮਾਂ — ਕੰਵਲਜੀਤ ਭੁੱਲਰ, ਗੁਰਦਿਆਲ ਪੱਲ੍ਹਾ, ਪਰਮਜੀਤ ਢੀਂਗਰਾ, ਰਾਜਵਿੰਦਰ ਸਿੱਧੂ
- ਵਾਦ ਵਿਵਾਦ- ਪੰਜਾਬੀ ਸਾਹਿਤ ਦਾ ਮਾਰਕਸਵਾਦੀ ਚਿੰਤਨ (ਸੁਰਜੀਤ ਗਿੱਲ), ਦਲਿਤ ਪੰਜਾਬੀ ਕਹਾਣੀ (ਡਾ. ਸੁਖਵਿੰਦਰ ਸਿੰਘ ਰੰਧਾਵਾ)
- ਵਾਘਿਓ ਪਾਰ — ਬੋਲੀਓਂ ਰਹਿਤਲੋਂ ਵਾਂਝੀ ਨਸਲ (ਆਸਫ਼ ਮਹਿਮੂਦ), ਰਮਜ਼ਾਨਾ (ਐਮ. ਵਾਈ ਕੈਸਰ)
- ਗ਼ਜ਼ਲਾਂ — ਸੁਲੱਖਣ ਸਰਹੱਦੀ, ਸਤੀਸ਼ ਗੁਲਾਟੀ, ਗੁਰਨਾਮ ਢਿੱਲੋਂ, ਮੱਖਣ ਕੁਹਾੜ, ਸ਼ਾਮ ਸੁੰਦਰ, ਅੰਮ੍ਰਿਤ, ਕੰਵਲਜੀਤ ਸਿੰਘ ਕੁਟੀ, ਅਮਰਦੀਪ ਸੰਧਾਵਾਲੀਆ, ਪਰਮਜੀਤ, ਸ਼ਿਰੀ ਰਾਮ ਅਰਸ਼, ਸੁਖਵਿੰਦਰ ਅੰਮ੍ਰਿਤ ਚਾਰ ਗ਼ਜ਼ਲਾਂ
- ਸਿਰਜਨ ਪ੍ਰਕਿਰਿਆ — ਨਾਜ਼ਿਮ ਹਿਕਮਤ ਦਾ ਮਹਾਂਕਵਿ : ਮਨੁੱਖੀ ਧਰਤ ਦ੍ਰਿਸ਼ (ਹਰਭਜਨ ਸਿੰਘ ਹੁੰਦਲ)
- ਪੁਸਤਕ ਪੜਚੋਲ : ਮਰਮਰੀ ਜੰਗਲ (ਡਾ. ਹਰਚਰਨ) ਖੰਡਰ, ਖਾਮੋਸ਼ੀ ਤੇ ਰਾਤ (ਸੁਰਿੰਦਰ ਸੋਹਲ) ਬੀਜ ਤੋਂ ਬ੍ਰਹਿਮੰਡ ਤੱਕ (ਅਜਾਇਬ ਕਮਲ), ਅੱਜ ਤੋਂ ਆਰੰਭ ਤੱਕ (ਗੁਰਚਰਨ ਰਾਮਪੁਰੀ)
- ਖਿਆਲ ਆਪੋ ਆਪਣਾ — ਅਜਾਇਬ ਕਮਲ, ਡਾ. ਜੋਗਿੰਦਰ ਕੈਰੋਂ, ਤੇਜਵੰਤ ਮਾਨ, ਨਦੀਮ ਪਰਮਾਰ, ਸੁਖਬੀਰ ਸੀਹਲਾ
- ਮੁੱਖ ਚਿਤਰ — ਕਰਾਂਤੀਕਾਰੀ ਆਗੂ ਤੇ ਫੋਟੋਗ੍ਰਾਫਰ ਤੀਨਾ ਮੋਦੋਤੀ ਦੀ ਖਿੱਚੀ ਗੁਲਾਬ ਦੇ ਫੁੱਲਾਂ ਦੀ ਤਸਵੀਰ


Postal Address :
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India.
Phone No. 01822-73188

| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | 50 ਰੁ. |
| ਇਕ ਪਰਚਾ | 15 ਰੁ. |
| ਸੰਸਥਾਵਾਂ (ਵਾਰਸ਼ਿਕ) | 70 ਰੁ. |
| ਬਦੇਸ਼, ਯੂ. ਕੇ. | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | 300 ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : ਨਵੰਬਰ 2002



## 1. ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੈਂਬਰ ਕੌਣ ਹੋਵੇ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) 1956 ਵਿੱਚ ਗਿਆਨੀ ਹੀਰਾ ਸਿੰਘ ਦਰਦ ਜੀ ਦੀ ਪਹਿਲ ਕਦਮੀ ਅਤੇ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਅੰਤਾਂ ਦਾ ਮੋਹ ਕਰਨ ਵਾਲੇ ਤੇ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਲੇਖਕਾਂ ਦੇ ਲਗਾਤਾਰ ਯਤਨਾਂ ਨਾਲ ਹੋਂਦ ਵਿੱਚ ਆਈ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ, ਮਹਿੰਦਰ ਸਿੰਘ ਰੰਧਾਵਾ, ਗੁਰਮੁਖ ਸਿੰਘ ਮੁਸਾਫਰ, ਪ੍ਰੋ: ਮੋਹਣ ਸਿੰਘ, ਕੁਲਵੰਤ ਸਿੰਘ ਵਿਰਕ, ਗੁਰਬਚਨ ਸਿੰਘ ਸਹਿੰਸਰਾ, ਪ੍ਰਿੰ: ਸੰਤ ਸਿੰਘ ਸੇਖੋਂ, ਪ੍ਰੋ: ਪ੍ਰੀਤਮ ਸਿੰਘ ਵਰਗੀਆਂ ਹਸਤੀਆਂ ਨੇ ਸਮੇਂ ਸਮੇਂ ਇਸਦੀ ਅਗਵਾਈ ਕੀਤੀ ਹੈ। ਕੇਂਦਰੀ ਸਭਾ ਦਾ ਗੌਰਵਮਈ ਵਿਰਸਾ ਹੈ। ਇਸਨੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਲਗਾਤਾਰ ਸੁਹਿਰਦ ਯਤਨ ਕੀਤੇ ਹਨ। ਪੰਜਾਬੀ ਲੇਖਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਇਕ ਮੰਚ 'ਤੇ ਇਕੱਠਿਆਂ ਕਰਨ, ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਪਰਫੁੱਲਤ ਕਰਨ, ਵਿਚਾਰ ਵਟਾਂਦਰੇ ਰਾਹੀਂ ਸਾਹਿਤ ਨੂੰ ਨਵੀਆਂ ਲੀਹਾਂ ਤੇ ਤੋਰਨ, ਪੰਜਾਬੀ ਲੇਖਕਾਂ ਦੇ ਹਿਤਾਂ ਦੀ ਰਾਖੀ ਕਰਨ, ਦੂਜੀਆ ਭਾਸ਼ਾਵਾਂ ਦੇ ਸਾਹਿਤ ਨਾਲ ਤਾਲਮੇਲ ਕਰਨ ਅਤੇ ਨਰੋਈਆਂ ਸਾਹਿਤਕ ਰਚਨਾਵਾਂ ਦਾ ਮੁਲਾਂਕਣ ਕਰਕੇ ਸਮਾਜਕ ਮਹੱਤਵ ਉਭਾਰਨ ਜਿਹੇ ਉਪਰਾਲੇ ਕਰਨ ਹਿਤ ਇਸਦੇ ਕੀਰਤੀਮਾਨਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਥਾਂ ਦਿਵਾਉਣ, ਪੰਜਾਬ ਰਾਜ ਭਾਸ਼ਾ ਐਕਟ ਨੂੰ ਲਾਗੂ ਕਰਾਉਣ ਹਿਤ ਇਸ ਵਿੱਚ ਸਜ਼ਾ ਦੀ ਧਾਰਾ ਸ਼ਾਮਲ ਕਰਾਉਣ ਵਰਗੇ ਮੁੱਦਿਆਂ ਲਈ ਕਈ ਵਾਰ ਲੇਖਕਾਂ ਨੇ ਧਰਨੇ ਦਿਤੇ ਤੇ ਜੇਲ੍ਹਾਂ 'ਚ ਜਾਣ ਲਈ ਦਫਾ ਚੁਤਾਲੀਆਂ ਤੋੜੀਆਂ ਹਨ।

ਭਾਵੇਂ ਕੇਂਦਰੀ ਪੰਜਾਬੀ ਲੇਖਕ ਸਭਾ ਕੋਈ ਟ੍ਰੇਡ ਯੂਨੀਅਨ ਨਹੀਂ ਹੈ ਤੇ ਨਾ ਹੀ ਕਿਸੇ ਇਕ ਰਾਜਨੀਤਕ ਪਾਰਟੀ ਦਾ ਮੰਚ ਹੈ ਪਰ ਫਿਰ ਵੀ ਇਸ ਵਲੋਂ ਜੋ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਮਾਨਵੀ ਕਦਰਾਂ ਕੀਮਤਾਂ ਲਈ ਲਗਾਤਾਰ ਸੰਘਰਸ਼ਸ਼ੀਲ ਰਾਹ ਚੁਣਿਆ, ਉਸਨੂੰ ਕੋਈ ਵੀ ਝੁਠਲਾ ਜਾਂ ਛੁਟਿਆ ਨਹੀਂ ਸਕਦਾ। ਇਸ ਸਭਾ ਦਾ ਮੈਂਬਰ ਬਣਨਾ ਇੱਕ ਮਾਣ ਵਾਲੀ ਗੱਲ ਰਹੀ ਸੀ। ਅੱਜ ਇਸ ਵੱਲ ਅਨੇਕਾਂ ਉਂਗਲੀਆਂ ਉਠਦੀਆਂ ਹਨ। ਜੇ ਇਹ ਕਿਹਾ ਜਾਵੇ ਕਿ ਇਹ ਇੱਕ ਨਿਰੋਲ ਚੋਣ-ਅਖਾੜਾ ਹੀ ਬਣ ਕੇ ਰਹਿ ਗਈ ਹੈ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ। ਅੱਜ ਇਹ ਇੱਕ ਬੁਰਜੂਆ ਰਾਜਨੀਤਕ ਪਾਰਟੀ ਵਰਗੀ ਹੀ ਜਾਪਦੀ ਹੈ ਜਿਸ 'ਤੇ ਕਬਜ਼ਾ ਕਰਨ ਲਈ ਹਰ ਹਰਬਾ ਵਰਤਿਆ ਜਾਂਦਾ ਹੈ।

ਇਸਦੇ ਪਲਾਹੀ ਵਿਖੇ ਹੋਏ ਇਜਲਾਸ ਨੇ ਇਸਦੀ ਮੈਂਬਰਸ਼ਿੱਪ ਤੇ ਪ੍ਰਸ਼ਨ ਚਿੰਨ੍ਹ ਲਾਏ ਤੇ ਸਿੱਟੇ ਵਜੋਂ ਦੋ ਸਭਾਵਾਂ ਬਣ ਗਈਆਂ। ਕੁਝ ਚਿਰ ਲਈ ਵੋਟਾਂ ਦਾ ਡੈਲੀਗੇਟ ਸਿਸਟਮ ਹੋਂਦ ਵਿੱਚ ਲਿਆਂਦਾ ਗਿਆ ਪਰ ਮੈਂਬਰਸ਼ਿਪ ਤੇ ਵੋਟ ਰਾਜਨੀਤੀ ਦਾ ਮਸਲਾ ਅਸਲੀ ਰੂਪ ਵਿੱਚ ਹੱਲ ਨਹੀਂ ਹੋਇਆ। ਪਿਛਲੀਆਂ ਕਈ ਚੋਣਾਂ ਵਿੱਚ ਮੈਂਬਰਸ਼ਿੱਪ ਨੂੰ ਮੁੱਖ ਮੁੱਦਾ ਬਣਾਇਆ ਜਾਂਦਾ ਰਿਹਾ ਹੈ ਅਤੇ ਇਸ ਨੂੰ ਨਿਰੋਲ ਲੇਖਕਾਂ ਦੀ ਸਭਾ ਬਣਾਉਣ ਲਈ ਬਹੁਤ ਸਾਰੇ ਸੁਹਿਰਦ ਲੇਖਕਾਂ, ਖ਼ਾਸ ਕਰਕੇ 'ਚਿਰਾਗ' ਧਿਰ ਵਲੋਂ ਬੱਝਵੇਂ ਯਤਨ ਹੋਏ ਹਨ ਪਰ ਅਜੇ ਵੀ ਕਾਬਜ਼ ਧਿਰ ਕਬਜ਼ੇ ਦੀ ਰਾਜਨੀਤੀ ਕਾਰਨ ਇਹ ਮਸਲਾ ਹੱਲ ਕਰਨ ਲਈ ਸੁਹਿਰਦ ਯਤਨ ਨਹੀਂ ਕਰ ਰਹੀ। 12 ਦਸੰਬਰ 1999 ਤੇ 9 ਦਸੰਬਰ 2001 ਦੀ ਚੋਣ ਵਿੱਚ ਚਿਰਾਗ ਧਿਰ ਵਲੋਂ ਇਸਨੂੰ ਨਿਰੋਲ ਲੇਖਕਾਂ ਦੀ ਸਭਾ ਬਣਉਣ ਦਾ ਮੁੱਦਾ ਮੁੱਖ ਰੂਪ ਵਿੱਚ ਉਭਾਰਿਆ

ਸੀ ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਗੈਰ ਲੇਖਕਾਂ ਨੇ ਇਹ ਗੱਲ ਪ੍ਰਵਾਨ ਨਹੀਂ ਚੜ੍ਹਨ ਦਿੱਤੀ।

ਇਹ ਦਲੀਲਾਂ ਦੇਣ ਦੀ ਲੋੜ ਨਹੀਂ ਹੈ ਕਿ ਜੋ ਹਾਜ਼ਰੀ ਇਸਦੀ ਚੋਣ ਵੇਲੇ ਹੁੰਦੀ ਹੈ ਉਹ ਕਦੇ ਵੀ ਮੁੜ ਨਜ਼ਰ ਨਹੀਂ ਆਉਂਦੀ। ਕੋਈ ਜਨਰਲ ਅਜਲਾਸ ਹੀ ਐਸਾ ਹੋਵੇਗਾ ਜਿਸਦਾ ਕੋਰਮ ਪੂਰਾ ਹੋਇਆ ਹੋਵੇ। ਇਸ ਵਾਰ 9 ਦਸੰਬਰ 2001 ਨੂੰ ਤਾਂ ਐਸੀ ਹਾਲਤ ਹੋਈ ਕਿ ਰਿਪੋਰਟ ਪਾਸ ਕਰਨ ਲਈ ਜਨਰਲ ਅਜਲਾਸ ਹੋ ਹੀ ਨਹੀਂ ਸਕਿਆ। ਸਾਰੇ 'ਲੇਖਕ' ਚੋਣਾਂ ਵਿੱਚ ਰੁਝ ਗਏ। ਕੇਂਦਰੀ ਸਭਾ ਵਲੋਂ ਪਹਿਲੀ ਤੋਂ ਅੰਗ੍ਰੇਜ਼ੀ ਲਾਗੂ ਕਰਨ ਅਤੇ ਰਾਜ ਭਾਸ਼ਾ ਐਕਟ ਵਿੱਚ ਸਜ਼ਾ ਦੀ ਧਾਰਾ ਨਾ ਸ਼ਾਮਲ ਕਰਨ ਦੇ ਵਿਰੋਧ ਵਿੱਚ ਜੋ ਵੀ ਧਰਨੇ ਦਿਤੇ ਗਏ, ਹਾਜ਼ਰੀ ਦੀ ਗਿਣਤੀ ਦੱਸਦਿਆਂ ਵੀ ਸ਼ਰਮ ਮੁਹਿਸੂਸ ਹੁੰਦੀ ਹੈ। ਅਖੀਰ ਇਸ ਧਰਨੇ ਨੂੰ ਕਾਰਜਕਾਰਨੀ ਦਾ ਧਰਨਾ ਕਹਿ ਕੇ ਬੁੱਤਾ ਸਾਰਨਾ ਪਿਆ ਹੈ। ਧਰਨੇ 'ਚ ਉਹੀ ਲੇਖਕ ਆਉਂਦੇ ਹਨ ਜੋ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਸੁਹਿਰਦ ਤੇ ਸੰਘਰਸ਼ੀਲ ਹਨ। ਬਾਕੀ ਲੇਖਕ ਵੋਟਾਂ ਪਾ ਕੇ, ਅਹੁਦੇਦਾਰੀਆਂ 'ਚ ਹਿੱਸੇਦਾਰੀ ਵੰਡਾ ਕੇ ਸੁਰਖਰੂ ਹੋ ਜਾਂਦੇ ਹਨ।

ਆਮ ਪੰਜਾਬੀ ਲੇਖਕਾਂ ਤੇ ਬੁੱਧੀਜੀਵੀਆਂ ਦਾ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਮੋਹ ਭੰਗ ਹੋ ਗਿਆ ਹੈ। ਇਸਦੀ ਗੈਰ ਵਿਗਿਆਨਕ ਤੇ ਗੈਰ ਸੰਜੀਦਾ ਪਹੁੰਚ ਤੋਂ ਸਾਰੇ ਦੁਖੀ ਹਨ. ਪਰ ਇਹ ਨਹੀਂ ਕਿ ਉਹਨਾਂ ਇਸਨੂੰ ਫਿਰ ਤੋਂ ਪੁਰਾਣੀਆਂ ਸ਼ਾਨਾਮੱਤੀ ਲੀਹਾਂ ਤੇ ਤੋਰਨ ਲਈ ਯਤਨ ਹੀ ਛੱਡ ਦਿੱਤੇ ਹੋਣ। ਉਹਨਾਂ ਸਭ ਤੇ ਦਬਾਅ ਦਾ ਹੀ ਸਿੱਟਾ ਹੈ ਕਿ ਅੱਜ ਕੇਂਦਰੀ ਸਭਾ ਵਲੋਂ ਰਿਪੋਰਟ ਨ: 4(13-7-2002) ਅਨੁਸਾਰ ਲੇਖਕ-ਅਲੇਖਕ ਅਤੇ ਮੈਂਬਰਸ਼ਿਪ ਦਾ ਮਸਲਾ ਹੱਲ ਕਰਨ ਲਈ ਸਭਾਵਾਂ ਅਤੇ ਲੇਖਕਾਂ ਤੋਂ ਸੁਝਾਅ ਮੰਗੇ ਹਨ। ਭਾਵੇਂ ਚਾਹੀਦਾ ਤਾਂ ਇਹ ਸੀ ਕਿ ਇਸ ਬਾਰੇ ਇੱਕ ਵਿਸ਼ੇਸ਼ ਸੈਮੀਨਾਰ ਕਰਾਇਆ ਜਾਂਦਾ ਪਰ 'ਚਿਰਾਗ' ਧਿਰ ਵਲੋ ਸ੍ਰੀ ਮੱਖਣ ਕੁਹਾੜ ਰਾਹੀਂ ਦਿਤੇ ਇਸ ਸੁਝਾਅ ਨੂੰ 'ਬਹੁਮੱਤ' ਨਾਲ ਠੁਕਰਾ ਦਿੱਤਾ ਗਿਆ। ਦੇਰ ਆਇਦ ਦਰੁਸਤ ਆਇਦ ; ਜੇ ਹੁਣ ਵੀ ਈਮਾਨਦਾਰੀ ਨਾਲ ਯਤਨ ਕੀਤੇ ਜਾਣ ਤਾਂ ਇਸ ਸਭਾ ਦੀ ਪੁਰਾਣੀ ਦਿੱਖ ਨੂੰ ਕਾਇਮ ਕੀਤਾ ਜਾ ਸਕਦਾ ਹੈ। ਏਸ ਸਬੰਧੀ ਅਸੀਂ ਚਿਰਾਗ ਅਦਾਰੇ ਵਲੋਂ ਇਹ ਸੁਝਾਅ ਦੇਣਾ ਚਾਹੁੰਦੇ ਹਾਂ :

ੳ) ਸਮੁੱਚੀ ਮੈਂਬਰਸ਼ਿੱਪ ਦੀ ਸਮੇਤ ਜੀਵਨ ਮੈਂਬਰਾਂ ਦੇ ਫਿਰ ਤੋਂ ਪੜਤਾਲ ਕੀਤੀ ਜਾਵੇ। ਇਸ ਵੇਲੇ ਕੋਈ ਵੀ 500/- ਰੁਪਏ ਦੇ ਦੇ ਮੈਂਬਰ ਬਣ ਸਕਦਾ ਹੈ ਅਤੇ ਇਸੇ ਰਸਤੇ ਬਹੁਤ ਸਾਰੇ ਗੈਰ ਲੇਖਕ ਸ਼ਾਮਲ ਹੋ ਚੁਕੇ ਹਨ।

ਅ) ਮੈਂਬਰ ਉਹੀ ਹੋਵੇ ਜੋ ਲੇਖਕ ਹੋਵੇ।

ੲ) ਲੇਖਕ ਦੀ ਪਛਾਣ ਲਈ ਮੁੱਖ ਤੇ ਇਕੋ ਸ਼ਰਤ ਹੈ ਕਿ ਇਸਦੀ ਪੁਸਤਕ ਛਪੀ ਹੋਵੇ।

ਸ) ਪੁਸਤਕ ਨਾ ਛਾਪੇ ਜਾਣ ਦੀ ਸੂਰਤ ਵਿੱਚ ਛਾਪਣ ਯੋਗ ਖਰੜਾ ਹੋਵੇ (ਪਰ ਇਹ ਖਾਸ ਹਾਲਤਾਂ ਵਿਚ ਹੀ ਹੋਵੇ।)

ਹ) ਪੁਸਤਕ ਜਾਂ ਖਰੜਾ ਸਾਹਿਤਕ ਅਤੇ ਮਿਆਰੀ ਹੋਵੇ।

ਕ) ਪੱਤਰਕਾਰਿਤਾ ਨੂੰ ਆਧਾਰ ਬਣਾਉਂਦਿਆਂ ਵੀ ਸਾਹਿਤਕ ਤੱਤ ਨੂੰ ਪਹਿਲ ਦਿੱਤੀ ਜਾਵੇ।

ਖ) ਹੋ ਸਕਦਾ ਹੈ ਕਿਸੇ ਲੇਖਕ ਕੋਲ ਹਾਲੇ ਪੁਸਤਕ ਦੇ ਖਰੜੇ ਜੋਗੀਆਂ ਰਚਨਾਵਾਂ ਨਾ ਹੋਣ, ਐਸੀ ਹਾਲਤ ਵਿੱਚ ਪੰਜ ਰਚਨਾਵਾਂ ਛਪੇ ਹੋਣ ਦੀ ਸ਼ਰਤ ਦੀ ਥਾਂ ਪੰਜਾਬੀ ਦੇ ਮਾਣਯੋਗ ਵੱਡੇ ਨਿਰਪੱਖ ਤੇ ਸਥਾਪਤ ਲੇਖਕਾਂ ਦੀ ਇਕ ਉੱਚ ਪੱਧਰੀ ਪੰਜ ਮੈਂਬਰੀ ਕਮੇਟੀ ਬਣਾਈ ਜਾਵੇ।

ਗ) ਆਪਣੇ ਲੇਖਕ ਹੋਣ ਦਾ ਸਬੂਤ ਦੇਣ ਲਈ ਲੇਖਕ ਇਸ ਕਮੇਟੀ ਕੋਲ ਪਹੁੰਚ ਕਰੇ। ਘਟ



ਘੱਟ 20 ਲਿਖਤਾਂ ਇਸ ਕਮੇਟੀ ਦੇ ਮੁਖੀ ਕੋਲ ਭੇਜੇ। ਮੈਂਬਰ ਲੇਖਕ ਕੇਵਲ ਉਸਨੂੰ ਹੀ ਮੰਨਿਆ ਜਾਵੇ ਜਿਸਨੂੰ ਇਹ ਕਮੇਟੀ ਪ੍ਰਵਾਨ ਕਰੇ।

ਘ) ਚੰਗਾ ਹੋਵੇ ਜੇ ਕੇਂਦਰੀ ਸਭਾ ਦਾ ਹਰ ਮੈਂਬਰ ਕਿਸੇ ਸਥਾਨਕ ਸਭਾ ਦਾ ਵੀ ਮੈਂਬਰ ਹੋਵੇ।

ਙ) ਕਿਸੇ ਸਾਹਿਤ ਸਭਾ ਦਾ ਮੈਂਬਰ ਜ਼ਰੂਰੀ ਨਹੀਂ ਕੇਂਦਰੀ ਸਭਾ ਦਾ ਵੀ ਮੈਂਬਰ ਹੋਵੇ। ਸਾਹਿਤ ਸਭਾਵਾਂ ਨੂੰ ਆਪਣੀ ਮੈਂਬਰਸ਼ਿਪ ਆਪਣੀ ਮਰਜ਼ੀ ਨਾਲ ਤੈਅ ਕਰਨ ਦੀ ਖੁੱਲ ਹੋਵੇ।

ਚ) ਇਹ ਮਸਲਾ ਸਰਬੋਤਮ ਪਹਿਲ ਦੇ ਅਧਾਰ 'ਤੇ ਅਗਲੀ ਚੋਣ ਤੋਂ ਪਹਿਲਾਂ ਹੱਲ ਕੀਤਾ ਜਾਵੇ।

ਦੋਸਤੋ! ਇਹ ਗੱਲ ਕੋਈ ਅਰਥ ਨਹੀਂ ਰੱਖਦੀ ਕਿ ਕੌਣ ਜਿਤਦਾ ਤੇ ਕੌਣ ਹਾਰਦਾ ਹੈ। ਸੰਸਥਾ ਤੋਂ ਕੋਈ ਉੱਚਾ ਨਹੀਂ ਹੁੰਦਾ। ਸੰਸਥਾ ਦੀ ਪਵਿੱਤਰਤਾ ਤੇ ਮਹੱਤਤਾ ਨੂੰ ਕਾਇਮ ਰੱਖਣ ਤੇ ਉਸਦੇ ਉਦੇਸ਼ਾਂ ਦੀ ਪੂਰਤੀ ਲਈ ਸੁਹਿਰਦ ਯਤਨ ਕਰਨ ਹਿਤ ਹਰ ਕੁਰਬਾਨੀ ਛੋਟੀ ਹੁੰਦੀ ਹੈ। ਆਓ ਰਲਕੇ ਯਤਨ ਕਰੀਏ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਫਿਰ ਤੋਂ ਨਿਰੋਲ ਲੇਖਕਾਂ ਦੀ ਸਭਾ ਬਣੇ ਅਤੇ ਆਪਣੇ ਉਦੇਸ਼ਾਂ ਦੀ ਪੂਰਤੀ ਹਿਤ ਆਪਣੇ ਪੁਰਖਿਆਂ ਦੀਆਂ ਪੈੜਾਂ ਨੂੰ ਹੀ ਮਾਰਗ ਦਰਸ਼ਕ ਸਮਝੇ।

## 2. ਮਾਂ-ਬੋਲੀ ਪੰਜਾਬ ਦੇ ਹੱਕ 'ਚ ਡਟ ਜਾਓ

ਜਿਸ ਬੋਲੀ 'ਚ ਮਾਂ ਆਪਣੇ ਬੱਚੇ ਨੂੰ ਲੋਰੀਆਂ ਦਿੰਦੀ ਹੈ ਅਤੇ ਥੋੜ੍ਹਾ ਵੱਡੇ ਹੋਏ ਨੂੰ ਲਾਡ ਲਡਾਉਂਦੀ ਹੈ, ਉਸ ਨੂੰ ਹੀ ਮਾਂ-ਬੋਲੀ ਕਹਿੰਦੇ ਹਨ। ਇਹ ਉਹੀ ਬੋਲੀ ਹੁੰਦੀ ਹੈ, ਜਿਸ ਵਿੱਚ ਵਿਆਹ ਸਮੇਂ ਘੋੜੀਆਂ ਤੇ ਸੁਹਾਗ ਗਾਏ ਜਾਂਦੇ ਹਨ। ਮਾਂ ਬੋਲੀ ਦਾ ਇਕ ਹੋਰ ਪਛਾਣ ਚਿੰਨ੍ਹ ਲੋਕ ਸਾਹਿਤ, ਗੀਤ, ਅਖਾਉਂਤਾਂ ਤੇ ਮੁਹਾਵਰੇ ਆਦਿ ਹਨ। ਸਿੱਠਣੀਆਂ ਮਾਂ-ਬੋਲੀ ਵਿੱਚ ਹੀ ਦਿੱਤੀਆਂ ਜਾ ਸਕਦੀਆਂ ਹਨ। ਪੰਜਾਬ ਅੰਦਰ ਜਾਗੋ ਹਿੰਦੀ, ਬੰਗਲਾ, ਸੰਸਕ੍ਰਿਤ ਜਾਂ ਅੰਗਰੇਜ਼ੀ 'ਚ ਨਹੀਂ ਕੱਢੀ ਜਾ ਸਕਦੀ। ਘੋਰ ਦੁੱਖ ਵੇਲੇ ਧਾਹ, ਹਾਅ ਜਾਂ ਲੇਰ ਆਦਿ ਮਾਂ-ਬੋਲੀ ਵਿੱਚ ਹੀ ਮਾਰੀ ਜਾਂਦੀ ਹੈ ਅਤੇ ਮੌਤ ਵੇਲੇ ਵੈਣ ਮਾਂ-ਬੋਲੀ ਵਿੱਚ ਹੀ ਪਾਏ ਜਾਂਦੇ ਹਨ। ਹੱਸਣਾ-ਖੇਡਣਾ, ਨੱਚਣਾ, ਗਾਉਣਾ, ਰੋਣਾ, ਗੁੱਸੇ ਹੋਣਾ ਤੇ ਲਲਕਾਰੇ ਮਾਰਨਾ ਆਦਿ ਸਾਰੇ ਭਾਵੁਕ ਕਾਰਜ ਮਾਂ-ਬੋਲੀ ਦੇ ਜੁੱਸੇ ਨਾਲ ਜੁੜਕੇ ਹੀ ਨਿਭਾਏ ਜਾ ਸਕਦੇ ਹਨ। ਕਿਸੇ ਹੋਰ ਬੋਲੀ ਰਾਹੀਂ ਨਾ ਕੋਈ ਮੋਹ-ਪਿਆਰ, ਦੋਸਤੀ ਅਤੇ ਭਰੱਪਣ ਆਦਿ ਪ੍ਰਗਟਾਵਾ ਕਰ ਸਕਦਾ ਹੈ, ਨਾ ਗਿੱਲਾ-ਗੁੱਸਾ ਪ੍ਰਗਟ ਕਰ ਸਕਦਾ ਹੈ। ਇਥੋਂ ਤੱਕ ਕਿ ਨਾ-ਪਸੰਦੀ, ਉਲਟ, ਵਿਰੋਧੀ ਤੇ ਦੁਸ਼ਮਣੀ ਦੇ ਹਾਵ-ਭਾਵ ਵੀ ਗ਼ੈਰ-ਭਾਸ਼ਾ ਰਾਹੀਂ ਪੂਰਨ-ਭਾਂਤ ਪ੍ਰਗਟ ਨਹੀਂ ਕੀਤੇ ਜਾ ਸਕਦੇ। ਓਪਰੀ ਬੋਲੀ ਦੀ ਮੁਥਾਜੀ ਮਨੁੱਖੀ ਅਹਿਸਾਸਾਂ, ਭਾਵਨਾਵਾਂ ਤੇ ਵਲਵਲਿਆਂ ਨੂੰ ਅਪੰਗ ਬਣਾ ਦਿੰਦੀ ਹੈ। ਜਦੋਂ ਕੋਈ ਮਨੁੱਖੀ ਅਹਿਸਾਸ, ਭਾਵਨਾ ਜਾ ਜਜ਼ਬਾ ਬਹੁਤ ਹੀ ਉਤੇਜਿਤ ਹੋ ਜਾਵੇ ਤਾਂ ਮਾਂ-ਬੋਲੀ ਹੀ ਢੁੱਕਵੇਂ ਤੇ ਯੋਗ ਸ਼ਬਦਾਂ ਦਾ ਖਜ਼ਾਨਾ ਲੈ ਕੇ ਹਾਜ਼ਰ ਹੁੰਦੀ ਹੈ। ਸ਼ਬਦ ਦੀ ਸਮੁੱਚੀ ਸ਼ਕਤੀ-ਸਮਰੱਥਾ ਤੇ ਸਾਰਥਿਕਤਾ ਆਦਿ ਮਾਂ-ਬੋਲੀ ਵਿੱਚ ਹੀ ਪ੍ਰਗਟ ਹੋ ਸਕਦੀ ਹੈ। ਕਿਸੇ ਵੀ ਖਿੱਤੇ ਵਿਸ਼ੇਸ਼ ਦੇ ਸਾਮੂਹਿਕ ਜਾਂ ਵਿਅਕਤੀਗਤ ਵਰਤਾਰੇ ਨੂੰ ਸ਼ਾਬਦਿਕ ਰੂਪ ਦੇਣ ਦੀ ਸ਼ਕਤੀ ਤੇ ਸਮਰੱਥਾ ਸਭ ਤੋਂ ਵੱਧ ਮਾਂ-ਬੋਲੀ ਵਿੱਚ ਹੀ ਹੁੰਦੀ ਹੈ। ਸੰਖੇਪ ਖੇਤਰ ਵਿਸ਼ੇਸ਼ ਦੇ ਹਰੇਕ ਸਮਾਜਿਕ-ਸਭਿਆਚਾਰਕ ਵਰਤਾਰੇ ਨੂੰ ਸਮਝਣ, ਪੇਸ਼ ਕਰਨ, ਸਾਂਝ ਪਾਉਣ ਤੇ ਸਾਰਥਕ ਸੰਬੰਧ ਸਥਾਪਿਤ ਕਰਨ ਲਈ ਮਾਂ-ਬੋਲੀ ਹੀ ਮਾਂ ਦੇ ਦੁੱਧ ਵਰਗੇ ਸੁੱਚੇ-ਸੱਚੇ ਸ਼ਬਦ ਭੇਟ ਕਰਦੀ ਹੈ। ਮਾਂ-ਬੋਲੀ ਤੋਂ ਬਗੈਰ ਮੌਲਿਕ ਸਿਰਜਣਾ ਨਹੀਂ ਹੋ ਸਕਦੀ ਅਤੇ ਮੌਲਿਕਤਾ ਹੀ ਸਹਿਜ, ਸੁਹਜ ਤੇ ਸੁੰਦਰਤਾ ਹੈ।

ਸਾਡੀ ਮਾਂ-ਬੋਲੀ ਪੰਜਾਬੀ ਬੜੀ ਅਮੀਰ ਹੈ। ਇਸ ਦੀ ਅਮੀਰੀ ਇਸ ਦੇ ਅਥਾਹ ਲੋਕ ਸਾਹਿਤ ਕਾਰਨ ਵੀ ਹੈ ਅਤੇ ਬਾਬਾ ਫਰੀਦ, ਸਿੱਖ ਗੁਰੂ ਸਾਹਿਬਾਨ, ਵਾਰਿਸ ਅਤੇ ਹੋਰ ਅਨੇਕਾਂ ਚਿੰਤਕਾਂ, ਵਿਦਵਾਨਾਂ, ਦਾਰਸ਼ਨਿਕਾਂ, ਸਾਹਿਤਕਾਰਾਂ ਅਤੇ ਕਵੀਆਂ ਦੁਆਰਾ ਪ੍ਰਗਟਾਏ ਲੋਕ-ਹਿੱਤੂ ਤੇ ਅਮੁੱਲ ਵਿਚਾਰਾਂ ਕਰਕੇ ਵੀ। ਆਦਿ-ਗ੍ਰੰਥ ਵਿਚ ਦਰਜ ਬਾਣੀ ਦੀ ਸਿਧਾਂਤਕ ਤੇ ਬੌਧਿਕ ਉੱਚਤਾ, ਕਲਿਆਣਕਾਰੀ ਪਹੁੰਚ-ਦ੍ਰਿਸ਼ਟੀ ਅਤੇ ਕਲਾਤਮਕ ਪ੍ਰਪੱਕਤਗੀ ਦਾ ਸੁਮੇਲ ਸ਼ਾਇਦ ਸੰਸਾਰ ਦੇ ਕਿਸੇ ਇਕ ਗ੍ਰੰਥ ਵਿੱਚ ਨਾ ਮਿਲੇ। ਪੰਜਾਬੀ ਮਾਂ-ਬੋਲੀ ਦੀ ਅਮੀਰੀ ਇਸ ਨੂੰ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਵਿਚ ਵੀ ਹੈ। ਕੁਝ ਸਾਲ ਪਹਿਲਾਂ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਸੰਸਾਰ ਦੇ ਤੇਰਾਂ ਕਰੋੜ ਲੋਕਾਂ ਦੀ ਭਾਸ਼ਾ ਪੰਜਾਬੀ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਅਠਾਰਾਂ ਸੂਚੀ ਦਰਜ ਭਾਸ਼ਾਵਾਂ 'ਚੋਂ ਪੰਜਾਬੀ ਇਕ ਹੈ। ਅੱਠਵੀਂ ਸੂਚੀ ਵਿੱਚ ਦਰਜ ਇਨ੍ਹਾਂ ਭਾਸ਼ਾਵਾਂ ਨੂੰ ਰਾਸ਼ਟਰੀ ਭਾਸ਼ਾਵਾਂ ਦਾ ਦਰਜਾ ਪ੍ਰਾਪਤ ਹੈ। ਪ੍ਰਦੇਸ਼ਾਂ ਦੇ ਪ੍ਰਸੰਗ ਵਿੱਚ ਇਹ ਖੇਤਰੀ ਭਾਸ਼ਾਵਾਂ ਵੀ ਹਨ।

ਐਪਰ ਸੰਤਾਲੀ ਦੇ ਮਾਂ-ਦੁਖਾਂਤ ਤੋਂ ਪਹਿਲਾਂ ਹੀ ਸਾਡੀ ਮਾਂ-ਬੋਲੀ ਨੂੰ ਇਸ ਦੇ ਜਾਨੂੰਨੀ ਧਾਰਮਿਕ ਸਮਰਥਕਾਂ ਅਤੇ ਇਸੇ ਤਰ੍ਹਾਂ ਦੇ ਹੀ ਇਸਦੇ ਵਿਰੋਧੀਆਂ ਵੱਲੋਂ ਧਰਮ ਦਾ ਠੱਪਾ ਲਾ ਕੇ ਇਸ ਨੂੰ ਸਿੱਖਾਂ ਦੀ ਭਾਸ਼ਾ ਬਣਾ ਦਿੱਤਾ ਗਿਆ। ਇਸ ਵਿਗਿਆਨਕ ਤੱਥ ਨੂੰ ਭੁਲਾ ਹੀ ਦਿੱਤਾ ਗਿਆ ਬੋਲੀ ਤੇ ਭਾਸ਼ਾ ਦਾ ਸੰਬੰਧ ਇਲਾਕੇ ਵਿਸ਼ੇਸ਼ ਨਾਲ ਹੁੰਦਾ ਹੈ। ਸੰਤਾਲੀ ਵੇਲੇ ਜਦੋਂ ਭਾਰਤੀ ਤੇ ਪਾਕਿਸਤਾਨੀ ਹਾਕਮ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਉਦੋਂ ਪੰਜਾਬੀ ਲੋਕ ਬੀਤੀ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਭੋਗ ਰਹੇ ਸਨ। ਪਾਸ਼ਵਿਕ ਵਿਵਹਾਰ ਅਤੇ ਫਿਰਕੂ ਵਹਿਸ਼ਤ ਤੇ ਦਹਿਸ਼ਤ ਦੇ ਉਸ ਮਾਹੌਲ ਵਿੱਚ ਮਾ-ਬੋਲੀ ਪੰਜਾਬੀ ਨੂੰ ਭਾਈ ਮਤੀ ਦਾਸ ਵਾਂਗ ਚੀਰ ਦਿੱਤਾ ਗਿਆ। ਹੁਣ ਕੁਝ ਹੋਰ ਵਰ੍ਹਿਆਂ ਨੂੰ ਦੋ ਪੰਜਾਬੀਆਂ ਸਪਸ਼ਟ ਨਜ਼ਰ ਆ ਜਾਣੀਆਂ ਹਨ। ਰਾਵੀ ਤੋਂ ਪਾਰ ਉਰਦੂ ਲਿੱਪੀ 'ਚ ਫਾਰਸੀ ਲੱਦੀ ਪੰਜਾਬੀ ਹੋਵੇਗੀ ਤੇ ਇਧਰ ਹਿੰਦੀ-ਸੰਸਕ੍ਰਿਤ ਤੇ ਅੰਗਰੇਜੀ ਦੇ ਭਾਰ ਹੇਠ ਸਹਿਕਦੀ ਪੰਜਾਬੀ। ਬਦਕਿਸਮਤੀ ਨੂੰ ਇੱਧਰ ਵੀ ਭਾਰਤੀ ਹਾਕਮਾਂ ਨੇ ਪੰਜਾਬੀ ਬੋਲੀ ਦੇ ਆਧਾਰ ਪੰਜਾਬੀ ਸੂਬੇ ਦਾ ਗਠਿਨ 1956 'ਚ ਨਹੀਂ ਸੀ ਕੀਤਾ ਸਗੋਂ ਲੰਮੀ ਜੱਦੋ-ਜਹਿਦ ਤੋਂ ਬਾਅਦ ਛਿੱਲ-ਛਾਂਗ ਕੇ ਅਤੇ ਕੱਟ-ਵੱਢ ਕੇ 1966 'ਚ ਬਣਾਇਆ ਅਤੇ ਜਿਸ ਦੀ ਰਾਜਧਾਨੀ ਦਾ ਫੈਸਲਾ ਹੁਣ 36 ਸਾਲ ਬਾਅਦ ਵੀ ਨਹੀਂ ਕੀਤਾ ਜਾ ਰਿਹਾ। ਰਾਜਧਾਨੀ ਜਿਹੜੀ ਪੰਜਾਬੀ ਬੋਲਦੇ ਪਿੰਡ ਉਜਾੜਕੇ ਪੰਜਾਬ ਲਈ ਬਣਾਈ ਗਈ ਸੀ ਅਤੇ ਜਿੱਥੋਂ ਹੁਣ ਪੰਜਾਬੀ ਨੂੰ ਲਗਭਗ ਅਲਵਿਦਾ ਕਹਿ ਦਿੱਤੀ ਗਈ ਹੈ। ਕਿਸੇ ਬੋਲੀ ਨੂੰ ਜਿਉਂਦਾ ਰੱਖਣ ਵਿੱਚ ਅਹਿਮ ਭੂਮਿਕਾ ਭਾਵੇਂ ਲੋਕਾਂ ਨੇ ਹੀ ਨਿਭਾਉਣੀ ਹੁੰਦੀ ਹੈ ਪਰ ਅਸੀਂ ਰਾਜਕੀ ਸਰਪ੍ਰਸਤੀ ਤੋਂ ਬਗੈਰ ਭਾਸ਼ਾਵਾਂ ਮਰਦੀਆਂ ਹੀ ਵੇਖੀਆਂ ਹਨ। ਸਮਕਾਲ 'ਚ ਸਾਮਰਾਜੀ ਸਮਾਜ-ਸਭਿਆਚਾਰ ਹਮਲੇ ਦੇ ਸਨਮੁੱਖ ਭਾਰਤੀ ਭਾਸ਼ਾਵਾਂ ਸਮੇਤ ਸੰਸਾਰ ਦੀਆਂ ਕਈ ਭਾਸ਼ਾਵਾਂ ਦੀ ਹੋਂਦ ਖਤਰੇ ਵਿਚ ਹੈ।

ਅਜ਼ਾਦ ਭਾਰਤ ਵਿੱਚ ਪੰਜਾਬੀ ਨਾਲ ਇਕ ਹੋਰ ਧੱਕਾ ਹਿੰਦੀ ਜਾਨੂੰਨੀਆਂ ਵੱਲੋਂ ਵੀ ਕੀਤਾ ਗਿਆ। ਹਿੰਦੀ ਦੇ ਮੁਦਈਆਂ ਨੇ ਅੰਗਰੇਜ਼ੀ ਦੀ ਸਰਦਾਰੀ ਨੂੰ ਵੰਗਾਰਨ ਦੀ ਥਾਂ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਨਾਲ ਆਢਾ ਲਾ ਲਿਆ। ਹਿੰਦੀ ਨੂੰ ਸੰਪਰਕ ਭਾਸ਼ਾ ਜਾਂ ਸਰਕਾਰੀ ਕੰਮ ਕਾਜ ਦੀ ਭਾਸ਼ਾ ਵਜੋਂ ਵਿਕਸਤ ਕਰਨ ਤੇ ਉਭਾਰਨ ਦੀ ਥਾਂ ਖੇਤਰੀ ਭਾਸ਼ਾਵਾਂ ਨਾਲ ਸੌਂਕਣਾ ਵਾਲੀ ਲੜਾਈ ਵਿੱਢ ਦਿੱਤੀ ਗਈ। ਉਂਝ ਸ਼ਾਇਦ ਇਹ ਪੰਜਾਬ ਹੀ ਹੈ ਜਿੱਥੇ ਦੇ ਪੁੱਤ-ਧੀਆਂ ਆਪਣੀ ਮਾਂ ਨੂੰ ਮਾਂ ਮੰਨਣ ਤੋਂ ਚਿੱਟੇ ਦਿਨ ਇਨਕਾਰੀ ਹੋਏ। ਭਾਵੇਂ ਅੰਗਰੇਜ਼ੀ ਨੇ ਸੰਵਿਧਾਨ ਦੇ ਲਾਗੂ ਹੋਣ ਦੇ ਪੰਦਰਾਂ ਸਾਲਾਂ ਬਾਅਦ ਰਾਜ ਕਾਜ ਦੀ ਜ਼ਿੰਮੇਵਾਰੀ ਹਿੰਦੀ ਨੂੰ ਸੌਂਪ ਕੇ ਪਾਸੇ ਹੋ ਜਾਣਾ ਸੀ, ਪਰ ਹਿੰਦੀ ਪ੍ਰੇਮੀਆਂ ਨੇ ਅੰਗਰੇਜ਼ੀ ਦੀ ਸਰਦਾਰੀ ਨੂੰ ਵੰਗਾਰਨ ਦਾ ਹੌਸਲਾ ਹੀ ਨਹੀਂ ਕੀਤਾ। ਸਿੱਟੇ ਸਾਡੇ ਸਾਹਮਣੇ ਹਨ। ਸਾਮਰਾਜ ਦੇ ਦੁਬੇਲ



ਭਾਰਤੀ ਹਾਕਮਾਂ ਨੂੰ ਪੰਜਾਬੀ ਵਿੱਚ ਪੰਸ਼ ਭਾਸ਼ਾਈ ਤਣਾਉ ਬੜਾ ਸੂਤ ਬੈਠਦਾ ਹੈ। ਉਨ੍ਹਾਂ ਨੂੰ ਆਪਣੀ ਆਉਧ ਦਾ ਰਾਜ ਲੋਕਾਂ ਦੀਆਂ ਧਾਰਮਿਕ, ਜਾਤ-ਪਾਤੀ, ਭਾਸ਼ਾਈ ਅਤੇ ਇਲਾਕਾਈ ਖਿੱਚੋਤਾਣਾ ਤੇ ਟਕਰਾਵਾਂ ਵਿੱਚ ਵੀ ਨਜ਼ਰ ਆਉਂਦਾ ਹੈ। ਇਸੇ ਕਰਕੇ 35 ਸਾਲ ਗੁਜ਼ਰ ਜਾਣ 'ਤੇ ਵੀ ਰਾਜ ਭਾਸ਼ਾ ਕਾਨੂੰਨ ਵਿੱਚ ਸਜ਼ਾ ਦੀ ਧਾਰਾ ਸ਼ਾਮਲ ਕਰਨ ਅਤੇ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਕੋਈ ਯਤਨ ਨਹੀਂ ਕੀਤਾ ਗਿਆ। ਵਰਤਮਾਨ ਕਾਂਗਰਸ ਸਰਕਾਰ ਦੁਆਰਾ ਵਿਧਾਨ ਸਭਾ ਦੀ ਕਾਰਵਾਈ ਅੰਗਰੇਜ਼ੀ ਵਿੱਚ ਚਲਾਉਣ ਦੀ ਸਾਜ਼ਿਸ਼ ਵੀ ਰਾਜ ਭਾਸ਼ਾ ਕਾਨੂੰਨ ਦੀ ਉਲੰਘਣਾ ਤਾਂ ਹੈ ਹੀ, ਇਹ ਮਾਂ-ਬੋਲੀ ਬਾਰੇ ਅਨੈਤਿਕ ਪਹੁੰਚ ਦ੍ਰਿਸ਼ਟੀ ਦਾ ਅਕੱਟ ਪ੍ਰਮਾਣ ਵੀ ਹੈ। ਸਰਕਾਰੀ ਦਫ਼ਤਰਾਂ ਵਿੱਚ ਅਜੇ ਬਹੁਤਾ ਕੰਮ ਅੰਗਰੇਜ਼ੀ ਵਿੱਚ ਹੀ ਕੀਤਾ ਜਾਂਦਾ ਹੈ। ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਵਿਆਪਕ ਬਣਾਉਣ ਬਾਰੇ ਕੋਈ ਕਦਮ ਨਹੀਂ ਚੁੱਕਿਆ ਗਿਆ।

ਹਰ ਪੱਧਰ ਉੱਤੇ ਪੰਜਾਬੀ ਭਾਸ਼ਾ ਦੀ ਪੜ੍ਹਾਈ ਸੰਬੰਧੀ ਬੇਲਾਗ ਜਿਹਾ ਵਤੀਰਾ ਆਪਣਾਇਆ ਜਾਂਦਾ ਰਿਹਾ ਹੈ। ਸਕੂਲ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਰਾਜ ਭਾਸ਼ਾ ਅਤੇ ਮਾਂ-ਬੋਲੀ ਦੋਵਾਂ ਪੱਖਾਂ ਤੋਂ ਹੀ ਪੰਜਾਬੀ ਦੇ ਵਿਕਾਸ ਤੇ ਸਿਖਲਾਈ ਲਈ ਨਾ-ਮਾਤਰ ਕੰਮ ਹੀ ਹੋ ਰਿਹਾ ਹੈ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀ ਪੱਧਰ 'ਤੇ ਸਭ ਤੋਂ ਵੱਧ ਅਣਗੌਲਿਆ ਖੇਤਰ ਪੰਜਾਬੀ ਭਾਸ਼ਾ ਦਾ ਹੀ ਰਿਹਾ ਹੈ। ਸਰਕਾਰੀ ਸਕੂਲਾਂ 'ਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ ਪਰ ਹਿੰਦੀ ਜਾਂ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਪ੍ਰੀਖਿਆ ਦੇਣ ਦੀ ਖੁੱਲ੍ਹੀ ਛੁੱਟੀ ਹੈ। ਇਹੀ ਅਵਸਥਾ ਸਹਾਇਤਾ ਪ੍ਰਗਟ ਪ੍ਰਾਈਵੇਟ ਸਕੂਲਾਂ ਦੀ ਹੈ। ਇਨ੍ਹਾਂ ਤੋਂ ਕਿਤੇ ਵੱਧ ਮਾਡਲ/ਪਬਲਿਕ/ਅੰਗਰੇਜ਼ੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੈ, ਪੰਜਾਬ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਆਪਣਾ ਕੰਮ-ਕਾਜ ਪੰਜਾਬੀ ਦੇ ਨਾਲ ਨਾਲ ਲਗਭਗ 50% ਅੰਗਰੇਜ਼ੀ ਵਿੱਚ ਹੀ ਕਰਦੀਆਂ ਹਨ। ਭਾਸ਼ਾ ਵਿਭਾਗ, ਪੰਜਾਬ ਕੇਵਲ ਹਰ ਸਾਲ ਇਨਾਮ ਹੀ ਦਿੰਦਾ ਹੈ ਅਤੇ ਇਸ ਤੋਂ ਛੁੱਟ ਕੋਈ ਕੰਮ ਨਹੀਂ ਕਰਦਾ। ਇਸ ਤਰ੍ਹਾਂ ਅਚੇਤ ਜਾਂ ਸੁਚੇਤ ਇਸ ਛਿੱਲੇ-ਛਾਂਗ ਅਤੇ ਕੱਟੇ-ਵੱਢੇ ਪੰਜਾਬ ਨੂੰ -ਭਾਸ਼ੀ ਪ੍ਰਾਂਤ ਬਣਾਉਣ ਦੀਆਂ ਕੁਚਾਲਾਂ ਬੜੇ ਸੂਖ਼ਮ ਢੰਗ ਨਾਲ ਚੱਲੀਆਂ ਜਾਂ ਰਹੀਆਂ ਹਨ।

ਭਾਵੇਂ ਪੰਜਾਬੀ ਬੋਲੀ ਤੇ ਭਾਸ਼ਾ ਨਾਲ ਹੋ ਰਹੇ ਧੱਕਿਆਂ ਲਈ ਸਰਕਾਰ ਅਤੇ ਅਫਸਰਸ਼ਾਹੀ ਹੀ ਮੁੱਖ ਦੋਸ਼ੀ ਹੈ ਪਰ ਅਸੀਂ ਪੰਜਾਬੀ ਵੀ ਇਸ ਲਈ ਘੱਟ-ਵੱਧ ਜ਼ਿੰਮੇਵਾਰ ਹਾਂ। ਅਸੀਂ ਆਪਣੇ ਬੱਚਿਆਂ ਨੂੰ ਮਹਿੰਗੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਪੜ੍ਹਾਉਣ ਨੂੰ ਮਾਣ ਸਮਝਦੇ ਹਾਂ। ਇਹ ਸਾਡੇ ਸਮਾਜਿਕ ਰੁਤਬੇ ਦਾ ਇਕ ਸੰਕੇਤ ਬਣ ਗਿਆ ਹੈ। ਕੁਝ ਕਥਿਤ ਪਬਲਿਕ ਸਕੂਲਾਂ ਵਿਚ ਬੱਚਿਆਂ ਦੇ ਅੰਗਰੇਜ਼ੀ ਵਿੱਚ ਗੱਲ ਬਾਤ ਕਰਨ ਤੋਂ ਛੁੱਟ ਕਿਸੇ ਦੂਜੀ ਭਾਸ਼ਾ ਵਿੱਚ ਗੱਲਾਂ ਕਰਨ ਨੂੰ ਹੁਣ ਸਜ਼ਾ ਯੋਗ ਬਣਾ ਦਿੱਤਾ ਗਿਆ ਹੈ। ਅਸੀਂ ਘਰ ਵਿੱਚ ਬੱਚਿਆਂ ਨਾਲ ਅੰਗਰੇਜ਼ੀ ਜਾਂ ਹਿੰਦੀ ਵਿੱਚ ਗੱਲਾਂ ਕਰਦੇ ਹਾਂ। ਵਿਆਹ-ਸ਼ਾਦੀਆਂ ਦੇ ਸੱਦਾ-ਪੱਤਰ ਅੰਗਰੇਜ਼ੀ ਵਿੱਚ ਛਪਵਾਂਉਦੇ ਹਾਂ। ਹਾਂ, ਮੌਤ ਦਾ ਸੁਨੇਹਾ ਦੇਣ ਲਈ ਕਾਰਡ ਪੰਜਾਬੀ ਜਾਂ ਹਿੰਦੀ ਵਿਚ ਲਿਖਦੇ ਹਾਂ। ਸਾਡੇ ਅਧਿਕਾਰੀ ਮੁਲਾਜ਼ਮ ਅਤੇ ਕਈ ਵਾਰ ਸਾਧਾਰਨ ਪੜ੍ਹੇ-ਲਿਖੇ ਲੋਕ ਵੀ ਅੰਗਰੇਜ਼ੀ ਵਿੱਚ ਦਸਤਖਤ ਕਰਕੇ ਮਾਣ ਮਹਿਸੂਸ ਕਰਦੇ ਹਾਂ। ਅਸੀਂ ਪੰਜਾਬ ਵਿੱਚ ਪਹੁੰਚਣ ਵਾਲੀ ਚਿੱਠੀ 'ਤੇ ਵੀ ਅੰਗਰੇਜ਼ੀ ਵਿਚ ਪਤਾ ਲਿਖਦੇ ਹਾਂ।

ਸਮੁੱਚੇ ਰੂਪ 'ਚ ਹਾਕਮ ਜਮਾਤਾਂ ਦੀ ਕੋਈ ਉਸਾਰੂ ਤੇ ਵਿਗਿਆਨਕ ਭਾਸ਼ਾ ਨੀਤੀ ਨਹੀਂ ਹੈ ਅਤੇ ਭਾਸ਼ਾ ਨੀਤੀ ਦੀ ਗੈਰ-ਮੌਜੂਦਗੀ ਵਿੱਚ ਸਿੱਖਿਆ ਨੀਤੀ ਬਾਰੇ ਵੀ ਠੀਕ ਪ੍ਰਸੰਗ ਵਿੱਚ ਅੱਗੇ ਪੈਰ ਨਹੀਂ ਪੁੱਟੇ ਜਾ ਸਕਦੇ। ਪੰਜਾਬ ਸਰਕਾਰ ਨੇ ਅਟਕਲ-ਪੱਚੂ ਜਿਹੀ ਐਲਾਨੀ ਨਵੀਂ ਸਿੱਖਿਆ ਤਹਿਤ ਤੀਜੀ ਜਮਾਤ ਤੋਂ ਲਾਜ਼ਮੀ ਅੰਗਰੇਜ਼ੀ ਪੜ੍ਹਾਉਣ ਅਤੇ ਛੇਵੀਂ ਜਮਾਤ ਤੋਂ ਸਾਇੰਸ ਤੇ ਗਣਿਤ ਦਾ ਮਾਧਿਅਮ

ਅੰਗਰੇਜ਼ੀ ਬਣਾਉਣ ਦਾ ਲੋਕ ਦੁਸ਼ਮਣ ਤੇ ਪੰਜਾਬੀ ਭਾਸ਼ਾ ਵਿਰੋਧੀ ਫੈਸਲਾ ਕੀਤਾ ਹੈ। ਇਹ ਦੋਵੇਂ ਫੈਸਲੇ ਜਿਥੇ ਪੰਜਾਬੀ ਭਾਸ਼ਾ ਦੀ ਜੜ੍ਹੀਂ ਤੇਲ ਦੇਣਗੇ ਉਥੇ ਗਰੀਬਾਂ ਦੇ ਬੱਚਿਆਂ ਨੂੰ ਵਿਦਿਆਂ ਦੇ ਚਾਨਣ ਤੋਂ ਦੂਰ ਲੈ ਜਾਣਗੇ। ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਰੋਧੀ ਫੈਸਲੇ ਸਮੁੱਚੇ ਵਿਸ਼ਵ ਦੇ ਭਾਸ਼ਾ ਮਾਹਿਰਾਂ, ਬਾਲ ਮਨੋਵਿਗਿਆਨੀਆਂ, ਸਿੱਖਿਆ ਸ਼ਾਸ਼ਤਰੀਆਂ, ਦਾਨਿਸ਼ਵਰਾਂ, ਚਿੰਤਕਾਂ ਤੇ ਵਿਦਵਾਨਾਂ ਦੀ ਰਾਏ ਨੂੰ ਰੱਦ ਕਰਕੇ ਲਾਗੂ ਕੀਤੇ ਗਏ ਹਨ। ਅਸਲ ਵਿੱਚ ਸਾਡੀਆਂ ਸਰਕਾਰਾਂ ਹੁਣ ਸਾਰੇ ਨਿਰਦੇਸ਼ ਅਮਰੀਕਨ ਸਾਮਰਾਜ ਅਤੇ ਉਸ ਦੀਆਂ ਫੰਡ, ਬੈਂਕ ਅਤੇ ਵਿਸ਼ਵ ਵਪਾਰ ਸੰਸਥਾਂ ਆਦਿ ਦੇ ਨਿਰਦੇਸ਼ਕਾਂ ਤੋਂ ਪ੍ਰਾਪਤ ਕਰਦੀਆਂ ਹਨ। ਜੇਕਰ ਅਜਿਹਾ ਨਾ ਹੋਵੇ ਤਾਂ ਐਨ. ਸੀ. ਈ. ਆਰ. ਟੀ. (ਸਿੱਖਿਆ, ਖੋਜ ਤੇ ਟ੍ਰੇਨਿੰਗ ਬਾਰੇ ਕੌਮੀ ਕੌਂਸਲ) ਦੀ ਸਿਫਾਰਿਸ਼ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ ਕੇਵਲ ਇਕ ਭਾਸ਼ਾ ਮਾਤ ਭਾਸ਼ਾ ਹੀ ਪੜ੍ਹਾਈ ਜਾਵੇ। ਇਹੀ ਸਿਫਾਰਿਸ਼ ਕੁਠਾਰੀ ਕਮਿਸ਼ਨ ਨੇ 1966 ਵਿੱਚ ਕੀਤੀ ਸੀ। ਦੁਨੀਆਂ ਦੀ ਕਿਸੇ ਵੀ ਦੇਸ਼ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ 10-11 ਸਾਲ ਦੀ ਉਮਰ ਤੋਂ ਪਹਿਲਾਂ ਬੱਚਿਆਂ ਨੂੰ ਕੋਈ ਵਿਦੇਸ਼ੀ ਭਾਸ਼ਾ ਨਹੀਂ ਪੜ੍ਹਾਈ ਜਾਂਦੀ। ਅਸਲ ਵਿਚ ਕਿਸੇ ਲੜੀ ਬੱਧ ਪੜ੍ਹਾਈ ਤੋਂ ਬਿਨਾਂ ਭਾਸ਼ਾ ਦਾ ਗਿਆਨ ਬੜਾ ਸੀਮਤ ਤੇ ਅਚੇਤ ਜਿਹਾ ਹੀ ਹੁੰਦਾ ਹੈ। ਇਸ ਲਈ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਉਪਰ ਹੋ ਰਹੇ ਹਮਲਿਆਂ (ਸਾਮਰਾਜੀ ਸਭਿਆਚਾਰਕ ਹਮਲੇ ਸਮੇਤ) ਵਿਰੁੱਧ ਪੰਜਾਬੀ ਲੇਖਕਾਂ, ਸਾਹਿਤਕਾਰਾਂ, ਬੁੱਧੀਜੀਵੀਆਂ, ਚਿੰਤਕਾਂ ਅਤੇ ਪੰਜਾਬੀ ਪ੍ਰੇਮੀਆਂ ਨੂੰ ਡਟਕੇ ਮੈਦਾਨ ਵਿੱਚ ਕੁੱਦਣਾ ਚਾਹੀਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਰਾਖੀ ਤੇ ਮਜ਼ਬੂਤੀ ਲਈ ਆਗੂ ਭੂਮਿਕਾ ਨਿਭਾਉਣੀ ਚਾਹੀਦੀ ਹੈ।

***—ਸੰਪਾਦਕੀ ਮੰਡਲ***

## ਸੁਖਵਿੰਦਰ ਅੰਮ੍ਰਿਤ

ਸਫ਼ਰ ਕੈਸਾ ਹੈ ਇਹ, ਕਿਹੜੇ ਪੜਾਅ 'ਚੋਂ ਲੰਘਦੀ ਹਾਂ ਮੈਂ
ਕਿ ਪਿਆਸੀ ਹਾਂ ਤੇ ਚੂਲੀ ਅਗਨ ਦੀ ਇਕ ਮੰਗਦੀ ਹਾਂ ਮੈਂ

ਮੈਂ ਅਪਣੇ ਨਰਮ ਪੈਰਾਂ 'ਚੋਂ ਲਓ ਜ਼ੰਜੀਰ ਲਾਹ ਦਿੱਤੀ
ਕਿ ਨਾਮਨਜ਼ੂਰ ਦਸਤੂਰਾਂ ਨੂੰ ਛਿੱਕੇ ਟੰਗਦੀ ਹਾਂ ਮੈਂ

ਯੁਗਾਂ ਦੀ ਗਰਦ ਦੇ ਹੇਠਾਂ ਦਬੀ ਨੂੰ ਯਾਦ ਆਇਆ ਹੈ
ਕਿ ਊਸ਼ਾ ਪਹੁ-ਫ਼ੁਟਾਲੇ ਦੀ ਤੇ ਲਾਲੀ ਸੰਝ ਦੀ ਹਾਂ ਮੈਂ

ਹਨ੍ਹੇਰੇ ਵਕਤ ਦੀ ਛਾਤੀ 'ਚੋਂ ਸੂਰਜ ਵਾਂਗ ਨਿਕਲੀ ਹਾਂ
ਕਿ ਹਰ ਸਿਆਹੀ ਨੂੰ ਅਪਣੀ ਰੌਸ਼ਨੀ ਵਿਚ ਰੰਗਦੀ ਹਾਂ ਮੈਂ

ਜ਼ਮਾਨੇ ਦੇ ਸਿਤਮ ਨਾ ਠੱਲ੍ਹ ਸਕਦੇ ਇਸ਼ਕ ਮੇਰੇ ਨੂੰ
ਕੋਈ ਗੁਜਰਾਤ ਦੀ ਸੋਹਣੀ, ਸਲੇਟੀ ਝੰਗ ਦੀ ਹਾਂ ਮੈਂ

ਨ ਬਿਹਬਲ ਹੋ ਮੇਰੇ ਅਸਮਾਨ ਮੈਂ ਬਸ ਉਡਣ ਵਾਲੀ ਹਾਂ
ਕਿ ਤੇਰੀ ਹੀ ਮੁਹੱਬਤ ਵਿਚ ਪਰਾਂ ਨੂੰ ਰੰਗਦੀ ਹਾਂ ਮੈਂ.

*ਪੱਤਝੜ ਵਿਚ ਪੁੰਗਰਦੇ ਪੱਤੇ*

***845-I, BRS Nagar, Ludhiana***



*ਇਸ ਵਾਰ ਦਾ ਵਿਸ਼ੇਸ਼ ਕਵੀ*

*(ਤੁਰਕੀ ਕਵਿਤਾ)*

## 1. ਮਾਵਾਂ ਦਾ ਲਹੂ / *ਨਾਜ਼ਿਮ ਹਿਕਮਤ*

(ਨਾਜ਼ਿਮ ਹਿਕਮਤ ਦੇ ਮਹਾ-ਕਾਵਿ "ਮਨੁੱਖੀ ਧਰਤ-ਦ੍ਰਿਸ਼" ਚੋਂ

ਬਿਜਲੀ-ਘਰ ਦੇ ਵਿਹੜੇ ਵਿਚਲਾ ਅਸਲਾਖਾਨਾ ਖ਼ਾਲੀ ਸੀ।
ਵਿਹੜਾ ਰੁੱਖਾਂ ਨਾਲ ਭਰਪੂਰ ਸੀ
ਕਿੱਕਰ, ਸੌਂਗੀ ਤੇ ਸ਼ਹਿਤੂਤ ਦੇ ਰੁੱਖ
ਤੇ ਏਥੇ ਬੰਦਿਆਂ ਦੀ ਭੀੜ ਸੀ।

ਮੇਅਰ ਦੀ ਅਗਵਾਈ ਵਿਚ
ਨਵੇਂ ਫੌਜੀ ਦਸਤੇ ਟੋਲੇ ਬਣਾ ਕੇ ਆਏ ਸਨ।
1921 ਦੀ ਮਨੁੱਖੀ ਫਸਲ
ਧਰਤੀ 'ਤੇ ਚੌਕੜਾ ਮਾਰ ਕੇ ਬੈਠੀ ਸੀ।

ਇਹ ਚਿੱਟੇ ਊਨੀ ਝੋਲਿਆਂ ਤੇ ਅਣਕਮਾਏ ਚਮੜੇ
ਦੀਆਂ ਜੁੱਤੀਆਂ ਪਾਈ ਲੋਕਾਂ ਦੀ ਸੁਪਨ-ਧਰਤੀ ਸੀ।
ਨੀਵੀਂ ਪਾਈਆਂ ਅੱਖਾਂ ਵਿੱਚ ਵਿਛੋੜਾ ਸੀ।

ਜਾਮਨੀ ਜੈਕਟਾਂ ਤੇ ਰੇਸ਼ਮੀ ਰੁਮਾਲ
ਨੱਚਦੇ ਪੈਰਾਂ ਦੇ ਤਿਉਹਾਰ
ਗੀਤਾਂ ਲਈ ਹੁੰਦੇ ਹਨ।
ਲੰਗਾਰਾਂ ਨੂੰ ਟਾਕੀਆਂ ਲਾਉਣ ਦੀ
ਘਿਰਣਾ-ਮਈ ਕਲਾ
ਮੇਰੇ ਦੇਸ਼ ਦੇ ਕਿਸਾਨਾਂ ਨਾਲੋਂ ਬਿਹਤਰ ਕੌਣ ਜਾਣਦਾ ਹੈ।

ਟੋਲਿਆਂ ਵਿੱਚ ਲਿਆਂਦੇ,
ਤੇ ਵਿਹੜੇ ਵਿੱਚ ਤੁੰਨੇ
ਪੈਰੀਂ ਕੱਚੇ-ਚਮੜੇ ਦੀਆਂ ਜੁੱਤੀਆਂ
ਵਿਛੋੜੇ ਦੀ ਪੀੜ ਨਾਲ ਭਰੀਆਂ ਊਂਧੀਆਂ ਅੱਖਾਂ
1921 ਦੀ ਫਸਲ ਫਰਸ਼ 'ਤੇ ਚੌਕੜਾ ਮਾਰੀ ਬੈਠੀ ਸੀ।

ਕੁਝ ਦੂਰ ਖੜੀਆਂ ਸਨ ਮਾਵਾਂ
ਚੁੱਪ ਤੇ ਧੁਆਖੀਆਂ,
ਉਹਨਾਂ ਦੀਆਂ ਵਿਦਾਇਗੀਆਂ ਅਮੁੱਕ ਸਨ।

ਵਿਹੜੇ ਵਿੱਚ ਘੜਮੱਸ ਸੀ
ਸਵੇਰ ਪਿੱਛੋਂ ਦੁਪਹਿਰ ਆ ਗਈ
ਇਹ ਥੱਪੜ ਏਨਾ ਲੇਟ ਕਿਓਂ ਵੱਜਿਆ ?

ਦੁਪਹਿਰ ਪਿੱਛੋਂ ਸੰਧਿਆ ਆਈ
ਇਹ ਸਰਾਪ ਏਨਾ ਸੌਖਾ ਕਿਵੇਂ ਮਿਲਿਆ!
ਹਾਜ਼ਰੀ ਲੱਗ ਗਈ।

ਤੁਹਾਨੂੰ ਪਤਾ ਹੈ
ਮੇਰੇ ਪਿਆਰੇ ਵਤਨ ਵਿਚ
ਬੈਰਕਾਂ ਵੱਲ ਹੱਕੇ ਲਿਜਾਂਦੇ ਨੌਜਵਾਨ
ਸਕੂਲਾਂ ਤੇ ਮਸਜਦਾਂ ਵਿੱਚ ਡੱਕੇ ਜਾਂਦੇ ਨੇ
ਉਹਨਾਂ ਦਾ ਦੁੱਖ ਹਾਲੀ ਨੰਗੇ ਜ਼ਖ਼ਮ ਵਰਗਾ ਹੁੰਦੈ
ਭਾਰੇ ਗੁੰਬਦਾਂ ਦੇ ਅੰਤਹੀਣ ਸੁੰਨੇਪਣ ਵਿੱਚ
ਦਿਨ, ਦੂਰ-ਦੁਰਾਡੇ ਉਡ ਕੇ ਜਾਂਦੇ ਸਾਰਸਾਂ
ਵਾਂਗ ਲੰਘਦੇ ਨੇ।

ਬੱਦਲ ਆਕਾਸ਼ ਉੱਤੇ ਤਿਲਕਦੇ ਫਿਰਦੇ ਨੇ
ਕੋਲੋਂ ਦੀ ਸਾਰਸਾਂ ਦੀ ਟੋਲੀ ਉੱਡਦੀ ਹੋਈ ਲੰਘਦੀ ਹੈ
ਬਿਜਲੀ-ਘਰ ਵਾਲਾ ਅਸਲਾਖਾਨਾ
1921 ਦੀ ਫਸਲ ਨਾਲ 'ਭਰਿਆ ਹੋਇਆ ਹੈ'

ਔਰਤਾਂ
ਭੁੱਖੇ, ਬੀਮਾਰ, ਬਘਿਆੜਾਂ ਵਾਂਗ ਆਈਆਂ
ਰੁੱਖਾਂ ਤੋਂ ਪਰੇ ਭੋਂ ਉਤੇ ਬੈਠ ਗਈਆਂ
ਉਹਨਾਂ ਦੇ ਵਾਲ ਰੁਮਾਲਾਂ ਹੇਠ ਲੁਕੇ ਹੋਏ ਸਨ
ਤੇ ਦਹੀਂ ਦੀਆਂ ਕੌਲੀਆਂ ਤੇ ਡਬਲ-ਰੋਟੀ
ਦੇ ਟੋਟੇ
ਸਰਾਪੇ ਹੋਏ ਬੱਚਿਆਂ ਵਾਂਗ
ਉਹਨਾਂ ਦੀਆਂ ਗੋਦਾਂ ਵਿੱਚ ਪਏ ਸਨ।
ਬਿਜਲੀ ਘਰ ਦੇ ਵਿਹੜੇ ਵਿਚਲਾ ਅਸਲਾਖਾਨਾ ਹਨੇਰੇ ਵਿੱਚ ਸੀ
ਕਿੱਕਰ, ਸੌਗੀ ਤੇ ਸ਼ਹਿਤੂਤ ਦੇ ਬਿਰਖ ਜਾਮਨੀ ਰੰਗ ਦੇ ਸਨ।

ਵਿਹੜੇ ਵਿੱਚ ਔਰਤਾਂ ਸਨ
ਉਹਨਾਂ ਦੀਆਂ ਮਾਵਾਂ
ਦਸ-ਸਾਲਾ ਬੱਚਿਆਂ ਤੇ
ਪਹਿਰੇਦਾਰਾਂ ਦੀਆਂ।

ਕੇਂਦਰ ਵਿਚੋਂ ਤਰਲੇ ਭਰੀਆਂ ਆਵਾਜ਼ਾਂ,
"ਪੁੱਤਰ ਪਹਿਰੇਦਾਰਾ
ਸਤਿਕਾਰੇ ਮਾਲਕਾ
ਇਸ ਦਹੀਂ ਦਾ ਕੌਲਾ ਉਸ ਨੂੰ ਫੜਾ ਦੇ
ਕਿਓਂ ਨਹੀਂ ਫੜਾਉਂਦਾ ਤੂੰ ?"



"ਵੀਰਾ, ਪਹਿਰੇਦਾਰਾ!
ਮੇਰੇ ਦਾਤਿਆ,
ਬੂਹਾ ਖੋਲ੍ਹ! ਵੇਖ ਤੇ ਲੈਣ ਦੇ
ਕਿਓਂ ਨਹੀਂ ਖੋਲਦਾ ਤੂੰ ਬੂਹਾ ?
ਬੱਚਿਆ ਮੇਰਿਆ।"
ਇਸਤਰੀਆਂ ਇਕੱਠੀਆਂ ਹੋਣ ਲੱਗੀਆਂ
"ਮੈਂ ਤੈਨੂੰ ਮਰਿਆ ਪਿਆ ਵੇਖਾਂ, ਪਹਿਰੇਦਾਰਾ
ਤੂੰ ਪੱਥਰ 'ਤੇ ਪਿਆ ਹੋਵੇਂ, ਕੁੱਤਿਆ,
ਤੇਰਾ ਤਾਬੂਤ ਨਜ਼ਰੀਂ ਪਵੇ ਗਰਕ ਜਾਣਿਆਂ।"

ਪਹਿਰੇਦਾਰ ਜਾਣਦੇ ਸਨ ;
(ਉਹ ਪਹਿਰੇਦਾਰ ਵੀ ਸਨ ਤੇ ਕਿਸਾਨ ਵੀ)
ਜਦੋਂ ਤੀਵੀਆਂ ; ਪਾਗਲ ਹੋ ਜਾਣ
ਤਾਂ ਬਹੁਤ ਬੁਰੀਆਂ ਹੋ ਜਾਂਦੀਆਂ ਨੇ।
ਗੁੱਸੇ ਨਾਲ ਪਾਗਲ ਔਰਤ
ਕਰਦਾਂ ਦੇ ਕੁੱਤੇ ਵਰਗੀ ਹੁੰਦੀ ਹੈ,
ਸਭ ਤੋਂ ਬਹਾਦਰ ਘੋੜ-ਸਵਾਰ ਵੀ
ਉਸ ਦਾ ਮੁਕਾਬਲਾ ਨਹੀਂ ਕਰ ਸਕਦਾ।

ਰਫਲ ਦੇ ਬੱਟਾਂ ਨਾਲ
ਉਹਨਾਂ ਔਰਤਾਂ 'ਤੇ ਹਮਲਾ ਕੀਤਾ ;
"ਇਸ ਉੱਤੇ ਪਾਬੰਦੀ ਹੈ"..........

ਔਰਤਾਂ ਚੀਕਾਂ ਮਾਰਨ ਲੱਗੀਆਂ
ਤੇ ਪਿੰਡ-ਪੁੰਡ ਗਈਆਂ।
ਜਵਾਬ ਵਿੱਚ ਉਹਨਾਂ ਪੱਥਰ ਮਾਰੇ
ਤੇ ਉਹਨਾਂ ਪਹਿਰੇਦਾਰਾਂ ਦੀਆਂ ਬੀਵੀਆਂ ਨੂੰ ਫਿਟਕਾਰਾਂ ਪਾਈਆਂ।

ਵਿਹੜੇ ਵਿਚਲੇ ਅਸਲੇਖਾਨੇ ਵਿੱਚ ਹਨੇਰਾ ਸੀ
ਤੇ ਕਿੱਕਰਾਂ ਮੇਵਿਆਂ ਤੇ ਸ਼ਹਿਤੂਤ ਦੇ ਦਰੱਖਤ
ਸ਼ਾਹ-ਕਾਲੇ ਸਨ।

ਇਕ ਔਰਤ ਦੇ ਸਿਰ ਵਿੱਚ ਰਫਲ ਦਾ ਬੱਟ ਵੱਜਿਆ
ਉਹ ਡਿੱਗ ਪਈ ਤੇ ਫਿਰ ਉੱਠ ਕੇ ਬਹਿ ਗਈ
ਉਸ ਦਾ ਮੂੰਹ ਲਹੂ ਨਾਲ ਭਰ ਗਿਆ
ਕਹਿਣ ਲੱਗੀ, "ਉਹਨਾਂ ਪਾਪਲਰ ਦੇ ਰੁੱਖ ਵਾਂਗ ਕੱਟ ਸੁੱਟਿਆ ਹੈ"
"ਇਕ ਦਿਨ ਮੇਰਾ ਪੁੱਤ ਵੀ ਪਹਿਰੇਦਾਰ ਬਣੇਗਾ
ਉਹ ਤੇਰੇ ਪਿੰਡ ਜਾਊਗਾ
ਤੇ ਜਿਵੇਂ ਤੂੰ ਮੈਨੂੰ ਕੁੱਟਿਆ ਹੈ
ਉਹ ਤੇਰੀ ਮਾਂ ਨੂੰ ਕੁੱਟੇਗਾ!"

## 1. ਉਹ ਏਥੇ ਹੀ ਕਿਤੇ ਹਨ / *ਉਦੈ ਪ੍ਰਕਾਸ਼*

ਉਹ ਕਿਤੇ ਨਹੀਂ ਗਏ
ਏਥੇ ਹੀ ਕਿਤੇ ਹਨ
ਉਹਨਾਂ ਲਈ ਰੋਣਾ ਨਹੀਂ।

ਉਹ ਬੱਚਿਆਂ ਦੀ ਟੋਲੀ ਵਿਚ
ਰੰਗੀਨ ਬੁਸ਼ਰਟ ਪਾਈ
ਬੱਚਿਆਂ ਦੇ ਵਿਚਕਾਰ ਗੁੰਮ ਨੇ
ਉਹ ਮੈਲੀ ਬੁਨੈਣ ਪਾਈ
ਮਲਬੇ ਦੇ ਢੇਰ ਤੋਂ ਚੁਣ ਰਹੇ ਨੇ
ਹਰੀਆਂ, ਪੀਲੀਆਂ, ਲਾਲ ਪਲਾਸਟਿਕ ਦੀਆਂ ਚੀਜ਼ਾਂ

ਉਹ ਤੁਹਾਡੇ ਹੱਥ ਵਿਚ
ਚਾਹ ਦਾ ਕੱਪ ਫੜਾ ਜਾਂਦੇ ਨੇ
ਅਖ਼ਬਾਰ ਦੇ ਜਾਂਦੇ ਨੇ,
ਉਹ ਕਿਸੇ ਮਸ਼ੀਨ, ਕਿਸੇ ਬਿਰਖ, ਕਿਸੇ ਦੀਵਾਰ
ਕਿਤੇ ਕਿਤਾਬ ਦੇ ਉਹਲੇ ਛੁਪ ਕੇ ਗਾਉਂਦੇ ਨੇ

ਪਹਾੜੀਆਂ ਦੀ ਪਗਡੰਡੀ ਤੋਂ
ਪਿੰਡ ਵੱਲ ਜਾਣ ਵਾਲੀ ਸੜਕ
ਉੱਤੇ ਹੱਸਦੇ ਨੇ,
ਉਹਨਾਂ ਦੇ ਹੱਥਾਂ ਵਿਚ,
ਕਣਕ ਤੇ ਮਕੱਈ ਦੇ ਸਿੱਟੇ ਹੁੰਦੇ ਨੇ।

ਭੈਣਾਂ ਜਦੋਂ ਹੁੰਦੀਆਂ ਨੇ
ਕਿਸੇ ਜੰਗਲ, ਕਿਸੇ ਗਲੀ, ਕਿਸੇ ਹਨੇਰੇ ਵਿਚ
ਇਕੱਲੀਆਂ
ਤਾਂ ਉਹ ਸਾਈਕਲ ਉੱਤੇ ਅਚਾਨਕ ਹੀ ਕਿਤਿਓਂ
ਤੇਜ਼ ਤੇਜ਼ ਆਉਂਦੇ ਨੇ,
ਤੇ ਉਹਨਾਂ ਦੇ ਲਾਗੇ ਘੰਟੀ ਵਜਾ ਜਾਂਦੇ ਨੇ।

ਉਹ ਹਵਾ ਦਾ ਜੀਵਨ
ਸੂਰਜ ਦੇ ਸਵਾਸ
ਪਾਣੀ ਦੀ ਬੰਸੁਰੀ
ਧਰਤੀ ਦੀ ਧੜਕਣ ਹਨ
ਉਹ ਪਛਾਵੇਂ ਨੇ ਸਮੁੰਦਰ 'ਤੇ ਫੈਲੇ ਹੋਏ।

ਉਹ ਸਿਰਫ ਹੱਡੀਆਂ
ਤੇ ਸਿਰਫ ਚਮੜੀ ਨਹੀਂ ਸਨ
ਕਿ ਮੌਸਮ ਦੇ ਅਮਲ ਵਿਚ ਗਲ ਜਾਣਗੇ
ਉਹ ਸਿਰਫ ਖ਼ੂਨ ਨਹੀਂ ਸੀ
ਕਿ ਮਿੱਟੀ ਵਿਚ ਸੁੱਕ ਜਾਣਗੇ
ਉਹ ਕੋਈ ਨੌਕਰੀ ਨਹੀਂ ਸਨ
ਕਿ ਬਰਖਾਸਤ ਕਰ ਦਿੱਤੇ ਜਾਣਗੇ।

ਉਹ ਜੜ੍ਹਾਂ ਨੇ ਹਜ਼ਾਰਾਂ ਸਾਲ ਪੁਰਾਣੀਆਂ
ਉਹ ਪਾਣੀ ਦੇ ਸੋਮੇ ਨੇ
ਧਰਤੀ ਦੇ ਹੇਠ ਹੇਠ
ਉਹ ਪੂਰੀ ਪ੍ਰਿਥਵੀ ਅਤੇ ਪਾਤਾਲ
ਤੀਕ ਗੂੰਗ ਰਹੇ ਨੇ
ਉਹ ਆਪਣੇ ਕੰਮ ਵਿਚ ਰੁਝੇ ਹੋਏ ਨੇ
ਜਦ ਕਿ ਹਤਿਆਰੇ ਖ਼ੁਸ਼ ਹਨ
ਕਿ ਅਸੀਂ ਉਹਨਾਂ ਨੂੰ ਖ਼ਤਮ ਕਰ ਦਿੱਤਾ ਹੈ।

ਉਹ ਕਿਸੇ ਦੌਲਤਮੰਦ ਦਾ ਸੁਪਨਾ ਨਹੀਂ ਸਨ
ਕਿ ਸਿੱਕਿਆਂ ਤੇ ਅਸ਼ਰਫੀਆਂ ਦੀ ਆਵਾਜ਼
ਨਾਲ
ਟੁੱਟ ਜਾਣਗੇ।
ਉਹ ਏਥੇ ਹੀ ਕਿਤੇ ਹਨ
ਏਥੇ ਹੀ ਲਾਗੇ-ਚਾਗੇ

ਕਿਸੇ ਦੋਸਤ ਨਾਲ ਗੱਪਾਂ ਮਾਰ ਰਹੇ ਨੇ
ਕੋਈ ਲੜਕੀ ਆਪਣੀ ਨੀਂਦ ਵਿਚ
ਉਹਨਾਂ ਦੇ ਸੁਪਨੇ ਵੇਖ ਰਹੀ ਹੈ
ਉਹ ਕਿਸੇ ਤੋਂ ਲੁਕ ਕੇ
ਕਿਸੇ ਨੂੰ ਮਿਲਣ ਗਏ ਨੇ
ਉਹਨਾਂ ਲਈ ਰੋਣਾ ਨਹੀਂ।



ਕੋਈ ਰੇਲ-ਗੱਡੀ ਆ ਰਹੀ ਹੈ
ਦੂਰ ਤੋਂ ਸੀਟੀ ਵਜਾਉਂਦੀ ਹੋਈ।
ਉਹਨਾਂ ਲਈ ਅੱਥਰੂ ਨਾ-ਸਮਝੀ ਨੇ
ਉਹਨਾਂ ਲਈ ਰੋਣਾ ਨਹੀਂ।

ਵੇਖੋ ਉਹ ਤਿੰਨੇ, ਸਫਦਰ, ਪਾਸ਼ ਤੇ ਸੁਕਾਂਤ
ਅਤੇ ਲੋਰਕਾ, ਅਤੇ ਨਜ਼ਰੁਲ ਤੇ ਮੋਲਾਇਸੇ
ਅਤੇ ਨਾਗਾਰਜੁਨ
ਤੇ ਉਹ ਸਾਰੇ ਦੇ ਸਾਰੇ
ਜਲਦਬਾਜ਼ੀ ਵਿਚ ਆਉਣਗੇ
ਪੁਸ਼ਾਕ ਬਦਲ ਕੇ ਨਾਟਕ ਵਿਚ
ਆਪਣੀ ਭੂਮਿਕਾ ਨਿਭਾਉਣਗੇ।
ਅਤੇ ਤਾਲੀਆਂ ਤੇ ਸਮੂਹ-ਗੀਤ
ਅਤੇ ਮੰਚ ਦੀ ਜਗਦੀ-ਬੁਝਦੀ ਰੌਸ਼ਨੀ ਵਿਚਕਾਰ,
ਫਿਰ ਅਲੋਪ ਹੋ ਜਾਣਗੇ।

ਹਾਂ, ਉਹਨਾਂ ਨੂੰ ਢੂੰਡਣਾ ਜ਼ਰੂਰ
ਹਰ ਚਿਹਰੇ ਨੂੰ ਗਹੁ ਨਾਲ ਵੇਖਣਾ
ਪਰ ਉਹਨਾਂ ਲਈ ਰੋਣਾ ਨਹੀਂ
ਰੋ ਕੇ ਉਹਨਾਂ ਨੂੰ ਗਵਾਉਣਾ ਨਹੀਂ

ਉਹ ਏਥੇ ਹੀ ਕਿਤੇ ਹਨ
ਏਥੇ ਲਾਗੇ-ਚਾਗੇ ਹੀ।

## 2. ਕਿਥੇ ਸੀ ਤੁਸੀਂ ?/ *ਅਸ਼ੋਕ ਤਿਵਾੜੀ*

ਪੁਛੇਗਾ ਸਵਾਲ ਕਲ੍ਹ ਮੇਰਾ ਬੇਟਾ
ਕਿ ਸੜ ਰਹੀਆਂ ਸੀ ਜਦ
ਦਸੇ ਦਿਸ਼ਾਵਾਂ
ਚਹਿਕ ਰਹੇ ਸੀ
ਲਪਟਾਂ ਮਾਰਦੀ ਅੱਗ ਦੇ ਅੰਗਾਰੇ
ਉਠਾ ਰਹੇ ਸੀ ਸੱਪ ਜਦ ਆਪਣੇ ਫਣ
ਘੋਲਿਆ ਜਾ ਰਿਹਾ ਸੀ ਜਦ ਹਵਾਵਾਂ ਵਿਚ ਜ਼ਹਿਰ
ਤੋੜੀ ਜਾ ਰਹੀ ਸੀ ਬੱਚਿਆਂ ਦੀ ਰੀੜ੍ਹ ਦੀ ਹੱਡੀ
ਫਸਾਇਆ ਜਾ ਰਿਹਾ ਸੀ ਨੌਜਵਾਨਾਂ ਨੂੰ
ਜਦੋਂ ਭਰਮ ਭੁਲੇਖਿਆਂ ਵਿਚ
ਲਹਿਰਾਇਆ ਜਾ ਰਿਹਾ ਸੀ ਜਦੋਂ
ਫਿਰਕਾ ਪ੍ਰਸਤੀ ਦਾ ਝੰਡਾ
ਬਣਾਇਆ ਜਾ ਰਿਹਾ ਸੀ ਜਦੋਂ ਸੱਚ ਦਾ ਝੂਠ
ਰਲ-ਗੱਡ ਕੀਤਾ ਜਾ ਰਿਹਾ ਸੀ
ਜਦੋਂ ਮਿੱਥ ਤੇ ਇਤਿਹਾਸ
ਪਰੋਸਿਆ ਜਾ ਰਿਹਾ ਸੀ ਜਦੋਂ
ਪ੍ਰਸ਼ਾਦ 'ਜੈ ਸ੍ਰੀ ਰਾਮ' ਦਾ
ਕਿੱਥੇ ਸੀ ਤੁਸੀਂ ?

ਕਿੱਥੇ ਸੀ ਤੁਸੀਂ ਜਦ
ਜੀਉਂਦੇ ਆਦਮੀਆਂ ਨੂੰ ਸਾੜ ਕੇ
ਠਹਾਕਾ ਲਗਾਇਆ ਜਾ ਰਿਹਾ ਸੀ
ਖਾਰਿਜ ਕੀਤਾ ਜਾ ਰਿਹਾ ਸੀ ਜਦ
ਤੁਹਾਡੀ ਹਾਜ਼ਰੀ ਨੂੰ ਜ਼ਬਰਦਸਤੀ
ਖੋਹਿਆ ਜਾ ਰਿਹਾ ਸੀ ਤੁਹਾਥੋਂ
ਤੁਹਾਡੇ ਜੀਣ ਦਾ ਹੱਕ
ਬੋਲਣ ਦੀ ਆਜ਼ਾਦੀ
ਕਿੱਥੇ ਸੀ ਤੁਹਾਡੀ ਜੀਭ ਤੇ ਤਾਲੂ ਦਾ ਸੰਤੁਲਨ
ਕਿੱਥੇ ਸੀ ਤੇਰੀ ਕਲਮ ਦਾ ਜਾਦੂ
"ਸਮਾਜ ਵਿਚ ਬਰਾਬਰੀ ਦੇ ਅਧਿਕਾਰ" ਦਾ
ਸੁਪਨਾ ਕਿੱਥੇ ਸੀ
ਜਦੋਂ
ਬੀਜੀ ਜਾ ਰਹੀ ਸੀ ਫਸਲ ਖੌਫ ਦੀ
ਵੰਡਿਆ ਜਾ ਰਿਹਾ ਸੀ, ਇਕ 'ਡਰ'
ਲੋਕਾਂ ਨੂੰ ਘਰਾਂ ਵਿਚ ਧੱਕੇ ਨਾਲ ਵਾੜ ਕੇ
ਕਿੱਥੇ ਸੀ ਤੁਸੀਂ ?

ਕਿੱਥੇ ਸੀ ਤੁਸੀਂ ਜਦੋਂ
ਬਣਾਈ ਜਾ ਰਹੀ ਸੀ ਘੁਸ ਬੈਠ
ਧਰਮ ਦੇ ਨਾਂ ਤੇ
ਖੜੀ ਕੀਤੀ ਜਾ ਰਹੀ ਸੀ ਨਫ਼ਰਤ ਦੀ ਦੀਵਾਰ
ਕਰ ਰਹੇ ਸੀ ਜੁਗਾਲੀ ਜਦੋਂ
ਸੱਤਾ ਦੇ ਰਾਮ
ਕਿੱਥੇ ਸੀ ਤੁਸੀਂ
ਕਿੱਥੇ ਸੀ ?

●●●

## 1. ਮੈਂ ਡਰਦਾ ਹਾਂ / ਅ.ਫ਼ਜ਼ਾਲ ਅਹਿਮਦ

ਮੈਂ ਡਰਦਾ ਹਾਂ
ਆਪਣੇ ਕੋਲ ਪਈਆਂ ਚੀਜ਼ਾਂ ਨੂੰ
ਛੂਹ ਕੇ ਸ਼ਾਇਰੀ ਬਣਾ ਦੇਣ ਤੋਂ।

ਰੋਟੀ ਨੂੰ ਮੈਂ ਛੋਹਿਆ
ਤੇ ਭੁੱਖ ਸ਼ਾਇਰੀ ਬਣ ਗਈ
ਉਂਗਲੀ ਚਾਕੂ ਨਾਲ ਕੱਟ ਗਈ
ਖ਼ੂਨ ਸ਼ਾਇਰੀ ਬਣ ਗਿਆ
ਗਲਾਸ ਹੱਥ ਤੋਂ ਡਿੱਗ ਕੇ ਟੁੱਟ ਗਿਆ
ਤੇ ਬਹੁਤ ਸਾਰੀਆਂ ਕਵਿਤਾਵਾਂ ਬਣ ਗਈਆਂ।

ਮੈਂ ਡਰਦਾ ਹਾਂ
ਆਪਣੇ ਤੋਂ ਥੋਹੜੀ ਦੂਰ ਦੀਆਂ ਚੀਜ਼ਾਂ ਨੂੰ
ਵੇਖ ਕੇ ਸ਼ਾਇਰੀ ਬਣਾ ਦੇਣ ਤੋਂ
ਦਰਖ਼ਤ ਨੂੰ ਮੈਂ ਵੇਖਿਆ
ਤੇ ਛਾਂ ਸ਼ਾਇਰੀ ਬਣ ਗਈ
ਛੱਤ ਤੋਂ ਮੈਂ ਝਾਕਿਆ
ਤੇ ਪੌੜੀਆਂ ਸ਼ਾਇਰੀ ਬਣ ਗਈਆਂ।

ਪੂਜਾ-ਘਰ ਤੇ ਮੈਂ ਨਜ਼ਰ ਮਾਰੀ
ਤੇ ਖ਼ੁਦਾ ਸ਼ਾਇਰੀ ਬਣ ਗਿਆ

ਮੈਂ ਡਰਦਾ ਹਾਂ
ਆਪਣੇ ਤੋਂ ਦੂਰ ਦੀਆਂ ਚੀਜ਼ਾਂ ਨੂੰ
ਸੋਚ ਕੇ ਸ਼ਾਇਰੀ ਬਣਾ ਦੇਣ ਤੋਂ

ਮੈਂ ਡਰਦਾ ਹਾਂ
ਤੈਨੂੰ ਸੋਚ ਕੇ
ਵੇਖ ਕੇ,
ਛੋਹ ਕੇ ਸ਼ਾਇਰੀ ਬਣਾ ਦੇਣ ਤੋਂ

## 2. ਮੈਨੂੰ ਉਹ ਸ.ਫੈਦ ਫੁੱਲ ਪਸੰਦ ਨਹੀਂ

ਮੈਨੂੰ ਉਹ ਚਿੱਟੇ ਫੁੱਲ ਪਸੰਦ ਨਹੀਂ
ਜਿਸ ਨੂੰ ਚੁੰਮ ਕੇ ਤੂੰ ਸੁਰਖ਼ ਨਾ ਕਰ ਸਕੇਂ

ਅਸਮਾਨ ਤੋਂ ਟੁੱਟਦਾ ਹੋਇਆ ਸਿਤਾਰਾ
ਜਾਂ ਸਮੁੰਦਰ ਵਿੱਚ ਡੁੱਬਦੀ ਹੋਈ ਕਿਸ਼ਤੀ
ਮੈਨੂੰ ਕਿਸ ਦੇ ਨਾਲ ਤੁਰਨਾ ਚਾਹੀਦਾ
ਤੇਰੀਆਂ ਅੱਖਾਂ
ਤੇ ਤੇਰਾ ਦਿਲ
ਮੈਨੂੰ ਕੁਝ ਨਹੀਂ ਦੱਸਦਾ
ਤੂੰ ਸ਼ਹਿਰ ਦੇ ਸ਼ੋਰ
ਅਤੇ ਮੇਰੇ ਦਿਲ ਦੀ ਖ਼ਾਮੋਸ਼ੀ ਨੂੰ ਮਿਲਾ ਕੇ
ਆਪਣਾ ਸੰਗੀਤ ਕਿਓਂ ਬਣਾਇਆ
ਤੂੰ ਅੱਗ 'ਤੇ
ਆਪਣਾ ਨਾਮ ਲਿਖਣ ਦੀ ਕੋਸ਼ਿਸ਼ ਕਿਓਂ ਕੀਤੀ?
ਜਦ ਕਿ ਤੇਰੀਆਂ ਉਂਗਲਾਂ ਹੀਰੇ ਦੀਆਂ ਨਹੀਂ
ਜਦੋਂ ਅੱਗ ਲੱਗ ਜਾਂਦੀ ਹੈ
ਤਾਂ ਪਤਾ ਲੱਗਦਾ ਹੈ
ਬਾਰਿਸ਼ ਕਿੰਨੀ ਓਪਰੀ ਹੈ
ਸਮੁੰਦਰ ਕਿੰਨੀ ਦੂਰ
ਅਤੇ ਇਹ ਸੁਪਨਾ ਵੇਖਣਾ ਮੁਸ਼ਕਿਲ ਹੋ ਜਾਂਦਾ ਹੈ
ਕਿ ਬਹੁਤ ਦੂਰ
ਸਾਡੇ ਘਰ ਦੇ ਨੇੜੇ
ਬਰਫ-ਬਾਰੀ ਹੋ ਰਹੀ ਹੋਵੇਗੀ
ਮੈਨੂੰ ਉਹ ਖ਼ਵਾਬ ਪਸੰਦ ਨਹੀਂ
ਜੋ ਕਰਵਟ ਬਦਲਣ ਨਾਲ ਟੁੱਟ ਜਾਂਦੇ ਨੇ
ਮੈਨੂੰ ਉਹ ਬਰਫ ਪਸੰਦ ਨਹੀਂ
ਜਿਸ ਨੂੰ ਅਸੀਂ
ਨੰਗੇ ਪੈਰ ਨੱਚਦੇ ਨੱਚਦੇ
ਲਾਲ ਨਾ ਕਰ ਸਕੀਏ

●





## ਜਲੋ / ਜਰਨੈਲ ਸਿੰਘ ਸੇਖਾ

"ਕੁੜੇ ਜਲ ਕੁਰੇ ਘਰੇ ਈ ਐਂ"

"ਹਾਂਹੋ! ਲੰਘ ਆ ਬੇਬੇ ਜੀ, ਪੈਰੀਂ ਪੈਨੀ ਆਂ। ਬਹਿ ਜਾ ਮੰਜੇ 'ਤੇ'।"

"ਬੁੱਢ ਸੁਹਾਗਣ ਹੋਵੇਂ, ਤੇਰਾ ਬੱਚਾ ਜੀਵੇ, ਤੇਰੇ ਵੀਰ ਜਿਉਣ, ਬੈਠਣ ਦਾ ਟੈਮ ਹੈਨੀ। ਸ਼ਰਨੋ ਦੀ ਸੱਸ ਦੀ ਸੁਣਾਉਣੀ ਆਈ ਐ, ਕੱਲ ਨੂੰ ਆਪਾਂ ਸਸਕਾਰ 'ਤੇ ਜਾਣੈ, ਤੂੰ ਸਦੇਹਾਂ ਤਿਆਰ ਹੋ ਜਾਈਂ।"

"ਨਾਂਹ, ਬੇਬੇ ਜੀ, ਮੈਥੋਂ ਤਾਂ ਨਈਂ ਜਾ ਹੋਣਾ। ਸਾਡਾ ਵੀਜ਼ਾ ਆ ਗਿਆ ਐ ਤੇ ਅਸੀਂ ਤਾਂ ਕਨੇਡਾ ਜਾਣ ਦੀ ਤਿਆਰੀ 'ਚ ਲੱਗੇ ਹੋਏ ਆਂ।

ਉਹ ਆਪ ਤਾਂ ਲੁਧਿਆਣਿਓ ਕੱਪੜਾ ਲੱਤਾ ਖਰੀਦਣ ਗਏ ਹੋਏ ਐ। ਆਖਰੀ ਬੱਸ ਭਾਵੇਂ ਮੁੜਨ"।

"ਜਾਣਾ ਕਦੋਂ ਐ ਕਨੇਡਾ ?"

"ਅਜੇ ਤਾਂ ਟਿਕਟਾਂ ਨਹੀਂ ਆਈਆਂ, ਪੰਦਰਾ ਕੁ ਦਿਨ ਤਾਂ ਲੱਗ ਈ ਜਾਣਗੇ।"

"ਕੁੜੇ ਫੇਰ ਨਾਂਹ ਨਾ ਆਖ। ਫੇਰ ਤਾਂ ਮੈਂ ਤੈਨੂੰ ਭੋਗ 'ਤੇ ਵੀ ਲੈ ਕੇ ਜਾਊਂ। ਤੇਰੇ ਬਿਨਾਂ ਨਈਂ ਕੁੜਮੱਤ ਦੀ ਸ਼ਾਨ ਬਣਨੀ। ਨਾਲੇ ਕਨੇਡਾ 'ਚ ਫੇਰ ਕਿਹੜਾ ਮੁਕਾਣੀਂ ਸ਼ੁਕਾਣੀ ਜਾਣ ਦਾ ਮੌਕਾ ਮਿਲਨੈ।"

"ਬੇਬੇ ਜੀ, ਮਰਨ ਜੰਮਣ ਦਾ ਗੇੜ ਤਾਂ ਸਾਰੀ ਦੁਨੀਆ 'ਤੇ ਈ ਚਲਦੈ। ਦੁੱਖ ਸੁੱਖ ਵੰਡਾਉਣ ਵਾਲੇ ਵੀ ਹਰ ਥਾਂ ਈ ਹੁੰਦੇ ਐ।"

"ਬੱਸ ਤੂੰ ਤਿਆਰ ਰਹੀਂ। ਸਵੇਰੇ ਸਾਡੇ ਨਾਲ ਜਰੂਰ ਚਲਣੈ। ਜਦੋਂ ਭਾਈ ਨੇ ਸਪੀਕਰ ਲਾਇਆ ਉਦੋਂ ਵਾਜ ਮਾਰੂੰ ਤੈਨੂੰ। ਮੈਂ ਤਾਂ ਸ਼ਰੀਕੇ 'ਚ ਹੋਰ ਘਰੀਂ ਵੀ ਜਾਣੈ। ਪਹਿਲਾਂ ਮੈਂ ਸਿੱਧੀ ਤੇਰੇ ਕੋਲ ਹੀ ਆਈ ਸੀ।" ਰੱਖੀ ਬੁੜ੍ਹੀ ਜਲੋ ਨੂੰ ਤਾਕੀਦ ਕਰਦੀ ਹੋਈ ਬੂਹਿਓਂ ਬਾਹਰ ਹੋ ਗਈ।

ਰੱਖੀ ਬੁੜ੍ਹੀ ਦੇ ਜਾਣ ਮਗਰੋਂ ਜਲੋ ਆਪਣੇ ਅਤੀਤ ਵਿੱਚ ਗੁੰਮ ਹੋ ਗਈ। ਸਾਢੇ ਪੰਜ ਫੁੱਟ ਕੱਦ, ਅੰਡਾਕਾਰ ਚਿਹਰੇ, ਗੋਰੇ ਰੰਗ ਅਤੇ ਛੀਟਕੇ ਸਰੀਰ ਵਾਲੀ ਜਲੋ ਸਹੇਲੀਆਂ ਵਿੱਚ ਘਿਰੀ ਬੈਠੀ ਆਪਣੇ ਹੋਣ ਵਾਲੇ ਪਤੀ ਦੇ ਨੈਣ ਨਕਸ਼ ਚਿਤਵ ਰਹੀ ਹੈ। ਸਹੇਲੀਆਂ ਸੁਹਾਗ ਗਾ ਰਹੀਆਂ ਹਨ। ਮੇਲੀਆਂ ਨਾਲ ਵਿਹੜਾ ਭਰਿਆ ਹੋਇਆ ਹੈ। ਪਿਓ, ਭਰਾ ਤੇ ਹੋਰ ਨਿਜਦੇ ਰਿਸ਼ਤੇਦਾਰ ਦਾ ਸ਼ਗਨ ਪਾਉਣ ਲਈ ਉਸ ਦੇ ਸਹੁਰੀਂ ਗਏ ਹੋਏ ਹਨ। ਘਰ ਮਠਿਆਈਆਂ ਤੇ ਹੋਰ ਪਕਵਾਨਾਂ ਲਈ ਭੱਠੀਆਂ ਚੜ੍ਹੀਆਂ ਹੋਈਆਂ ਹਨ। ਮਾਂ ਲੱਡੂਆਂ ਦੀ ਪਰਾਤ ਲੈ ਪੜਛੱਤੀ ਉਪਰ ਚੜ੍ਹੀ। ਪੌੜੀ ਜ਼ਰਾ ਕੁ ਸਰਕੀ ਤੇ ਉਹ ਪਰਾਤ ਸਮੇਤ ਸਰਦਲ ਉਪਰ ਆ ਡਿੱਗੀ। ਗਰਦਨ ਇੱਕ ਪਾਸੇ ਨੂੰ ਲੁੜਕ ਗਈ। ਘਰ ਵਿੱਚ ਕੁਰਲਾਹਟ ਪੈ ਗਿਆ। ਉਸੇ ਸਮੇਂ ਸ਼ਗਨ ਪਾਉਣ ਗਿਆਂ ਵਾਲੀ ਕਾਰ ਬੂਹੇ ਅੱਗੇ ਆ ਰੁਕੀ। ਉਸੇ ਕਾਰ ਵਿੱਚ ਪਾ ਕੇ ਉਸ ਨੂੰ ਲੁਧਿਆਣੇ ਹਸਪਤਾਲ ਵਿੱਚ ਲੈ ਗਏ। ਘਰ ਵਿੱਚ ਵਿਚਾਰ ਕੀਤੀ ਗਈ ਕਿ ਸੱਟ ਬਹੁਤ ਗੰਭੀਰ ਹੈ ਏਸ ਕਰਕੇ ਵਿਆਹ ਅਗਾਂਹ ਪਾ ਦੇਣਾ ਚਾਹੀਦਾ ਹੈ। ਪਰੰਤੂ ਕਈ ਸਿਆਣਿਆਂ ਨੇ ਸਲਾਹ ਦਿੱਤੀ ਕਿ ਵਿਆਹ ਅਗਾਂਹ ਨਹੀਂ ਪਾਉਣਾ ਚਾਹੀਦਾ। ਕੁੜੀ ਦੇ ਸਹੁਰੀਂ ਸੁਨੇਹਾ ਘੱਲਿਆ ਜਾਵੇ ਕਿ ਉਹ ਬਰਾਤ ਨਾ ਲੈ ਕੇ ਆਉਣ। ਬੱਸ ਪੰਜ ਬੰਦੇ ਆ ਕੇ ਭੰਵਾਲੀਆਂ ਲੈ ਜਾਣ। ਇਹ ਸਲਾਹ ਮੰਨ ਕੁੜੀ ਦੇ ਸਹੁਰੀਂ ਸੁਨੇਹਾ ਭੇਜ ਦਿੱਤਾ ਗਿਆ। ਉਨ੍ਹਾਂ ਵੀ ਰਿਸ਼ਤੇਦਾਰਾਂ ਦੇ ਦੁੱਖ ਨੂੰ ਆਪਣਾ ਦੁੱਖ ਜਾਣਿਆ। ਅਗਲੇ ਦਿਨ ਉਹ ਪੰਜ ਬੰਦੇ ਆਏ, ਲਾਵਾਂ ਲਈਆਂ ਤੇ ਚਾਹ ਪਾਣੀ ਪੀ ਕੁੜੀ ਦਾ ਡੋਲਾ ਲੈ ਕੇ ਤੁਰ ਗਏ। ਇਧਰੋਂ ਕੁੜੀ ਦਾ ਡੋਲਾ ਨਿਕਲਿਆ ਉਧਰੋਂ ਮਾਂ ਦੀ ਲਾਸ਼ ਘਰ ਆ ਗਈ।

ਅਗਲੇ ਦਿਨ ਜਲੋ ਪੇਕੀਂ ਮੁੜ ਆਈ। ਉਹ ਮਾਂ ਦੇ ਵਿਛੋੜੇ ਵਿੱਚ ਰੋਈ ਕੁਰਲਾਈ ਪਰ ਉਸ ਨੂੰ ਕਿਸੇ ਨੇ ਖੁੱਲ੍ਹ ਕੇ ਰੋਣ ਵੀ ਨਾ ਦਿੱਤਾ ਅਤੇ ਉਸ ਨੂੰ ਉਸੇ ਦਿਨ ਹੀ ਸਹੁਰੀਂ ਤੋਰ ਦਿੱਤਾ। ਇਹ ਉਸ ਦਾ ਮੁਕਲਾਵਾ ਸੀ। ਅਜੀਬ ਸਥਿਤੀ ਬਣੀ ਉਸ ਵੇਲੇ ਜਲੋ ਦੀ। ਨਾ ਤਾਂ ਉਹ ਆਪਣੇ ਵਿਆਹ ਦੇ ਚਾਅ ਨੂੰ ਹੀ ਮਾਣ ਸਕੀ ਤੇ ਨਾ ਹੀ ਆਪਣੀ ਮਾਂ ਦੇ ਮਰਨ ਦਾ ਸੋਗ ਮਨਾ ਸਕੀ। ਨਾ ਉਹ ਖੁੱਲ ਕੇ ਹੱਸ ਸਕੀ ਤੇ ਨਾ ਹੀ ਖੁੱਲ ਕੇ ਰੋ ਸਕੀ, ਬੱਸ ਅੰਦਰ ਹੀ ਅੰਦਰ ਨਪੀੜੀ ਦੀ ਗਈ।

ਸਮਾਂ ਪਾ ਕੇ ਉਸਦੇ ਘਰ ਇੱਕ ਬੱਚੇ ਨੇ ਵੀ ਜਨਮ ਲੈ ਲਿਆ ਪਰ ਉਸਦੇ ਧੁਰ ਅੰਦਰੋਂ ਇੱਕ ਪੀੜ ਉਠਦੀ, ਇੱਕ ਕਸਕ ਪੈਂਦੀ ਜਿਹੜੀ ਉਸਦੇ ਕਾਲਜੇ ਨੂੰ ਚੀਰ ਜਾਂਦੀ। ਉਹ ਇਸ ਕਸਕ ਨੂੰ ਭੁਲਾਉਣ ਲਈ ਘਰ ਦੇ ਕੰਮਾਂ ਵਿੱਚ ਰੁਝੀ ਰਹਿੰਦੀ ਫੇਰ ਵੀ ਇਹ ਕਸਕ ਉਸ ਦਾ ਖਹਿੜਾ ਨਾ ਛੱਡਦੀ।

ਇੱਕ ਦਿਨ ਜਲੋ ਦੀ ਜਠਾਣੀ ਦੀ ਮਾਂ ਦੀ ਸਣਾਉਣੀ ਆ ਗਈ। ਆਪਣੀ ਜਠਾਣੀ ਨਾਲ ਉਹ ਵੀ ਸਸਕਾਰ ਉਪਰ ਗਈ। ਮਾਂ ਦੀ ਲੋਥ ਵਰਾਂਡੇ ਵਿੱਚ ਪਈ ਸੀ ਤੇ ਬਹੁਤ ਸਾਰੀਆਂ ਤੀਵੀਂਆਂ ਉਸ ਦੁਆਲੇ ਬੈਠੀਆਂ ਰੋ ਰਹੀਆਂ ਸਨ। ਕਰਮੋਂ ਨੇ ਤਾਂ ਆਪਣੀ ਮਾਂ ਦੀ ਲੋਥ ਨਾਲ ਲਿਪਟ ਰੋਣਾ ਹੀ ਸੀ। ਜਲੋ ਨੂੰ ਜਾਪਿਆ ਜਿਵੇਂ ਉਸ ਦੀ ਮਾਂ ਦੀ ਲਾਸ਼ ਵਰਾਂਡੇ ਵਿੱਚ ਪਈ ਹੋਵੇ। ਉਸ ਨੇ ਲੋਥ ਨਾਲ ਚੁੰਬੜ ਅਜੇਹਾ ਵਿਰਲਾਪ ਕੀਤਾ ਤੇ ਕੀਰਨੇ ਪਾਏ ਕਿ ਆਲੇ ਦੁਆਲੇ ਦੀਆਂ ਕੰਧਾਂ ਵੀ ਰੁਆ ਦਿੱਤੀਆਂ। ਸਸਕਾਰ ਉਪਰ ਨਾਲ ਆਈਆਂ ਤੀਵੀਂਆਂ ਦੀ ਘੋਖਵੀਂ ਅੱਖ ਨੇ ਭਾਂਪ ਲਿਆ ਕਿ 'ਸੰਤੋਖ ਦੀ ਬਹੂ ਅਣਤਰਾਸ਼ਿਆ ਹੀਰਾ ਹੈ' ਉਹ ਦਿਨ ਜਾ ਤੇ ਆਹ ਦਿਨ ਆ ਪਿੰਡ ਦੇ ਹਰ ਹਰਖ ਸੋਗ ਵਿੱਚ ਜਲੋ ਸਭ ਤੋਂ ਅੱਗੇ ਹੁੰਦੀ। ਪਹਿਲਾਂ ਪਹਿਲਾਂ ਤਾਂ ਉਹ ਕੰਨੀ ਕਤਰਾਉਂਦੀ। ਸੱਸ ਨਾ ਹੋਣ ਕਰਕੇ ਅਗਵਾੜ ਦੀਆਂ ਤੀਵੀਂਆਂ ਕਰਮੋ ਦੀ ਥਾਂ ਜਲੋ ਨੂੰ ਮੁਕਾਣੇ ਲੈ ਜਾਂਦੀਆਂ । ਹੌਲੀ-ਹੌਲੀ ਅਗਵਾੜੋਂ ਬਾਹਰ ਦੀਆਂ ਤੀਵੀਆਂ ਵੀ ਜਲੋ ਨੂੰ ਮਕਾਣੀ ਲੈ ਜਾਣ ਲੱਗੀਆਂ। ਸਮਾਂ ਪਾ ਕੇ ਤਾਂ ਉਹ ਸਿਆਪੇ ਦੀ ਨੈਣ ਹੀ ਬਣ ਗਈ।

ਗੱਲ ਇਹ ਵੀ ਨਹੀਂ ਕਿ ਜਲੋ ਮੁਕਾਣਾਂ ਕਾਣਾਂ ਜੋਗੀ ਹੀ ਰਹਿ ਗਈ ਹੋਵੇ। ਉਹ ਘਰ ਦਾ ਕੰਮ ਵੀ ਦਿਲ ਲਾ ਕੇ ਰੀਝ ਨਾਲ ਕਰਦੀ। ਘਰਾਂ ਵਿੱਚ ਵਿਆਹ ਸ਼ਾਦੀ ਹੁੰਦੀ ਤਾਂ ਉਹ ਉਥੇ ਵੀ ਆਪਣਾ ਕੰਮ ਸਮਝ ਕੇ ਸਾਰੇ ਪਾਸੇ ਊਰੀ ਵਾਂਗ ਘੁੰਮਦੀ ਫਿਰਦੀ। ਉਸ ਨੂੰ ਕਿਸੇ ਦੇ ਕੰਮ ਆ ਕੇ ਚਾਅ ਜਿਹਾ ਚੜ੍ਹ ਜਾਂਦਾ। ਕਬੀਲੇ ਵਿੱਚ ਹੋਣ ਵਾਲੇ ਵਿਆਹ ਤਿਥਿ 'ਤੇ ਕੰਮ ਧੰਦਾ ਕਰਾਉਣ ਲਈ ਘਰ ਵਿੱਚੋਂ ਕਿਸੇ ਇੱਕ ਨੇ ਤਾਂ ਜਾਣਾ ਹੀ ਹੁੰਦਾ ਹੈ। ਸਾਂਝਾ ਘਰ ਹੋਣ 'ਤੇ ਵੀ ਕੰਮ ਕਰਾਉਣ ਜਲੋ ਹੀ ਜਾਂਦੀ। ਸਹੁਰੇ ਨੂੰ ਇਹ ਗੱਲ ਚੰਗੀ ਨਾ ਲੱਗਦੀ। ਇੱਕ ਦਿਨ ਉਸਨੇ ਆਪਣੇ ਲੜਕੇ ਨੂੰ ਕਹਿ ਹੀ ਦਿੱਤਾ, "ਵੇਖ ਸੰਤੋਖ, ਊਂ ਤਾਂ ਮੈਂ ਕਹਿੰਦਾ ਚੰਗਾ ਨਹੀਂ ਲੱਗਦਾ। ਤੇਰੀ ਬਹੂ ਸਾਰੇ ਪਾਸੇ ਮੂਹਰੇ ਮੂਹਰੇ ਭੱਜੀ ਫਿਰਦੀ ਐ। ਤੈਨੂੰ ਵਰਜਨਾ ਚਾਹੀਦੈ ਓਸ ਨੂੰ, ਮਾੜੀ ਜਿਹੀ ਕਿਸੇ ਦੇ ਹੀਮ ਕੀਮ ਹੋਵੇ ਘੱਗਰੀ ਚੁੱਕ ਕੇ ਤੁਰ ਪੈਂਦੀਐ"।

"ਬਾਪੂ ਜੀ, ਉਹ ਕਿਸੇ ਦੇ ਦੁੱਖ ਸੁੱਖ ਵਿੱਚ ਹੀ ਸ਼ਰੀਕ ਹੁੰਦੀ ਐ ਕੋਈ ਕਲੰਕ ਤਾਂ ਨਹੀਂ ਖੱਟਦੀ"। ਸੰਤੋਖ ਸਿੰਘ ਨੇ ਵੀ ਜਲੋ ਦੇ ਹੱਕ ਦੀ ਹੀ ਗੱਲ ਕੀਤੀ।

"ਮੁੰਡਿਆ, ਸਾਂਝੇ ਘਰਾਂ 'ਚ ਮਨ ਮਰਜੀਆਂ ਨਹੀਂ ਚੱਲਦੀਆਂ। ਜੇ ਤੁਸੀਂ ਆਪਣੀ ਮਰਜੀ ਹੀ ਕਰਨੀ ਐ ਤਾਂ ਅੱਡ ਹੋ ਕੇ ਜਿਵੇਂ ਥੋਡਾ ਚਿੱਤ ਕਰੇ ਕਰੀ ਜਾਇਓ।"

ਗੱਲਾਂ 'ਚੋਂ ਵਧਦੀ ਗੱਲ ਤੂੰ ਤੂੰ ਮੈਂ ਮੈਂ ਤੱਕ ਪਹੁੰਚ ਗਈ ਤੇ ਸਿੱਟਾ ਅੱਡ ਹੋਣ ਵਿੱਚ ਨਿਕਲਿਆ।

ਹੁਣ ਕਬੀਲਦਾਰੀ ਦੀ ਜ਼ਿੰਮੇਵਾਰੀ ਦੋਹਾਂ ਦੇ ਮੋਢਿਆਂ ਉਪਰ ਆ ਗਈ। ਜਲੋ ਨੇ ਆਪਣੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਗੋਰੇ ਬਲਦ ਦੀ ਨਿਆਈਂ ਮਿਹਨਤ ਕੀਤੀ ਪਰ ਉਹ ਗੁਆਂਢੀਆਂ ਤੇ ਅਗਵਾੜ ਵਾਲਿਆਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣ ਦੀ ਆਦਤ ਨੂੰ ਵੀ ਨਾ ਤਿਆਗ ਸਕੀ। ਇਹ ਗੱਲ ਹੁਣ ਸੰਤੋਖ ਸਿੰਘ ਨੂੰ ਵੀ ਚੁਭਣ ਲੱਗੀ। ਇੱਕ ਦਿਨ ਉਸ ਨੇ ਕਹਿ ਹੀ ਦਿੱਤਾ,"ਪਹਿਲਾਂ ਗੱਲ ਹੋਰ ਸੀ। ਹੁਣ



ਆਪਾਂ ਇਕੱਲੇ ਹਾਂ, ਤੇਰਾ ਘਰ ਦੇ ਕੰਮ ਛੱਡ ਕੇ ਕਾਣੀ ਮੁਕਾਣੀ ਤੁਰੇ ਰਹਿਣਾ ਠੀਕ ਨਹੀਂ। ਅਣਸਰਦੇ ਨੂੰ ਕਿਤੇ ਜਾਣਾ ਚਾਹੀਦੈ"।

"ਸਰਦੇ ਨੂੰ ਕੋਈ ਕਿਤੇ ਕਦੋਂ ਜਾਂਦੈ। ਮਰਗ ਮੁਕਾਣੀ ਜਾਣ ਦਾ ਕੋਈ ਚਾਅ ਤਾਂ ਨਹੀਂ ਹੁੰਦਾ। ਸ਼ਰੀਕੇ ਨਾਲੋਂ ਟੁੱਟਿਆ ਨਹੀਂ ਜਾਂਦਾ ਹੁੰਦਾ। ਕੰਮ ਤਾਂ ਰਾਤਾਂ ਜਾਗ ਕੇ ਵੀ ਕੀਤਾ ਜਾ ਸਕਦੈ। ਆਪਾਂ ਨੂੰ ਸਾਝੇ ਕੰਮਾਂ ਤੋਂ ਪਾਸਾ ਨਹੀਂ ਵੱਟਣਾ ਚਾਹੀਦਾ" ਜਲੋ ਨੇ ਢਿਲੇ ਜਿਹੇ ਬੁੱਲ੍ਹ ਕਰਕੇ ਕਿਹਾ।

"ਫੇਰ ਵੀ ਮੁੰਡਾ ਪੜ੍ਹਦੈ, ਉਸ ਦੀ ਪੜ੍ਹਾਈ ਦਾ ਨੁਕਸਾਨ ਹੁੰਦੈ। ਨਰਮੇ ਦੀ ਚੁਗਾਈ ਪਹਿਲਾਂ ਹੀ ਪਛੜੀ ਹੋਈ ਐ ਤੇ ਤੂੰ ਕੱਲ ਦਾਰਾਪੁਰੀਆਂ ਦੇ ਨਾਲ ਭੋਗ 'ਤੇ ਚਲੀ ਗਈ। ਚੋਣੀਆਂ ਊਂ ਨਹੀਂ ਮਿਲਦੀਆਂ। ਕੱਤੇ 'ਚ ਤਾਂ ਕਹਿੰਦੇ ਐ ਜੱਟ ਨੇ ਮਾਂ ਭੜੋਲੇ ਪਾ ਲਈ ਸੀ ਤੇ ਤੂੰ ਮੁਕਾਣੀ ਤੁਰੀ ਰਹਿਨੀ ਐ"। ਸੰਤੋਖ ਸਿੰਘ ਨੇ ਕੁੱਝ ਹਿਰਖ ਨਾਲ ਆਖਿਆ।

"ਚੋਣੀਆਂ ਦੀ ਕੀ ਗੱਲ ਆਖੀ। ਚੋਣੀਆਂ ਤਾਂ ਮੈਂ ਸਾਰੇ ਪਿੰਡ ਦੀਆਂ ਕੱਠੀਆਂ ਕਰ ਲਿਆਊਂ। ਤੁਸੀਂ ਕੱਲ ਨੂੰ ਰੋੜੀ ਵਾਲੇ ਖੇਤ ਆਖਣੇ ਟਰਾਲੀ ਲੈ ਕੇ ਆ ਜਾਣਾ। ਚਾਰੇ ਕਿੱਲੇ ਚੁਗੇ ਲਿਓ ਤੇ ਮੁੰਡੇ ਦੀ ਪੜ੍ਹਾਈ ਦਾ ਕੋਈ ਹਰਜ ਨਹੀਂ ਹੁੰਦਾ। ਮੁੰਡੇ ਨੂੰ ਤਾਂ ਵੱਧ ਤੋਂ ਵੱਧ ਪੜ੍ਹਾਉਣੈ ਆਪਾਂ।" ਜਲੋ ਨੇ ਹਿੱਕ ਥਾਪੜ ਕੇ ਬੜੇ ਭਰੋਸੇ ਨਾਲ ਆਖਿਆ।

ਫੇਰ ਨਹੀਂ ਸੰਤੋਖ ਸਿੰਘ ਬੋਲਿਆ। ਜਲੋ ਆਪਣੀ ਡਗਰ 'ਤੇ ਤੁਰਦੀ ਰਹੀ। ਉਹ ਨਰਮਾ ਚੁਗਦੀ, ਖੇਤ ਕਾਮਿਆਂ ਦੀਆਂ ਰੋਟੀਆਂ ਲਈ ਜਾਂਦਿਆਂ ਵੈਣ ਜੋੜਦੀ ਜਾਂਦੀ। ਵਿਆਹਾਂ ਲਈ ਸਿਠਣੀਆਂ, ਸੁਹਾਗ ਦੇ ਗੀਤ ਤੇ ਗਿੱਧੇ ਦੀਆਂ ਬੋਲੀਆਂ ਉਹ ਨਵੀਆਂ ਤੋਂ ਨਵੀਆਂ ਸੁਣਾਉਂਦੀ। ਏਸੇ ਕਰਕੇ ਹਰ ਕੋਈ ਉਸ ਨੂੰ ਵਿਆਹ, ਮਰਗ ਸਮੇਂ ਆਪਣੇ ਨਾਲ ਲੈ ਜਾਣ ਲਈ ਲੋਚਦਾ।

ਜਲੋ ਦੇ ਘਰ ਹੋਰ ਬੱਚਾ ਤਾਂ ਨਾ ਹੋਇਆ ਪਰ ਉਸ ਨੇ ਆਪਣੇ ਇਕਲੋਤੇ ਪੁੱਤਰ ਰਾਜਬੀਰ ਨੂੰ ਚੰਗਾ ਪੜ੍ਹਾਇਆ। ਉਹ ਐਮ. ਏ ਪਾਸ ਕਰਕੇ ਇੱਕ ਬੈਂਕ ਵਿੱਚ ਡਵੈਲਪਮੈਂਟ ਆਫੀਸਰ ਲੱਗ ਗਿਆ। ਰਾਜਬੀਰ ਸੁਹਣਾ ਸੁਨੱਖਾ ਗਭਰੂ ਹੋਣ ਕਰਕੇ ਕੈਨੇਡਾ ਤੋਂ ਆਏ ਪਰਵਾਰ ਨੂੰ ਪਸੰਦ ਆ ਗਿਆ ਅਤੇ ਉਹ ਵਿਆਹ ਕਰਵਾ ਕੇ ਕੈਨੇਡਾ ਚਲਾ ਗਿਆ। ਛੇਤੀ ਹੀ ਉਸ ਨੂੰ ਉਥੇ ਇੱਕ ਚੰਗੀ ਨੌਕਰੀ ਮਿਲ ਗਈ। ਉਸ ਨੇ ਆਪਣੇ ਮਾਂ ਬਾਪ ਨੂੰ ਸਪਾਂਸਰ ਕਰ ਦਿੱਤਾ। ਕਾਗਜ਼ ਭਰਨ ਦੇ ਸਾਲ ਕੁ ਮਗਰੋਂ ਵੀਜ਼ਾ ਮਿਲ ਗਿਆ ਅਤੇ ਉਹ ਕੈਨੇਡਾ ਜਾਣ ਦੀਆਂ ਤਿਆਰੀਆਂ ਕਰਨ ਲੱਗੇ। ਅੱਜ ਜਦੋਂ ਸੰਤੋਖ ਲੁਧਿਆਣੇ ਤੋਂ ਕੱਪੜਾ ਲੱਤਾ ਲੈਣ ਗਿਆ ਹੋਇਆ ਸੀ ਤਾਂ ਰੱਖੀ ਬੁੜ੍ਹੀ ਨੇ ਜਲੋ ਨੂੰ ਸਸਕਾਰ 'ਤੇ ਜਾਣ ਦਾ ਸੁਨੇਹਾ ਆ ਦਿੱਤਾ। ਜਲੋ ਨੇ ਸ਼ਰਨੋ ਦੇ ਸਹੁਰੀਂ ਕੁੜਮੱਤ ਦੀ ਬੱਲੇ ਬੱਲੇ ਕਰਾਉਣ ਦੇ ਦਸ ਦਿਨਾਂ ਮਗਰੋਂ ਕੈਨੇਡਾ ਆ ਡੇਰੇ ਲਾਏ।

ਉਨ੍ਹਾਂ ਦੇ ਕੈਨੇਡਾ ਪੁੱਜਣ 'ਤੇ ਰਾਜਬੀਰ ਦੇ ਮਿਲਾਪੀਆਂ ਤੇ ਰਿਸ਼ਤੇਦਾਰਾਂ ਨੇ ਰੋਟੀਆਂ ਕੀਤੀਆਂ। ਜਿਸ ਘਰ ਉਹ ਜਾਂਦੇ ਅੱਗੋਂ ਸਭ ਬੜੇ ਮੋਹ ਪਿਆਰ ਨਾਲ 'ਜੀ ਆਇਆਂ ਆਖਦੇ' ਅਤੇ ਬੜੀ ਮਿੱਠੀਆਂ ਗੱਲਾਂ ਰਾਹੀਂ ਉਹਨਾਂ ਨੂੰ ਨਵੇਂ ਦੇਸ਼ ਦੀਆਂ ਖੂਬੀਆਂ ਬਾਰੇ ਜਾਣੂ ਕਰਵਾਉਂਦੇ। ਦਸ ਪੰਦਰਾਂ ਦਿਨ ਬਹੁਤ ਸੁਹਣੇ ਲੰਘੇ ਫੇਰ ਬੈਰੀਆਂ ਦਾ ਸੀਜ਼ਨ ਆ ਗਿਆ ਤੇ ਉਹ ਬੈਰੀਆਂ ਤੋੜਨ ਜਾਣ ਲੱਗੇ। ਉਥੇ ਜਲੋ ਨੂੰ ਗੱਲਾਂ ਕਰਨ ਵਾਲੀਆਂ ਤਾਂ ਬਹੁਤ ਮਿਲੀਆਂ ਪਰ ਉਨ੍ਹਾਂ ਦੀਆਂ ਗੱਲਾਂ ਵਿਚੋਂ ਅਪਣਤ ਤੇ ਮੋਹ ਦੀ ਝਲਕ ਨਾ ਮਿਲੀ। ਉਸ ਨੂੰ ਕੰਮ ਚਾਹੀਦਾ ਸੀ ਉਹ ਉਸ ਨੂੰ ਮਿਲ ਗਿਆ। ਸੋ ਉਹ ਕੰਮ ਵਿੱਚ ਰੁੱਝੀ ਰਹਿੰਦੀ। ਹਨੇਰੇ ਉਠ ਉਹ ਖਾਣਾ ਤਿਆਰ ਕਰਦੀ। ਰਾਤੀਂ ਵਾਪਸ ਆ ਨਹਾ ਧੋ ਖਾਣਾ ਖਾ ਕੇ ਸੌਂ ਜਾਂਦੀ। ਦਿਨ ਸੁਹਣੇ ਲੰਘਣ ਲੱਗੇ। ਇੱਕ ਦਿਨ ਉਨ੍ਹਾਂ ਦੇ ਨਾਲ ਵਾਲੀ ਰੋਅ ਵਾਲੀਆਂ ਤੀਵੀਂਆਂ ਬੈਰੀ ਤੋੜਨ ਨਾ ਆਈਆਂ। ਉਹਨਾਂ ਨਾਲ ਜਲੋ ਦੀ ਚੰਗੀ ਜਾਣ ਪਹਿਚਾਣ ਹੋ ਗਈ ਸੀ। ਅਗਲੇ ਦਿਨ ਜਦੋਂ ਜਲੋ ਨੇ ਉਨ੍ਹਾਂ ਨੂੰ ਨਾ ਆਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਵਿੱਚੋ ਇਕ ਨੇ ਦੱਸਿਆ,"ਪਿਛਲੇ

ਹਫਤੇ ਮੇਰੀ ਦਰਾਣੀ ਦੀ ਭੈਣ ਦੀ ਮੌਤ ਹੋ ਗਈ ਸੀ। ਅਸੀਂ ਅਫਸੋਸ ਤਾਂ ਉਸ ਦਿਨ ਕਰ ਆਈਆਂ, ਕੱਲ ਉਸ ਦਾ ਸਸਕਾਰ ਤੇ ਭੋਗ ਸੀ, ਏਸ ਕਰਕੇ ਰਹਿਣਾ ਪੈ ਗਿਆ। ਭੈਣੇ, ਨੇੜੇ ਦੀ ਸਾਕ ਹੋਣ ਕਰਕੇ ਜਾਣਾ ਪਿਆ। ਐਵੇਂ ਇੱਕ ਦਿਹਾੜੀ ਮਾਰੀ ਗਈ।"

ਉਸ ਦੀ ਗੱਲ ਸੁਣ ਕੇ ਜਲੋ ਬਹੁਤ ਹੈਰਾਨ ਹੋਈ ਤੇ ਕਹਿਣ ਲੱਗੀ,"ਨਾ ਨੀ ਭੈਣੇ, ਏਨ ਨਿਰਮੋਹੀ ਨਹੀਂ ਹੋਈਦਾ। ਦਰਾਣੀ ਦੀ ਭੈਣ ਤੇ ਆਪਦੀ ਭੈਣ ਵਿੱਚ ਕੀ ਫਰਕ ਐ। ਸਗੋਂ ਤੂੰ ਮੇਰੇ ਨਾਲ ਗੱਲ ਕਰਦੀ ਤਾਂ ਮੈਂ ਵੀ ਥੋੜੇ ਨਾਲ ਚੱਲਦੀ।"

"ਭੈਣ ਜੀ ਤੁਸੀਂ ਨਵੇਂ ਆਏ ਓ। ਹੌਲੀ ਹੌਲੀ ਪਤਾ ਲੱਗਦਾ ਏ ਕਿ ਏਥੇ ਇੱਕ ਦੂਜੇ ਦੇ ਦੁੱਖ ਕਿਵੇਂ ਵੰਡਾਈਦੇ ਨੇ। ਏਥੇ ਇੰਡੀਆ ਵਾਲੀ ਗੱਲ ਨਹੀਂ, ਹਰ ਕੋਈ ਆਪਣੀ ਆਪ ਨਬੇੜਦਾ ਏ।" ਉਸ ਤੀਵੀਂ ਨੇ ਜਲੋ ਨੂੰ ਇਥੋਂ ਦੇ ਰਹਿਣ ਸਹਿਣ ਬਾਰੇ ਹੋਰ ਵੀ ਬੜਾ ਕੁਝ ਦੱਸਿਆ।

ਫੇਰ ਬੈਰੀਆਂ ਦੀ ਤੁੜਵਾਈ ਖਤਮ ਹੋ ਗਈ ਤੇ ਉਹ ਵਿਹਲੇ ਹੋ ਕੇ ਘਰ ਬੈਠ ਗਏ। ਸੰਤੋਖ ਸਿੰਘ ਤਾਂ ਕਦੀ ਕਦੀ ਬਾਹਰ ਪਾਰਕਾਂ ਵਿੱਚ ਘੁੰਮ ਫਿਰ ਆਉਂਦਾ ਜਾਂ ਆਪਣੇ ਕਿਸੇ ਨਵੇਂ ਬਣੇ ਸਾਥੀ ਨਾਲ ਸਟੋਰਾਂ ਵਿੱਚ ਚੱਕਰ ਮਾਰ ਆਉਂਦਾ ਪਰ ਜਲੋ ਤਾਂ ਜਿਵੇਂ ਘਰ ਵਿੱਚ ਕੈਦ ਹੋ ਕੇ ਰਹਿ ਗਈ ਹੋਵੇ। ਘਰ ਵਿੱਚ ਨਾ ਕੋਈ ਕੰਮ ਕਰਨ ਜੋਗਾ ਨਾ ਕੋਈ ਬੱਚਾ ਜਿਸ ਨੂੰ ਕਿ ਉਹ ਖਿਡਾਉਂਦੀ। ਉਨ੍ਹਾਂ ਦੇ ਗੁਆਂਢ ਕੋਈ ਪੰਜਾਬੀਆਂ ਦਾ ਘਰ ਵੀ ਨਹੀਂ ਸੀ ਜਿਨ੍ਹਾਂ ਨਾਲ ਉਹ ਕੋਈ ਗੱਲ ਕਰ ਸਕਦੀ। ਫੋਨ ਉਪਰ ਵੀ ਮਤਲਬ ਦੀ ਗੱਲ ਹੁੰਦੀ। ਜੇ ਬੈਰੀਆਂ ਵਿੱਚ ਬਣੀ ਕਿਸੇ ਜਾਣ ਪਹਿਚਾਣ ਵਾਲੀ ਤੀਵੀਂ ਨਾਲ ਫੋਨ ਉਪਰ ਗੱਲ ਕਰਦੀ ਅਗਲੇ ਪਾਸਿਓਂ ਸੁੱਖ ਸਾਂਦ ਪੁੱਛ ਕੇ ਹੀ ਕਹਿ ਦਿੱਤਾ ਜਾਂਦਾ,"ਭੈਣ ਜੀ, ਆਹ ਵਿੱਚ ਫੂਨ ਆ ਗਿਆ ਮੈਂ ਤੁਹਾਨੂੰ ਫੇਰ ਫੂਨ ਮਾਰੂੰ" ਜਾਂ 'ਅਸੀਂ ਕਿਤੇ ਬਾਹਰ ਚੱਲੇ ਆਂ ਆ ਕੇ ਫੂਨ ਕਰੂੰ।' ਪਰ ਫੇਰ ਫੋਨ ਘੱਟ ਹੀ ਆਉਂਦਾ। ਇਹ ਵਰਤਾਰਾ ਦੇਖ ਉਹ ਆਪ ਹੀ ਫੋਨ ਕਰਨੋਂ ਹਟ ਗਈ। ਜੇ ਕਦੀ ਕੋਈ ਜਾਣੂੰ ਤੀਵੀਂ ਉਸ ਨੂੰ ਗੁਰਦਵਾਰੇ ਮਿਲ ਜਾਂਦੀ ਤਾਂ ਅਪਣੱਤ ਨਾਲ ਮਿਲਦੀ ਤੇ ਬੜਾ ਪਿਆਰ ਜਤਾਉਂਦੀ। ਜਲੋ ਨੂੰ ਮਹਿਸੂਸ ਹੁੰਦਾ ਕਿ ਇਹ ਸੱਭ ਦਿਖਾਵਾ ਹੈ। ਇਨ੍ਹਾਂ ਕੋਲ ਅਪਣੱਤ ਵਰਗੀ ਕੋਈ ਵਸਤੂ ਨਹੀਂ ਹੈ। ਵਿਹਲੀ ਬੈਠੀ ਦਾ ਮਨ ਭਰ ਭਰ ਆਉਂਦਾ। ਉਸ ਨੂੰ ਸਮਝ ਨਾ ਆਉਂਦੀ ਕਿ ਉਹ ਕੀ ਕਰੇ। ਨੂੰਹ ਪੁੱਤ ਦਾ ਵਰਤਾਰਾ ਬਹੁਤ ਚੰਗਾ ਸੀ ਪਰ ਉਹ ਘਰ ਬਹੁਤ ਹੀ ਘੱਟ ਰਹਿੰਦੇ।

ਇੱਕ ਦਿਨ ਆਥਣੇ ਫੋਨ ਆਇਆ। ਨੂੰਹ ਘਰ ਹੀ ਸੀ, ਉਸ ਨੇ ਫੋਨ ਚੱਕਿਆ ਤੇ ਸੁਣਦਿਆਂ ਹੀ ਸਿਸਕੀਆਂ ਭਰਦੀ ਸੱਸ ਨੂੰ ਕਹਿਣ ਲੱਗੀ,"ਤਾਇਆ ਜੋਰਾ ਸਿਓਂ ਨੂੰ ਹਰਟਅਟੈਕ ਹੋ ਗਿਆ ਤੇ ਉਹ ਹਸਪਤਾਲ ਜਾਂਦਿਆਂ ਰਾਹ ਵਿੱਚ ਹੀ ਪੂਰੇ ਹੋ ਗਏ।"

ਸੁਣਦਿਆਂ ਹੀ ਜਲੋ ਨੇ ਉੱਚੀ ਧਾਅ ਮਾਰੀ ਤੇ ਵੈਣ ਪਾ ਪਾ ਰੋਣ ਲੱਗੀ ਪਰ ਝੱਟ ਹੀ ਨੂੰਹ ਨੇ ਰੋਕ ਦਿੱਤਾ, "ਬੀ ਜੀ ਰੋਣਾ ਨਹੀਂ, ਗੁਆਂਢ ਗੋਰਿਆਂ ਦੇ ਘਰ ਨੇ ਉਹ ਮਾਈਂਡ ਕਰਨਗੇ।"

ਨੂੰਹ ਸੱਸ ਹੌਲੀ ਹੌਲੀ ਸਿਸਕੀਆ ਭਰ ਰੋਣ ਲੱਗੀਆਂ। ਰਾਜਬੀਰ ਨੂੰ ਫੋਨ ਕੀਤਾ ਤਾਂ ਉਹ ਝੱਟ ਘਰ ਆ ਗਿਆ ਤੇ ਉਹ ਚਾਰੇ ਅਫਸੋਸ ਕਰਨ ਜੋਰਾ ਸਿੰਘ ਦੇ ਘਰ ਚਲੇ ਗਏ। ਰਾਜਬੀਰ ਨੇ ਜਲੋ ਨੂੰ ਸਮਝਾਇਆ ਵੀ ਕਿ ਉਥੇ ਜਾ ਕੇ ਰੋਣਾ ਨਹੀਂ। ਚੁੱਪ ਕਰਕੇ ਉਦਾਸ ਜਿਹਾ ਚਿਹਰਾ ਬਣਾ ਕੇ ਬੈਠਣਾ ਹੈ ਪਰ ਜਲੋ ਦਾ ਕਾਰ ਵਿੱਚੋਂ ਉਤਰਦਿਆਂ ਹੀ ਰੋਣ ਨਿਕਲ ਗਿਆ, ਨੂੰਹ ਨੇ ਉਸ ਦੇ ਮੂੰਹ ਅੱਗੇ ਹੱਥ ਕਰ ਦਿੱਤਾ। ਪਿਓ ਪੁੱਤ ਤਾਂ ਬੇਸਮਿੰਟ ਵਿੱਚ ਆਦਮੀਆਂ ਕੋਲ ਜਾ ਬੈਠੇ ਤੇ ਨੂੰਹ ਸੱਸ ਉਪਰ ਲਿਵਿੰਗ ਰੂਮ ਵਿੱਚ ਚਲੀਆਂ ਗਈਆਂ ਜਿੱਥੇ ਪਹਿਲਾਂ ਹੀ ਬਹੁਤ ਸਾਰੀਆਂ ਤੀਵੀਂਆਂ ਬੈਠੀਆਂ ਹੋਈਆਂ ਸਨ। ਨੂੰਹ ਤਾਂ ਆਪਣੀ ਤਾਈ ਦੇ ਗਲ ਲੱਗ ਸਿਸਕੀਆਂ ਭਰਨ ਲੱਗੀ ਤੇ ਜਲੋ ਆਪਣੀ ਕੁੜਮਣੀ ਦੇ ਗਲ ਲੱਗ ਰੋਈ ਪਰ ਛੇਤੀ ਹੀ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ ਗਿਆ। ਹਟਕੋਰੇ ਲੈਂਦਿਆਂ ਜਲੋ ਨੇ ਏਧਰ ਓਧਰ ਨਜ਼ਰ ਘੁਮਾਈ ਪਰ ਜੋਰਾ ਸਿੰਘ ਦੀ ਮੁਰਦਾ ਦੇਹੀ ਉਸ ਨੂੰ ਕਿਤੇ ਨਾ ਦਿਸੀ ਤਾਂ ਉਸ ਨੇ ਅਪਾਣੀ ਕੁੜਮਣੀ



ਕੋਲੋਂ ਪੁੱਛ ਹੀ ਲਿਆ। ਕੁੜਮਣੀ ਨੇ ਦੱਸਿਆ ਕਿ ਮੁਰਦਾ ਸਰੀਰ ਨੂੰ ਘਰ ਨਹੀਂ ਰੱਖਿਆ ਜਾਂਦਾ। ਉਸ ਨੂੰ ਹਸਪਤਾਲ ਤੋਂ ਹੀ ਫਿਊਨਰਲ ਹੋਮ (ਸ਼ਮਸ਼ਾਨ ਘਾਟ) ਲੈ ਜਾਂਦੇ ਹਨ ਤੇ ਸਸਕਾਰ ਹੋਣ ਤੱਕ ਉਥੇ ਹੀ ਰੱਖਿਆ ਰਹਿੰਦਾ ਹੈ। ਉਥੇ ਹੀ ਨੁਹਾ ਕੇ ਸਸਕਾਰ ਕਰ ਦਿੱਤਾ ਜਾਂਦਾ ਹੈ। ਉਸ ਦੇਖਿਆ ਕਿ ਪੰਜਾਬ ਦੇ ਪਿੰਡਾਂ ਵਾਂਗ ਏਥੇ ਪਿੱਟ ਪਟਉਆ ਜਾਂ ਕੋਈ ਕੁਰਲਾਹਟ ਨਹੀਂ ਸੀ। ਬਾਹਰ ਬਹੁਤ ਸਾਰੀਆਂ ਕਾਰਾਂ ਦੇ ਖੜੇ ਹੋਣ ਤੋਂ ਹੀ ਪਤਾ ਲੱਗਦਾ ਸੀ ਕਿ ਘਰ ਵਿੱਚ ਇਕੱਠ ਹੈ। ਇਹ ਇਕੱਠ ਕਿਉਂ ਹੈ ? ਇਸ ਬਾਰੇ ਬਾਹਰੋਂ ਕੋਈ ਨਹੀਂ ਜਾਣ ਸਕਦਾ ਉਹ ਘੰਟਾ ਕੁ ਉੱਥੇ ਬੈਠ ਘਰ ਆ ਗਏ।

ਬੁੱਧਵਾਰ ਮੌਤ ਹੋਈ, ਛਨਿਚਰਵਾਰ ਬਾਰਾਂ ਵਜੇ ਸਸਕਾਰ ਅਤੇ ਉਸੇ ਦਿਨ ਹੀ ਢਾਈ ਵਜੇ ਗੁਰਦਵਾਰੇ ਵਿੱਚ ਅੰਤਮ ਅਰਦਾਸ। ਵੀਰਵਾਰ ਨੂੰ ਹੀ ਉਸ ਦੇ ਨਮਿੱਤ ਗੁਰਦਵਾਰੇ ਵਿੱਚ ਅਖੰਡਪਾਠ ਰਖਵਾ ਦਿੱਤਾ ਗਿਆ ਸੀ। ਜਲੋ ਨੂੰ ਇਹ ਤਾਂ ਪਤਾ ਸੀ ਕਿ ਏਥੇ ਕੰਮਾਂ ਨੂੰ ਮੁੱਖ ਰੱਖਦਿਆਂ ਦਸਵੇਂ ਦਿਨ ਭੋਗ ਨਹੀਂ ਪਾਇਆ ਜਾਂਦਾ ਸਗੋਂ ਸੁਵਿਧਾ ਅਨੁਸਾਰ ਅੱਗਾ ਪਿੱਛਾ ਕਰਕੇ ਸ਼ਨਿਚਰ ਐਤਵਾਰ ਨੂੰ ਭੋਗ ਪਾ ਦਿੰਦੇ ਹਨ। ਇੰਨੀ ਕਾਹਲੀ ਕਾਹਲੀ ਸਭ ਕੁਝ ਦਾ ਨਬੇੜਾ ਕਰ ਦਿੱਤਾ ਜਾਵੇਗਾ, ਇਹ ਤਾਂ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ।

ਸਸਕਾਰ ਵਾਲੇ ਦਿਨ ਸਵੇਰੇ ਹੀ ਸਾਕ ਸਬੰਧੀ ਜੋਰਾ ਸਿੰਘ ਨੂੰ ਨੁਹਾ ਧੁਆ, ਬਕਸੇ ਬੰਦ ਕਰ ਆਏ। ਜਲੋ ਵੀ ਨਾਲ ਜਾਣਾ ਚਾਹੁੰਦੀ ਸੀ ਪਰ ਉਸ ਨੂੰ ਨਾਲ ਨਾ ਲੈ ਜਾਇਆ ਗਿਆ। ਨੂੰਹ ਦਾ ਸਕਾ ਤਾਇਆ ਹੋਣ ਕਰਕੇ ਦੋਵੇਂ ਪਤੀ ਪਤਨੀ ਨਹਾਉਣ ਵਾਲਿਆਂ ਦੇ ਨਾਲ ਗਏ ਅਤੇ ਉੱਥੋਂ ਵਾਪਸ ਘਰ ਆ ਕੇ ਜਲੋ ਤੇ ਸੰਤੋਖ ਸਿੰਘ ਨੂੰ ਨਾਲ ਲੈ ਮੁੜ ਵਾਪਸ ਸ਼ਮਸ਼ਾਨ ਘਾਟ ਚਲੇ ਗਏ। ਜਲੋ ਨੇ ਦੇਖਿਆ ਵੱਡੇ ਹਾਲ ਕਮਰੇ ਵਿਚ ਇਕ ਪਾਸੇ ਤੀਵੀਆਂ ਬੈਠੀਆਂ ਹੋਈਆਂ ਸਨ ਤੇ ਇਕ ਪਾਸੇ ਮਰਦ। ਸਾਹਮਣੇ ਸਟੇਜ ਕੋਲ ਜੋਰਾ ਸਿੰਘ ਦੀ ਦੇਹੀ ਵਾਲਾ ਬਕਸਾ ਰੱਖ ਕੇ ਉਸ ਉੱਪਰ ਗੁਲਦਸਤੇ ਸਜਾਏ ਹੋਏ ਸਨ। ਸਭ ਪਾਸੇ ਸੋਗੀ ਚੁੱਪ ਵਰਤੀ ਹੋਈ ਸੀ। ਕੇਵਲ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਰਸ ਭਿੰਨੀ ਆਵਾਜ਼ ਕੰਧਾਂ ਵਿਚੋਂ ਆ ਰਹੀ ਸੀ।

ਠੀਕ ਸਾਢੇ ਗਿਆਰਾਂ ਵਜੇ ਗਿਆਨੀ ਜੀ ਸਟੇਜ ਉੱਪਰ ਆਏ, ਸਰੀਰ ਤੇ ਸੰਸਾਰ ਦੀ ਨਾਸ਼ਮਾਨਤਾ ਬਾਰੇ ਛੋਟਾ ਜਿਹਾ ਵਿਖਿਆਨ ਕਰ ਸੰਸਾਰ ਤਿਆਗ ਰਹੇ ਵਿਅਕਤੀ ਦੇ ਪਰਿਵਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਅਰਦਾਸ ਕਰਨ ਉਪਰੰਤ ਬਕਸੇ ਦਾ ਅੱਧਾ ਢੱਕਣ ਖੋਲ੍ਹ ਕੇ ਜੋਰਾ ਸਿੰਘ ਦਾ ਚਿਹਰਾ ਨੰਗਾ ਕਰ ਦਿੱਤਾ। ਸਸਕਾਰ ਉੱਪਰ ਆਏ ਹੋਏ ਸਭ ਸੋਗਵਾਰ ਪ੍ਰਾਣੀ ਵਾਰੀ ਵਾਰੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਅਰਪਨ ਕਰਦੇ ਹੋਏ ਬਕਸੇ ਕੋਲ ਦੀ ਲੰਘਣ ਲੱਗੇ। ਜਦੋਂ ਜਲੋ ਦੀ ਵਾਰੀ ਆਈ ਤਾਂ ਉਹ ਧਾਅ ਮਾਰ ਬਕਸੇ ਵੱਲ ਹੋਈ ਪਰ ਨੂੰਹ ਅਛੋਪਲੇ ਹੀ ਉਸ ਨੂੰ ਆਪਣੇ ਕਲਾਵੇ ਵਿਚ ਲੈ ਹਾਲ ਦੇ ਬਾਹਰ ਹੋ ਗਈ। ਫੇਰ ਬਕਸਾਬੰਦ ਦੇਹੀ ਨੂੰ ਬਿਜਲੀ ਵਾਲੀ ਭੱਠੀ ਵਾਲੇ ਕਮਰੇ ਵਿਚ ਲੈ ਜਾਇਆ ਗਿਆ। ਬਕਸੇ ਨੂੰ ਇਕ ਰਖਣੇ ਜਿਹੇ ਵਿਚ ਰੱਖ ਕੇ ਭੱਠੀ ਵਿਚ ਧੱਕ ਦਿੱਤਾ। ਵੱਡੇ ਮੁੰਡੇ ਨੇ ਬਟਨ ਦਬਾਇਆ ਤੇ ਕੁਝ ਮਿੰਟਾਂ ਵਿਚ ਹੀ ਬਕਸਾ ਸੁਆਹ ਦੀ ਮੁੱਠੀ ਵਿਚ ਤਬਦੀਲ ਹੋ ਗਿਆ। ਉਥੋਂ ਕੁਝ ਲੋਕ ਤਾਂ ਘਰਾਂ ਨੂੰ ਤੁਰ ਗਏ ਤੇ ਕੁਝ ਸਿੱਧੇ ਗੁਰਦੁਆਰੇ ਚਲੇ ਗਏ। ਭੋਗ ਪੈਣ ਮਗਰੋਂ ਸਭ ਆਪੋ ਆਪਣੇ ਘਰਾਂ ਨੂੰ ਤੁਰ ਗਏ। ਜਲੋ ਦਾ ਪਰਿਵਾਰ ਕੁਝ ਦੇਰ ਜੋਰਾ ਸਿੰਘ ਕੇ ਘਰ ਬੈਠ ਆਪਣੇ ਘਰ ਆ ਗਿਆ।

ਜਲੋ ਨੂੰ ਉਸ ਰਾਤ ਨੀਂਦ ਨਾ ਆਈ। ਉਸ ਨੇ ਉਹ ਸਾਰੀ ਰਾਤ ਪਾਸੇ ਮਾਰਦਿਆਂ ਤੇ ਸੋਚਾਂ ਸੋਚਦਿਆਂ ਕੱਢੀ। ਸਵੇਰੇ ਉੱਠੀ ਤਾਂ ਸਾਰਾ ਸਰੀਰ ਹੀ ਟੁੱਟਿਆ ਭੱਜਿਆ ਤੇ ਥਕੇਵੇਂ ਨਾਲ ਚੂਰ ਚੂਰ ਜਾਪਿਆ। ਇਸ ਤਰ੍ਹਾਂ ਦਾ ਥਕੇਵਾਂ ਤਾਂ ਉਸ ਨੇ ਸਾਰੀ ਸਾਰੀ ਦਿਹਾੜੀ ਨਰਮਾ ਚੁਗਦਿਆਂ, ਪੱਠੇ ਕੁਤਰਦਿਆਂ ਤੇ ਖੇਤਾਂ ਵਿਚ ਕੰਮ ਕਰਵਾਉਂਦਿਆਂ ਵੀ ਮਹਿਸੂਸ ਨਹੀਂ ਸੀ ਕੀਤਾ। ਇਸ ਤਰ੍ਹਾਂ ਤਾਂ ਆਪਣੇ ਸਰੀਰ ਨੂੰ ਉਸ ਨੇ ਟੁੱਟਿਆ ਭੱਜਿਆ ਮਹਿਸੂਸ ਨਹੀਂ ਸੀ ਕੀਤਾ। ਜਦੋਂ ਉਹ ਕਿਸੇ ਭਰ ਜਵਾਨ

ਗਭਰੂ ਦੀ ਮੌਤ ਉੱਪਰ ਆਪਣੇ ਪੱਟਾ. ਛਾਤੀਆਂ ਤੇ ਗੱਲਾਂ ਨੂੰ ਪਿੱਟ ਪਿੱਟ ਕੇ ਲਾਲ ਲਾਲ ਕਰ ਲੈਂਦੀ ਸੀ। ਇਹ ਕੇਹਾ ਥਕੇਵਾਂ ਸੀ ਜਿਹੜਾ ਉਸ ਦੇ ਅੰਗ ਅੰਗ ਵਿਚ ਸਮਾਇਆ ਹੋਇਆ ਸੀ। ਉਹ ਬਹੁਤ ਦੇਰ ਉਸੇ ਤਰ੍ਹਾਂ ਨਿਸਲ ਪਈ ਰਹੀ ਫੇਰ ਹੌਸਲਾ ਕਰਕੇ ਉੱਠੀ. ਨਹਾ ਧੋ ਕੇ ਬਰੇਕ ਫਾਸਟ ਕਰਨ ਲਈ ਡਾਈਨਿੰਗ ਟੇਬਲ 'ਤੇ ਆ ਬੈਠੀ ਪਰ ਉਸ ਕੋਲੋਂ ਕੁਝ ਵੀ ਖਾ ਨਾ ਹੋਇਆ। ਉਹ ਦੋ ਘੁੱਟਾਂ ਚਾਹ ਪੀ ਕੇ ਹੀ ਉੱਠ ਖੜੀ ਹੋਈ। ਉਸ ਦੀ ਇਹ ਹਾਲਤ ਦੇਖ ਨੂੰਹ ਨੇ ਪੁੱਛ ਲਿਆ, "ਕਿਉਂ ਬੀ ਜੀ ਤਬੀਅਤ ਤਾਂ ਠੀਕ ਹੈ ਨਾ ?"

"ਹਾਂ, ਠੀਕ ਐ ਪਰ ਇਉਂ ਲਗਦੈ ਜਿਵੇਂ ਸਰੀਰ ਵਿਚ ਸਾਹ ਸਤ ਜਿਹਾ ਨਾ ਹੋਵੇ।"

"ਟਾਇਨੋਲ ਦੀ ਗੋਲੀ ਖਾ ਲਵੋ ਠੀਕ ਹੋ ਜਾਵੇਗਾ।"

"ਨਹੀਂ ਆਪੇ ਠੀਕ ਹੋ ਜਾਊ।"

ਰਾਜਬੀਰ ਹੱਸ ਕੇ ਕਹਿਣ ਲੱਗਾ, "ਜੇ ਬੀਜੀ ਉਥੇ ਚਾਰ ਵੈਣ ਪਾ ਲੈਂਦੇ ਤਾਂ ਇਨ੍ਹਾਂ ਨੇ ਬਰ ਨੇ ਰਹਿਣਾ ਸੀ।"

"ਬੱਸ ਵੇ ਮੁੰਡਿਆ, ਢੱਕਿਆ ਰਹਿ, ਬੈਠਾ ਰਹਿ ਚੁੱਪ ਕਰਕੇ, ਮੇਰੇ ਕੋਲੋਂ ਕੁਝ ਹੋਰ ਸੁਣਦਾ ਹੋਵੇਂ। ਨਾ ਮੂਹ ਨਾ ਪਿਆਰ ਏਨ੍ਹਾਂ ਦਾ ਕਿਸੇ ਨਾਲ। ਨੂਹਾ ਧੂਆ ਆਏ ਵਿਚਾਰੇ ਨੂੰ ਜਿਵੇਂ ਸੱਤ ਬਿਗਾਨਾ ਹੋਵੇ। ਬਾਕੀ ਆਪੇ ਕਰੇ ਸਰਕਾਰ। ਨਿਰਮੋਹੀ ਹੋ ਗਏ ਸਾਰੇ। ਕਰਤਾ ਚਹੁੰ ਦਿਨਾਂ 'ਚ ਨਬੇੜਾ। ਕੇਹੋ ਜੇਹੀ ਮਿੱਟੀ ਹੋਗੀ ਏਥੇ ਆ ਕੇ ਲੋਕਾਂ ਦੀ।" ਇਹ ਕਹਿੰਦਿਆਂ ਜਲੋ ਅੱਖਾਂ ਭਰ ਆਈ।

"ਬੀ ਜੀ, ਇਹ ਸਾਰਾ ਕੁਝ ਸਰਕਾਰ ਕੋਈ ਨਹੀਂ ਕਰਦੀ, ਇਹ ਤਾਂ ਫਿਨਰਲ ਹੋਮ ਵਾਲਿਆਂ ਦੀ ਡਿਊਟੀ ਹੈ। ਇਸ ਸਾਰੇ ਕੁਝ ਦਾ ਚਾਰ ਪੰਜ ਹਜਾਰ ਡਾਲਰ ਖਰਚਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਤੇ ਹੋਰ ਖਰਚੇ ਵੱਖਰੇ। ਏਥੇ ਮਰਨੇ 'ਤੇ ਦਸ ਹਜ਼ਾਰ ਤੱਕ ਖਰਚਾ ਹੋ ਜਾਂਦਾ ਹੈ।" ਰਾਜਬੀਰ ਨੇ ਮਾਂ ਦੀ ਸ਼ੰਕਾ ਨਵਿਰਤ ਕਰਦਿਆਂ ਦੱਸਿਆ।

ਦਸ ਹਜ਼ਾਰ ਡਾਲਰ ਦਾ ਖਰਚਾ ਸੁਣ ਕੇ ਜਲੋ ਦੀ ਤਾਂ ਜਿਵੇਂ ਹੋਸ਼ ਹੀ ਮਾਰੀ ਗਈ ਹੋਵੇ। ਉਸ ਤਾਂ ਇਹੋ ਸਮਝਿਆ ਸੀ ਕਿ ਇਹ ਸਭ ਕੁਝ ਸਰਕਾਰ ਹੀ ਕਰਦੀ ਹੈ। ਫੇਰ ਉਸ ਦੀ ਸੋਚ ਨੇ ਪਾਸਾ ਪਰਤਿਆ, 'ਜੇ ਕਿਤੇ ਮੈਂ.....।'

ਘਰ ਵਿਚ ਬੈਠੀ ਹੋਈ ਵੀ ਉਹ ਇਹੋ ਜਿਹੀਆਂ ਹੀ ਸੋਚਾਂ ਸੋਚਦੀ ਰਹਿੰਦੀ। ਘਰ ਵਿਚ ਕਰਨ ਵਾਲਾ ਕੰਮ ਤਾਂ ਬਹੁਤ ਘੱਟ ਹੁੰਦਾ। ਰਸੋਈ ਦਾ ਕੰਮ ਘੰਟੇ ਕੁ ਨਬੇੜ ਕੇ ਉਹ ਫੇਰ ਵਿਹਲੀ ਦੀ ਵਿਹਲੀ। ਇਹ ਸੋਚਾਂ ਉਸ ਦੀ ਕਸਕ ਨੂੰ ਜਗਾ ਦਿੰਦੀਆਂ। ਉਹ ਸੋਚਦੀ ਕਿ ਏਥੇ ਵਿਹਲੇ ਬੈਠਣ ਦਾ ਕੀ ਲਾਭ। ਕਿਉਂ ਨਾ ਪਿੰਡ ਮੁੜਿਆ ਜਾਵੇ। ਪਿੰਡ ਦੀਆਂ ਯਾਦਾਂ ਉਸ ਨੂੰ ਪਿੰਡ ਮੁੜਨ ਲਈ ਤੜਪਾਉਂਦੀਆਂ। ਅਖੀਰ ਇਕ ਦਿਨ ਉਸ ਸੰਤੋਖ ਸਿੰਘ ਨੂੰ ਕਹਿ ਦਿੱਤਾ, "ਰਾਜੇ ਦੇ ਬਾਪੂ, ਆਪਾਂ ਪਿੰਡ ਮੁੜ ਚੱਲੀਏ। ਮੈਨੂੰ ਨਈਂ ਏਥੋਂ ਦਾ ਕੁਝ ਵੀ ਚੰਗਾ ਲਗਦਾ, ਨਾ ਏਥੋਂ ਦੇ ਕੰਮ, ਨਾ ਲੋਕ, ਨਾ ਧਰਤੀ। ਮੇਰਾ ਨਈਂ ਜੀਅ ਲਗਦਾ ਏਥੇ।"

"ਆਇਆ ਨੂੰ ਤਾਂ ਸਾਲ ਹੋਇਆ ਨਹੀਂ ਤੇ ਐਡੀ ਛੇਤੀ ਓਦਰ ਵੀ ਗਈ। ਕਹਿੰਦੇ ਐ ਫਿਰ ਧਰਤੀ ਤਾਂ ਤਿੰਨਾ ਸਾਲਾਂ ਮਗਰੋਂ ਮੋਹ ਕਰਨ ਲਗਦੀ ਐ' ਤੂੰ ਦੰਦਾ ਹੇਠ ਜੀਭ ਦੇ ਕੇ ਕੁਝ ਵੇਲਾ ਹੋਰ ਟਪਾ ਲੈ। ਸੁੱਖ ਨਾਲ ਚਹੁੰ ਮਹੀਨਿਆਂ ਨੂੰ ਘਰ ਵਿੱਚ ਨਵੇਂ ਜੀਅ ਨੇ ਆ ਜਾਣੈ। ਫੇਰ ਉਸ ਨੂੰ ਖਿਡਾਉਂਦਿਆਂ, ਸੰਭਾਲਦਿਆਂ ਤੇਰਾ ਜੀਅ ਲੱਗ ਜਾਣੈ"। ਸੰਤੋਖ ਨੇ ਉਸ ਨੂੰ ਧਰਵਾਸ ਦਿੱਤਾ।

"ਰਾਜੇ ਦੇ ਬਾਪੂ ਇਹ ਧਰਤੀ ਮੋਹ ਨਹੀਂ ਕਰਦੀ ਉਹ ਲੋਕ ਇਸ ਧਰਤੀ ਨਾਲ ਮੋਹ ਕਰਦੇ ਨੇ ਜਿਹੜੇ ਸਬਰ ਸੰਤੋਖ ਵਾਲੇ ਨਹੀਂ. ਬਸ ਡਾਲਰਾ ਵੱਲ ਭੱਜੇ ਫਿਰਦੇ ਐ। ਆਪਾ 'ਕੇਰਾਂ' ਪਿੰਡ ਗੇੜਾ ਮਾਰ ਆਈਏ। ਛੇ ਮਹੀਨਿਆਂ ਤਾਂਈ ਮੁੜ ਆਵਾਂਗੇ"। ਜਲੋ ਨੇ ਤਰਲਾ ਜਿਹਾ ਕਰਦਿਆਂ ਕਿਹਾ।



"ਪਿੰਡ ਜਾਣਾ ਕੋਈ ਮੰਗ ਤੇ ਸੌਖੇ ਜਾਣ ਵਾਲੀ ਗੱਲ ਨਹੀਂ ਕਿ ਜਦੋਂ ਮਰਜੀ ਗੇੜਾ ਮਾਰ ਲਿਆ। ਭਲੀਏ ਲੋਕੇ ਬੁੱਕ ਰੁਪਇਆਂ ਦਾ ਲਗਦਾ ਏ। ਮੁੰਡਾ ਪਹਿਲਾਂ ਹੀ ਹਜ਼ਾਰ ਡਾਲਰ ਆਪਣੀਆਂ ਵੀਕਾਂ ਲਈ ਖਰਚ ਕਰ ਚੁੱਕੈ। ਹੁਣ ਉਹਨਾਂ ਉਤੇ ਤਿੰਨ ਹਜ਼ਾਰ ਡਾਲਰ ਦਾ ਹੋਰ ਵਾਧੂ ਖਰਚ ਪਾ ਦੇਈਏ ਨਾਲੇ ਆਪਣੀਆਂ ਬਣੀਆਂ ਵੀਕਾਂ ਵੀ ਐਵੇਂ ਜਾਣਗੀਆਂ। ਤੂੰ ਇਸ ਬਾਰੇ ਵੀ ਸੋਚ।"

"ਸ਼ੁਭ ਸ਼ੁਭ ਬੋਲੋ, ਐਵੇਂ ਨਈਂ ਊਲ ਜਲੂਲ ਸੋਚੀਦਾ। ਅਗਲੇ ਸਾਲ ਚਲੇ ਚੱਲਾਂਗੇ ਬੇਰੀ ਤੋੜ ਕੇ।"

ਫੇਰ ਨਹੀਂ ਜਲੋ ਬੋਲੀ। ਬਸ ਚੁੱਪ ਕਰ ਗਈ, ਚੁਪ ਕਰਨ ਤੋਂ ਸਿਵਾ ਉਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਸੋ ਮਨ ਮਾਰ ਕੇ ਉਸਨੂੰ ਰਹਿਣਾ ਪਿਆ। ਇਹਨਾਂ ਦਿਨਾਂ ਵਿੱਚ ਉਸਦੇ ਸਤਾਈ ਸਾਲ਼ਾ ਭਣੇਵੇਂ ਦੀ ਭਰ ਜਵਾਨੀ ਵਿੱਚ ਕੈਂਸਰ ਜਹੀ ਨਾਮੁਰਾਦ ਬੀਮਾਰੀ ਨਾਲ ਮੌਤ ਹੋ ਗਈ। ਉਸਦੀ ਮੌਤ ਉਪਰ ਸਭ ਸਾਕ ਸੰਬੰਧੀਆਂ ਬਹੁਤ ਸੋਗ ਮਨਾਇਆ। ਪਰ ਮਰਨ ਤੋਂ ਲੈ ਕੇ ਆਖਰੀ ਕਿਰਿਆਂ ਕਰਮ ਤੱਕ ਉਹੀ ਚੀਕਾਂ ਉਹੀ ਕਾਹਲ। ਬੁੱਢੇ ਤੇ ਗੱਭਰੂ ਦੀ ਮੌਤ 'ਚ ਕੋਈ ਫਰਕ ਨਹੀਂ। ਜੇ ਕਿਧਰੇ ਉਹਨਾਂ ਦੇ ਪਿੰਡ ਵਿੱਚ ਏਹੋ ਜਿਹੀ ਕਹਿਰ ਦੀ ਮੌਤ ਹੋਈ ਹੁੰਦੀ ਤਾਂ ਪਿੰਡ ਵਿੱਚ ਤਰਥੱਲੀ ਮੱਚ ਜਾਂਦੀ ਤੇ ਕੁਰਲਾਹਟ ਪੈ ਜਾਣਾ ਸੀ। ਆਢ-ਗੁਆਂਢ ਤੱਕ ਵਹੀਰਾਂ ਘੱਤ ਮਾਪਿਆਂ ਦੇ ਦੁਖ ਵਿੱਚ ਸ਼ਾਮਲ ਹੁੰਦਾ। ਘਰ ਦੇ ਸਾਰੇ ਕੰਮਾਂ ਦਾ ਭਾਰ ਆਪਣੇ ਮੋਢਿਆਂ ਤੇ ਚੁੱਕ ਲੈਂਦਾ। ਏਥੇ ਤਾਂ ਗੁਆਢੀਆਂ ਨੂੰ ਵੀ ਪਤਾ ਨਹੀਂ ਸੀ ਕਿ ਨਾਲ ਦੇ ਘਰ ਕੀ ਹੋਇਆ। ਇਹ ਗੱਲ ਉਸਨੇ ਆਪਣੇ ਪਤੀ ਨੂੰ ਵੀ ਕਹੀ। ਸੰਤੋਖ ਸਿੰਘ ਜਲੋ ਦੇ ਸੁਭਾ ਤੋਂ ਜਾਣੂ ਸੀ। ਉਸਨੇ ਬੜੇ ਪਿਆਰ ਨਾਲ ਸਮਝਾਇਆ, "ਜੈਸਾ ਦੇਸ਼ ਵੈਸਾ ਭੇਸ਼ ਵਾਲੀ ਗੱਲ ਐ ਏਥੇ ਜਲਕੁਰੇ ਤੂੰ ਐਵੇਂ ਨਾ ਝੁਰ ਜਾਇਆ। ਕੁਝ ਸਮਾਂ ਪਾ ਕੇ ਸਭ ਇਕੋ ਰੰਗ ਵਿੱਚ ਰੰਗੇ ਜਾਂਦੇ ਐ। ਆਪਾਂ ਵੀ ਹੌਲੀ ਹੌਲੀ ਇਹਨਾਂ ਵਰਗੇ ਬਣ ਜਾਣੈ। ਸਮਾਂ ਪੈਣ ਨਾਲ ਹੀ ਪਛਾਣ ਵੱਧਦੀ ਹੈ। ਇਕ ਦੂਜੇ ਨਾਲ ਹਮਦਰਦੀ ਜਾਗਦੀ ਐ। ਏਥੇ ਆਇਆਂ ਨੂੰ ਤਾਂ ਅਜੇ ਦਸ ਮਹੀਨੇ ਹੋਏ ਐ ਆਪਾਂ ਨੂੰ।"

ਦਸ ਮਹੀਨੇ ਕੀ ਤੇ ਦਸ ਸਾਲ ਕੀ, ਪਤਾ ਤਾਂ ਦਸਾਂ ਦਿਨ ਵਿੱਚ ਲਗ ਜਾਂਦਾ। ਪਹਿਲੇ ਪਛਾਣ ਵਾਲਿਆਂ ਕਿਹੜਾ ਮਿਲਣ ਆ ਕੇ ਆਪਣੀ ਦੇਹਲੀ ਨੀਵੀਂ ਕਰ ਦਿੱਤੀ। ਮੁੰਡੇ ਦੀ ਨੌਕਰੀ ਚੰਗੀ ਐ। ਬਹੂ ਨਾ ਵੀ ਨੌਕਰੀ ਕਰੇ ਤਾਂ ਕੀ ਫਰਕ ਪੈਣੇ। ਊਂ ਵੀ ਚੌਹੁ ਦਿਨਾਂ ਨੂੰ ਬਹੂ ਨੇ ਘਰ ਰਹਿਣ ਲੱਗ ਜਾਣੈ। ਛੇ ਮਹੀਨੇ ਦੀ ਛੁੱਟੀ ਤਾਂ ਉਸਨੂੰ ਮਿਲ ਹੀ ਜਾਣੀ ਐ। ਮੈਂ ਕਹਿਨੀ ਆਂ ਪਿੰਡ ਗੇੜਾ ਮਾਰ ਹੀ ਆਈਏ।" ਜਲੋ ਨੇ ਮੁੜ ਪਿੰਡ ਜਾਣ ਦੀ ਗੱਲ ਦੁਹਰਾ ਦਿੱਤੀ।

ਤੈਨੂੰ ਕਹਿ ਦਿਤਾ ਅਗਲੇ ਸਾਲ ਚੱਲਾਂਗੇ ਬੇਰੀਆਂ ਤੋੜ ਕੇ। ਚਾਰ ਪੈਸੇ ਆਪਣੇ ਕੋਲ ਹੋਣਗੇ, ਇਹਨਾਂ ਉਪਰ ਭਾਰ ਨਾ ਬਣਾਂਗੇ।" ਸੰਤੋਖ ਸਿੰਘ ਨੇ ਅਖੀਰੀ ਫੈਸਲਾ ਸੁਣਾ ਦਿੱਤਾ।

ਜਲੋ ਬੇਰੀਆਂ ਦਾ ਸੀਜ਼ਨ ਉਡੀਕਣ ਲਗੀ ਪਰ ਉਸਦੀ ਸੋਚ ਦਾ ਕੋਈ ਕੀ ਕਰੇ। ਉਹ ਬੈਠੀ ਬੈਠੀ ਗੁਣਗੁਣਾਉਂਦੀ ਰਹਿੰਦੀ ਜਿਵੇਂ ਵੈਣ ਪਾ ਰਹੀ ਹੋਵੇ ਜਾਂ ਚੁੱਪ ਦੀ ਚੁੱਪ ਬੈਠੀ ਅੰਤਰ ਧਿਆਨ ਹੋ ਜਾਂਦੀ। ਇਕ ਦਿਨ ਰਸੋਈ ਵਿੱਚ ਸਿੰਕ ਤੇ ਭਾਂਡੇ ਸਾਫ ਕਰਦਿਆਂ ਚੱਕਰ ਖਾ ਕੇ ਡਿੱਗ ਪਈ ਤੇ ਨੱਕ ਵਿੱਚੋਂ ਖ਼ੂਨ ਵਹਿ ਤੁਰਿਆ। ਸੰਤੋਖ ਸਿੰਘ ਘਰ ਹੀ ਸੀ। ਉਸਨੇ ਝੱਟ ਰਾਜਬੀਰ ਨੂੰ ਫੋਨ ਕਰ ਦਿੱਤਾ ਅਤੇ ਉਸਨੇ ਉਥੋਂ ਹੀ ਐਬੂਲੈਂਸ ਨੂੰ ਫੋਨ ਕਰ ਦਿੱਤਾ। ਆਪ ਉਹ ਸਿੱਧਾ ਘਰ ਆ ਗਿਆ। ਕੁਝ ਮਿੰਟਾ ਵਿੱਚ ਜਲੋ ਹਸਪਤਾਲ ਪਹੁੰਚ ਗਈ।

ਬੇਰੀਆਂ ਦਾ ਮੌਸਮ ਆਇਆ ਤੇ ਚਲਾ ਗਿਆ। ਬੇਰੀਆਂ ਦੇ ਸੀਜ਼ਨ ਮਗਰੋਂ ਸੰਤੋਖ ਸਿੰਘ ਨਿੱਕੇ ਜਿਹੇ ਡੱਬੇ ਨੂੰ ਜਿਹੜਾ ਲਾਲ ਕੱਪੜੇ ਵਿੱਚ ਲਪੇਟਿਆ ਹੋਇਆ ਸੀ ਛਾਤੀ ਨਾਲ ਲਾਈ ਪਿੰਡ ਮੁੜ ਗਿਆ। *(1998)*

## ਚੱਲੋ ਹੁਣ "ਹੈਵਾਨ" ਬਣ ਵੇਖੀਏ....?/ਕੰਵਲਜੀਤ ਭੁੱਲਰ

ਅੱਜ ਜੇ ਅਸੀਂ ਆਪਣੀ ਸਫ਼ਲਤਾ ਲਈ
ਆਪਣੀ ਸਫ਼ਲ ਜ਼ਿੰਦਗੀ ਲਈ
ਏਨੀ ਵੱਡੀ ਜ਼ਿੱਦ ਅਖ਼ਤਿਆਰ ਕਰ ਹੀ ਲਈ ਹੈ
ਬਈ ਸਾਨੂੰ ਕਿਸੇ ਹੋਰ ਦਾ ਚੰਗਾ ਜੀਣਾ
ਇੱਕ ਅੱਖ ਵੀ ਨਹੀਂ ਭਾਉਂਦਾ
ਤਾਂ ਫਿਰ ਇਨਸਾਨੀਅਤ ਦਾ ਰੋਣਾ
ਕੀ ਲੈ ਕੇ ਬੈਠਣਾ...... ?
ਸੋ ਜੇ ਡਿੱਗਣਾ ਹੀ ਹੈ........ ਤਾਂ ਹੈਵਾਨੀਅਤ ਤੋਂ ਵੀ ਵਾਹਵਾ ਹੇਠਾਂ
ਕਿਉਂ ਨਾ ਡਿੱਗੀਏ........... ?
ਤਾਂ ਜੋ ਕਿਤੇ ਤਾਂ ਆਪਣੀ ਸਫ਼ਲਤਾ ਲਈ
ਬਿਲਕੁੱਲ ਖ਼ੁਦਗਰਜ਼ ਜਿਹੇ ਹੋ ਕੇ
ਇੱਕ ਹੀ ਰਾਗ ਅਲਾਪੀਏ,
"ਮੈਂ ਹਾਂ.....ਮੈਂ ਹੀ ਹਾਂ.....ਮੈਂ ਹੀ ਹਾਂ.....ਬੱਸ ਮੈਂ !
ਮੈਥੋਂ ਇਲਾਵਾ ਕੋਈ ਨਹੀਂ
ਮੈਂ ਹੀ ਸੱਚ.....ਮੈਂ ਹੀ ਸ਼ਿਵਮ..... ਤੇ ਮੈਂ ਹੀ ਸੁੰਦਰਮ
ਮੈਂ ਹਾਂ........... ਤਾਂ ਸ੍ਰਿਸ਼ਟੀ
ਮੈਂ ਹਾਂ........... ਤਾਂ ਅਕਾਸ਼
ਮੈਂ ਹਾਂ...............ਤਾਂ ਚੰਨ ਤਾਰੇ
ਮੈਂ ਹਾਂ..............ਤਾਂ ਧਰਤ ਮਹੱਤ
ਮੇਰਾ ਜੋ ਧਰਮ.............. ਓਹੀ ਇੱਕ ਧਰਮ
ਬਾਕੀ ਸਭ ਅਧਰਮ
ਰੱਬ ਇੱਕ ਹੈ................ ਸਿਰਫ਼ ਇੱਕ
ਉਹ ਮੇਰਾ ਹੀ ਹੈ !
ਤੂੰ ਲਈ...... ਤੇਰੇ ਲਈ...... ਤੁਹਾਡੇ ਲਈ........ ਜਾਂ ਕਿਸੇ ਲਈ ਵੀ
ਕਿਤੇ ਕੋਈ ਗੁੰਜਾਇਸ਼ ਨਹੀਂ
ਮੈਂ ਉਹ ਅੰਬਰ...............ਜਿਸ ਹੇਠ ਜੀਣਾ
ਤੁਹਾਡੇ ਸਭ ਲਈ ਨਾ-ਮੁਮਕਿਨ
ਤੁਸੀਂ ਕਮਜ਼ਾਤ
ਤੁਸੀਂ ਬਦਜ਼ਾਤ
ਤੁਸੀਂ ਪਾਪੀ
ਤੁਸੀਂ ਪਾਖੰਡੀ
ਤੁਸੀਂ ਸਾਰੇ ਬੇਵਕੂਫ਼ ਇਨਸਾਨ
ਸਾਰਿਆਂ ਨੂੰ ਏਕੇ ਦਾ ਪਾਠ ਪੜ੍ਹਾਉਣ ਵਾਲੇ
ਸਾਰਿਆਂ ਨੂੰ ਮੇਰੇ ਬਰਾਬਰ ਕਰਨਾ ਚਾਹੁੰਦੇ ਹੋ
ਹਰਗਿਜ਼ ਨਹੀਂ......... ਇੰਞ ਕਦੇ ਨਹੀਂ ਹੋ ਸਕੇਗਾ



ਤੁਹਾਡਾ ਮੂਰਖਾਂ ਦਾ ਫ਼ਨਾ ਹਣਾ ਹੀ ਠੀਕ ,
ਮੈਨੂੰ ... ...
ਪਵਿੱਤਰ ਗੀਤਾ ਦੀ
ਪਵਿੱਤਰ ਗੁਰੂ ਗਰੰਥ ਦੀ
ਪਾਕ ਕੁਰਾਨ ਦੀ
"ਹੋਲੀ ਬਾਈਬਲ" ਦੀ
ਅਦਾਲਤ ਵਿੱਚ ਚੁੱਕੀ ਜਾਣ ਵਾਲੀ ਸੌਂਹ
ਮੈਂ ਜੋ ਆਖ ਰਿਹਾਂ
ਮੈਂ ਜੋ ਹਾਂ.........ਮੈਂ ਜੋ ਬਨਣ ਜਾ ਰਿਹਾਂ
ਉਸ ਵਿੱਚ ਰਤਾ ਜਿੰਨਾ ਵੀ ਝੂਠ ਜਾਂ ਪਾਪ ਨਹੀਂ
ਸਭ ਸੱਚ ਹੈ.......... ਸਭ ਪੁੰਨ ਹੈ
(ਵੈਸੇ ਵੀ ਸੌਂਹ ਖਾ ਕੇ ਬੋਲਿਆ ਝੂਠ
ਅਸਲ ਸੱਚ ਤੋਂ ਕਿਤੇ ਜ਼ਿਆਦਾ ਸੱਚ ਮੰਨਿਆ ਜਾਂਦਾ)
ਸੋ ਮੈਂ ਖ਼ੁਦ ਨੂੰ ਪਛਾਣ ਲਿਆ ਹੈ.... ਜਾਣ ਲਿਆ ਹੈ
ਮੈਂ ਖ਼ੁਦ ਨੂੰ ਪੜ੍ਹ ਲਿਆ ਹੈ
ਮੈਂ ਖ਼ੁਦ ਬਾਰੇ ਵਿਚਾਰ ਲਿਆ ਹੈ
ਮੈਂ ਹੀ ਸਰਵ-ਉੱਤਮ ਹਾਂ
ਮੈਥੋਂ ਉੱਤੇ ਕੋਈ ਨਹੀਂ...... ਹੋ ਹੀ ਨਹੀਂ ਸਕਦਾ...... ਕਿਉਂ ਜੁ
ਜੋ ਮੈਂ ਹਾਂ..... ਉਹ ਮੈਂ ਹੀ ਹਾਂ..... ਹੋਰ ਕੋਈ ਵੀ ਨਹੀਂ
ਬਾਕੀ ਸਭ ਤਾਂ ਗੰਦ ਹੈ............. ਕਚਰਾ ਹੈ
ਸਭ ਕੋਲੋਂ ਏਕਤਾ ਦੀ ਬੜੀ ਬਦਬੂ ਆਉਂਦੀ ਹੈ
ਇਹ ਸਭ ਇਨਸਾਨੀਅਤ ਦਾ ਹੀ ਕੀਤਾ ਕਰਾਇਆਹੈ
ਸਭ ਇਨਸਾਨਾਂ ਦੀ ਸਾਜ਼ਿਸ਼ ਹੈ
ਇਨ੍ਹਾਂ ਨੂੰ "ਸਾਫ਼" ਹੀ ਕਰ ਦਿਓ
ਇਨ੍ਹਾਂ ਨੂੰ ਸੋਧ ਦਿਓ.......... ਕੋਈ ਨਾ ਬਚੇ
ਕਿਉਂਕਿ ਮੈਂ ਹੀ ਕੱਲ੍ਹ ਸਾਂ......... ਮੈਂ ਹੀ ਅੱਜ ਹਾਂ
ਤੇ ਸ਼ਰਤੀਆ ਕੱਲ੍ਹ ਮੈਂ ਹੀ ਹੋਵਾਂਗਾ
ਹੋਰ ਕੋਈ ਹੀ ਨਹੀਂ........... !"
ਬੱਸ ! ਏਨੀ ਕੁ ਗੱਲ ਹੈ
ਹਰ ਇੱਕ ਨੇ..... ਏਨੇ ਕੁ ਵਿਚਾਰ ਅਪਨਾਉਣੇ ਹਨ
ਹਰ ਇੱਕ ਦੀ ਇਹੋ ਜਿਹੀ ਸੋਚ ਹੋ ਜਾਵੇ
ਤਾਂ ਇਨਸਾਨੀਅਤ ਦਾ ਕਿੱਸਾ ਖ਼ਤਮ
ਉਸ ਤੋਂ ਬਾਅਦ........ਇਨਸਾਨੀਅਤ ਇੱਕ "ਪਰੀ ਕਹਾਣੀ" ਹੋ ਜਾਵੇਗੀ
ਆਉਣ ਵਾਲੀ ਪੀੜ੍ਹੀ
ਇਨਸਾਨੀਅਤ ਦੀਆਂ ਬਾਤਾਂ ਪਾਇਆ ਕਰੇਗੀ
ਅਸਚਰਜ ਨਾਲ ਜ਼ਿਕਰ ਹੋਇਆ ਕਰੇਗਾ
ਤੇ ਆਪਣੀ-ਆਪਣੀ ਕਲਪਨਾ ਅਨੁਸਾਰ
ਇਨਸਾਨੀਅਤ ਦਾ ਚਿਹਰਾ-ਮੁਹਰਾ....... ਨੈਣ ਨਕਸ਼ ਉਲੀਕਿਆ ਕਰਨਗੇ
ਕਿਸੇ ਨੂੰ ਕਿਸੇ ਤੋਂ ਕੋਈ ਡਰਨ ਦੀ ਲੋੜ ਨਹੀਂ ਹੋਵੇਗੀ
ਕਿਉਂ ਜੁ......... ਕਿਸੇ ਦਾ ਕੋਈ ਦੋਸਤ ਨਹੀਂ ਹੋਣਾ

ਕਿਸੇ ਦਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਹੋਣਾ
(ਵੈਸੇ ਵੀ ਦੁਸ਼ਮਣ ਵੀ ਓਹੀ ਬਣਦੇ ਹਨ
ਜੋ ਕਦੀ ਆਪਣੇ ਹੋਣ.......... ਜਿਨ੍ਹਾਂ ਨਾਲ ਕੋਈ ਸਾਂਝ ਰਹੀ ਹੋਵੇ...... ?)
ਜਿਸਦੀ ਡਾਂਗ........... ਉਸਦੀ ਮੱਝ....... ਵਰਗੀਆਂ ਰੀਤਾਂ ਹੋਣਗੀਆਂ
ਕਿਸੇ ਨੂੰ ਕਿਸੇ ਨਾਲ........... ਹਮਦਰਦੀ ਨਾ ਹੋਣ ਦੇ ਰਿਵਾਜ ਹੋਣਗੇ
ਆਪਣੀ-ਆਪਣੀ ਡਫ਼ਲੀ...... ਆਪਣੇ-ਆਪਣੇ ਰਾਗ ਹੋਣਗੇ
ਸੋਗੀ ਗੀਤ............ ਕੀਰਨੇ ਵਗੈਰਾ
ਨੱਚ ਨੱਚ ਕੇ ਗਾਏ ਜਾਇਆ ਕਰਨਗੇ....... ਪਾਏ ਜਾਇਆ ਕਰਨਗੇ
ਕੇਬਲ ਚੈਨਲਾਂ 'ਤੇ ਮਾਰ ਕੁੱਟ ਦੀ ਸਫ਼ਲਤਾ ਦਾ ਬੋਲ-ਬਾਲਾ ਹੋਏਗਾ
ਢੋਲੇ-ਮਾਹੀਏ, ਪਿਆਰ, ਮੁਹੱਬਤ ਭਰੇ ਗੀਤਾਂ ਲਈ
"ਟਾਪ ਟੈੱਨ" ਵਿੱਚ ਕੋਈ ਥਾਂ ਨਹੀਂ ਹੋਵੇਗੀ
ਇਹੋ ਜਿਹੇ "ਓਵਰ ਡੇਟਿੱਡ" ਗੀਤਾਂ ਨੂੰ ਸੁਨਣ ਵ਼ਾਲੇ
ਬਚੇ-ਖੁਚੇ ਇੱਕਾ-ਦੁੱਕਾ ਇਨਸਾਨਾਂ ਨੂੰ
"ਓਲਡ ਫੈਸ਼ਨਡ" ਆਖ ਦੁਰਕਾਰਿਆ ਜਾਵੇਗਾ
ਕਿਸੇ ਨਵੇਂ ਜਨਮੇ ਬਾਲਕ ਲਈ
ਦੋ ਮਿੰਟ ਦਾ ਮੌਣ ਧਾਰਨ ਹੋਇਆ ਕਰੇਗਾ
ਉਸਦੀ ਉਮਰ ਦੇ ਕਿਆਫ਼ੇ ਲੱਗਿਆ ਕਰਨਗੇ
ਉਹ ਕਿੰਨਵੇਂ ਦੰਗੇ ਤੱਕ ਜੀਂਦਾ ਰਹੇਗਾ
ਇਸ ਮੌਜ਼ੂਹ ਉੱਪਰ ਸ਼ਰਤਾਂ ਲੱਗਿਆ ਕਰਨਗੀਆਂ
ਤੇ ਕਿਸੇ ਦੀ ਮੌਤ ਉਪਰੰਤ ਜਸ਼ਨਾਂ ਦਾ ਜ਼ਮਾਨਾ ਹੋਵੇਗਾ
ਹੈਵਾਨੀਅਤ ਦੇ ਐਸੇ ਯੁੱਗ ਵਿੱਚ
ਜਨਮ ਲੈਣਾ......... ਆਤਮ ਹੱਤਿਆ ਦੇ ਨਾਂ ਨਾਲ ਜਾਣਿਆ ਜਾਵੇਗਾ
ਬਿਨ ਨਾਗਾ.......... ਕਤਲ ਕਰਨ ਵਰਗੇ ਸਮਾਜਿਕ ਕੰਮਾਂ ਲਈ
ਸਨਮਾਨਿਤ ਕੀਤਾ ਜਾਇਆ ਕਰੇਗਾ
ਨਾਲੇ ਅਸੈਂਬਲੀ ਚੋਣਾਂ ਲਈ ਟਿਕਟ ਵੀ ਰਾਖ਼ਵਾਂ ਹੋਵੇਗਾ ।
ਸੋ............ ਜੇ ਇਹੋ ਜਿਹਾ ਹੈਵਾਨ ਬਣ ਕੇ ਹੀ
ਸਾਹ ਸੌਖ਼ਾ "ਆਉਣ ਤੇ ਜਾਣ" ਦੀ ਸੰਭਾਵਨਾ ਹੈ
ਤਾਂ ਛੱਡੋ ਇਨਸਾਨ ਬਨਣ ਦੇ ਝਗੜੇ ਝੇੜੇ
ਇਨਸਾਨੀਅਤ ਨੂੰ ਚਲੋ ਉੱਕਾ ਹੀ ਵਿਸਾਰ ਦਿੱਤਾ ਜਾਵੇ
ਤੇ ਆਪਾਂ ਸਾਰੇ ਦੇ ਸਾਰੇ ਹੈਵਾਨ ਬਣ ਜਾਈਏ
ਨਾ ਕੋਈ ਕਿਸੇ ਨਾਲ ਗਿਲਾ ਹੋਵੇਗਾ........ ਨਾ ਸ਼ਿਕਵਾ
ਨਾ ਮਾਨਵ-ਅਧਿਕਾਰ ਦੇ ਪੰਗੇ
ਨਾ ਹੈਰਾਨ ਪਰੇਸ਼ਾਨ ਕਰਨ ਰੋਜ਼ ਦੇ ਦੰਗੇ
ਕਿਉਂ ਜੁ ਫੇਰ ਇਹ ਆਮ ਰੁਟੀਨ 'ਚ ਸ਼ੁਮਾਰ ਹੋਣਗੇ
ਨਾ ਸਰਕਾਰਾਂ ਨੂੰ ਉਲ੍ਹਾਮੇ
ਨਾ ਉਨ੍ਹਾਂ ਦੇ "ਰਾਹਤ-ਪੈਕੇਜ" ਦੀ ਉਡੀਕ !!
ਉੱਪਰਲੇ ਤੱਥਾਂ ਦੇ ਸੰਦਰਭ ਵਿੱਚ
ਹੁਣ ਤੁਸੀਂ ਮਿੱਥ ਹੀ ਲਓ
ਹੈਵਾਨ ਬਨਣ ਦੀ ਕੋਈ ਸ਼ੁੱਭ ਜਿਹੀ ਤਾਰੀਖ਼........ !!!

●●●





## 1. ਦਾ.ਗ / *ਗੁਰਦਿਆਲ ਪੱਲ੍ਹਾ*

ਲੈਂਦੇ ਹਨ ਕੁਝ ਸ਼ਬਦ
ਉੱਸਲ-ਵੱਟੇ ਮੇਰੇ ਅੰਦਰ
ਤੇ ਹੌਲੀ-ਲੌਹੀ ਹੋ ਕੇ ਅਮ੍ਰਿਤ
ਮੇਰੇ ਅਹਿਸਾਸ ਨੂੰ ਝੰਜੋੜਦੇ
ਸਾਹਾਂ ਟੁੱਟਿਆਂ ਨੂੰ ਜੋੜਦੇ ।
ਆਪਣੇ ਬੇਗਾਨੇ ਦੇ
ਅਰਥਾਂ ਵਿੱਚ ਅਲੋਪ ਹੋ ਕੇ
ਖੜ ਜਾਂਦੇ ਹਨ ਮੇਰੇ ਸਾਹਮਣੇ
ਇਕ ਵੱਡਾ ਸਾਰਾ ਪ੍ਰਸ਼ਨ ਬਣ ਕੇ ।
ਫਿਰ ਪੈਰ ਪੈਰ ਨਹੀਂ ਰਹਿੰਦੇ
ਸਫ਼ਰ ਲੰਮੇ ਹੋ ਜਾਂਦੇ ਹਨ
ਹਫ਼ ਜਾਂਦੇ ਹਨ ਦਿਨ ਤੇ ਰਾਤ
ਤੇ ਮੰਜ਼ਿਲ ਹੋ ਜਾਂਦੀ ਹੈ
ਕੋਈ ਭੁੱਲ ਚੁੱਕੀ ਬਾਤ ।
ਹੱਥ ਤਾਂ ਪਹਿਲਾਂ ਹੀ ਕੱਟੇ ਗਏ ਸਨ
ਜਦੋਂ ਪਿਉ ਦੇ ਕਰਜ਼ ਬਦਲੇ
ਲਿਖਣਾ ਪਿਆ ਸੀ ਪਰਨੋਟ ਤੇ ਨਾਵਾਂ
ਜ਼ਮੀਨ ਪੂਰੀ ਰਹਿਣ ਕਰਕੇ ਵੀ
ਨਹੀਂ ਸੀ ਲੱਥਾ
ਭੂਆ ਦੇ ਵਿਆਹ ਦਾ ਕਰਜ਼ਾ ।
ਰੋਮ-ਰੋਮ ਤੱਕ ਕਰਜ਼ਾਈ ਹੋ ਕੇ
ਪੱਗ ਦੀ ਲਾਜ ਨੂੰ
ਸਲਾਮਤ ਰੱਖਦਾ ਰਿਹਾ ਸੀ ਬਾਪੂ
ਤੇ ਇਹੋ ਹੀ ਪੱਗ ਤੇ ਲੱਜ
ਅੱਜ ਹੈ ਮੇਰੇ ਸਾਹਮਣੇ
ਬੜਾ ਤਰਸ ਆਉਂਦਾ ਸੀ
ਮਾਂ ਨੂੰ ਪੱਗ 'ਤੇ
"ਦਵਾਈ ਖੁਣੋਂ
ਬਿਹਤਰ ਹੈ ਮਰ ਜਾਣਾ
ਪਰ ਦਾਗ਼ ਨਹੀਂ ਲੱਗਣ ਦੇਣਾ
ਪੱਗ ਨੂੰ ਤੇ ਖ਼ਾਨਦਾਨ ਨੂੰ
ਜੀਉਂਦੇ ਜੀਅ ਮੱਥੇ ਕਲੰਕ
ਬੁੱਢੇ ਹੱਡਾਂ ਦਾ ਕੀ ਏ"
ਬੀਮਾਰ ਮਾਂ ਅਕਸਰ ਖੰਘਦੀ
ਤੇ ਇਹੋ ਸੋਚਦੀ ।
ਬੜੀ ਦਾਦ ਦਿੰਦੀ ਹੈ ।
ਘਰ ਵਾਲੀ ਇਸ ਪੱਗ ਨੂੰ
ਪੀੜ੍ਹੀ ਦਰ ਪੀੜ੍ਹੀ ਜਿਸਮ ਵਾਂਗ
ਇਸ ਦਾ ਸ਼ਮਲਾ ਵੀ ਸੁੰਘੜਦਾ ਰਿਹਾ ।
ਕਿੰਨੇ ਸਹੇੜੇ ਗਏ ਹਾਂ ਅਸੀਂ
ਪੂਰੇ ਦਾ ਪੂਰਾ ਟੱਬਰ
ਹੁਣ ਹਮਾਤੜ ਜਿਹੇ ਬਣ ਕੇ
ਗਲ ਘੁੱਟ ਕੇ ਸੱਧਰਾਂ ਦਾ
ਹੰਢਾ ਰਹੇ ਹਾਂ ਗ਼ਰੀਬੀ ਅੱਤ ਦੀ
ਫਿਰ ਵੀ
ਜੀਅ ਰਹੇ ਹਾਂ ਜ਼ਿੰਦਗੀ ਅਪਣੱਤ ਦੀ ।

## 2. ਪ੍ਰਤੀਕ

ਕਿੰਨਾ ਬਦਲ ਗਿਆ ਹੈ ਜ਼ਮਾਨਾ
ਕਦੇ ਸੰਵਾਰਦੇ ਸਾਂ ਆਪਣਾ ਆਪ
ਸ਼ੀਸ਼ੇ ਦੇ ਮੁਹਰੇ ਖੜ ਕੇ
ਆਪਣੀਆਂ ਹੀ ਅੱਖਾਂ ਵਿੱਚੋਂ
ਤੱਕਿਆ ਕਰਦੇ ਸਾਂ
ਮਨ ਭਾਉਂਦੇ ਚਿਹਰੇ ਦਾ ਅਕਸ
ਪੱਗ ਦੇ ਹਰ ਲੜ ਵਿੱਚੋਂ
ਲੱਭਦੇ ਸਾਂ ਅਪਣੱਤ ਦਾ ਸੁਹੱਪਣ।
ਤੇ ਮੁੱਛ ਦਾਹੜੀ ਦੀ
ਕੀਤੀ ਸਜਾਵਟ ਨੂੰ ਵੇਖ
ਖਿੜ ਉੱਠਦਾ ਸੀ ਤਨ ਤੇ ਮਨ
ਤੇ ਖ਼ੁਸ਼ਬੋਆਂ ਨਾਲ ਭਰ ਜਾਂਦੇ ਸਨ
ਖ਼ੂਬਸੂਰਤ ਪਲਾਂ ਦੇ ਚੇਤੇ
ਤੇ ਹੋਰ ਵੀ ਬਹੁਤ ਕੁਝ
ਵਾਪਰ ਜਾਂਦਾ ਸੀ ਜ਼ਿਹਨ ਅੰਦਰ
ਧੁੱਪ ਤੇ ਮੀਂਹ ਦੀ ਵਾਸ਼ਨਾ ਵਰਗਾ ।
ਤੇ ਹੁਣ ਜੱਦ ਤਿਆਰ ਹੋ ਕੇ
ਜਾਣ ਲੱਗਦਾ ਹਾਂ ਕੰਮ 'ਤੇ
ਤਾਂ ਟੋਕ ਦਿੰਦੀ ਹੈ ਜਵਾਨ ਬੇਟੀ
"ਪਾਪਾ ਪੱਗ ਠੀਕ ਕਰੋ
ਅਖ਼ੀਰਲਾ ਪੇਚ ਠੀਕ ਨਹੀਂ ਆਇਆ
ਵਾਲ ਬਾਹਰ ਨੂੰ ਝਾਕ ਰਹੇ ਨੇ

ਕਮੀਜ਼ ਦਾ ਕਾਲਰ ਵੀ ਠੀਕ ਕਰੋ
ਪੈਂਟ ਕਿਵੇਂ ਢਿਲਕ ਰਹੀ ਹੈ
ਕਮੀਜ਼ ਅੰਦਰ ਕਰੋ
ਤੇ ਬੈਲਟ ਨੂੰ ਹੋਰ ਕੱਸੋ ।
ਦਾਹੜਾ ਕਿਵੇਂ ਖਿਲਰਿਆ ਹੈ
ਠਾਠੀ ਨਾਲ ਸੰਵਾਰਿਆ ਕਰੋ
ਬੂਟ ਵੀ ਪਾਲਿਸ਼ ਕਰਾ ਲਿਓ
ਦੋ ਰੁਪਏ ਦੀ ਤਾਂ ਗੱਲ ਹੈ
ਕਿੰਨੇ ਕੰਜੂਸ ਹੋ ਗਏ ਨੇ
ਸਭ ਕੁਝ ਹੁੰਦੇ ਸੁੰਦੇ।"
ਤੁਰਨ ਲੱਗਦਾ ਮੈਂ
ਟੋਹਦਾ ਹਾਂ ਜੇਬ ਵਿੱਚ ਬਟੂਆ
ਤੇ ਵੇਖਦਾ ਹਾਂ
ਨੋਟ ਨੋਟ ਹੋਇਆ
ਬਟੂਏ 'ਚੋਂ ਕਿਰ ਰਿਹਾ
ਜਵਾਨ ਹੋਈ ਧੀ ਦਾ ਫ਼ਿਕਰ
ਅੱਖਾਂ 'ਚ ਲੈ ਕੇ
ਉੱਖੜੇ ਜਿਹੇ ਅਹਿਸਾਸ
ਸੋਚਾਂ 'ਚ ਖੁਭਿਆ ਘਬਰਾਇਆ ਹੋਇਆ
ਤੁਰ ਪੈਂਦਾ ਹਾਂ
ਬੋਝਲ ਪੈਰਾਂ ਦਾ ਭਾਰ ਲੈ ਕੇ
ਤੇ ਫ਼ਾਸਲਾ
ਘਰ ਤੋਂ ਕੰਮ ਤੱਕ
ਮੇਰੀ ਉਮਰ ਵਿੱਚ ਖੋ ਗਿਆ
ਜ਼ਿੰਦਗੀ ਦਾ ਪ੍ਰਤੀਕ ਬਣ ਕੇ
ਅਤੇ
ਇਸ ਤਰ੍ਹਾਂ ਹੀ ਖ਼ਰਚ ਹੋ ਗਿਆ
ਜ਼ਿੰਦਗੀ ਦਾ ਬਾਕੀ ਹਿੱਸਾ ।
*ਪਿੰਡ ਪੱਲ੍ਹਾ, ਜ਼ਿਲ੍ਹਾ ਅੰਮ੍ਰਿਤਸਰ,*

## ਵਾਘਿਓਂ ਪਾਰ

### ਰਮਜ਼ਾਨਾ / *ਐਮ ਵਾਈ. ਕੇਸਰ*

ਉਂਞ ਤੇ ਕੰਮਾਂ ਨੂੰ ਉਹ ਬੜਾ ਭੰਬੀਰੀ ਏ
ਦੇਂਦੀ ਗਾਂ ਨੂੰ ਸਾਬਤ ਕਰਦਾ ਖੀਰੀ ਏ
ਗੱਲਾਂ ਵਿਚ ਨਾ ਉਹਦਾ ਕੋਈ ਸੀਰੀ ਏ,
ਲੱਖਾਂ ਦਾ ਸੀ ਬੰਦਾ ਰਿਹਾ ਨਾ ਆਨੇ ਦਾ,
ਦੁਨੀਆਂ ਵਿਚ ਨਹੀਂ ਜੋੜ ਕੋਈ ਰਮਜ਼ਾਨੇ ਦਾ ।

ਛੱਡੋ ਉਹਦੀਆਂ ਬਾਕੀ ਸਭ ਕਹਾਣੀਆਂ ਨੂੰ,
ਵੇਖੀ, ਜਾਓ ਉਹਦੀਆਂ ਆਣੀਆਂ ਜਾਣੀਆਂ ਨੂੰ,
ਪਾ ਦਿੰਦਾ ਏ ਠੱਲ੍ਹਾਂ ਵਗਦੇ ਪਾਣੀਆਂ ਨੂੰ
ਛੱਤਾਂ ਉੱਤੇ ਪਾਵੇ ਲੈਂਟਰ ਕਾਨੇ ਦਾ
ਦੁਨੀਆ ਵਿਚ ਨਹੀਂ ਜੋੜ ਕੋਈ ਰਮਜ਼ਾਨੇ ਦਾ ।

ਨੱਸਣ ਭੱਜਣ ਦਾ ਵਲ ਉਸ ਨੂੰ ਆਂਦਾ ਏ,
ਹੁੰਦੇ ਕੰਮ ਨੂੰ ਹੋਰ ਪਿਆ ਲਮਕਾਂਦਾ ਏ,
ਪੁੱਛੋ ਗੱਲ ਤੇ ਬਸ ਜ਼ਰਾ ਮੁਸਕਾਂਦਾ ਏ,
ਨਹੀਂ ਜਵਾਬ ਉਸਦੇ ਕਿਸੇ ਬਹਾਨੇ ਦਾ,
ਦੁਨੀਆ ਵਿਚ ਨਹੀਂ ਜੋੜ ਕੋਈ ਰਮਜ਼ਾਨੇ ਦਾ ।

ਬਿਨ ਕੰਮੋਂ ਵੀ ਫਿਰਦਾ ਮੁੜ੍ਹਕੋ-ਮੁੜ੍ਹਕੀ ਏ,
ਵਿਹਲੇ ਦੀ ਵੀ ਲੱਗੀ ਫਿਰਦੀ ਦੁੜਕੀ ਏ,
ਇੱਕ ਨਾ ਇੱਕ ਦਿਨ ਉਹਦੀ ਹੋਣੀ ਕੁੜਕੀ ਏ,
ਉਹ ਤਾਂ ਹੈ ਕਰਜ਼ਾਈ ਕੁੱਲ ਜ਼ਮਾਨੇ ਦਾ,
ਦੁਨੀਆ ਵਿਚ ਨਹੀਂ ਜੋੜ ਕੋਈ ਰਮਜ਼ਾਨੇ ਦਾ ।

(ਪੰਚਮ, ਲਾਹੌਰ)



### ਨਵੇਂ ਚਿਹਰੇ / *ਪਰਮਜੀਤ ਢੀਂਗਰਾ*

1. ਮਾਰੂਥਲੀ ਹਵਾਵਾਂ 'ਚ ਤੜਫ਼ਦੀ ਪਿਆਸ
ਮ੍ਰਿਗ-ਤ੍ਰਿਸ਼ਨਾ ਪਿੱਛੇ ਭੱਜਦੀ
ਨਾ ਕੋਈ ਰਾਮ ਉਹਦਾ
ਨਾ ਕੋਈ ਅੱਲ੍ਹਾ ਉਹਦਾ
ਉਹ ਤਾਂ ਰੁੱਖਾਂ ਦੀ ਖ਼ੈਰ ਮੰਗਦੀ
ਨਦੀਆਂ ਦੇ ਪਾਣੀ ਮੰਗਦੀ
ਪਹਾੜਾਂ 'ਤੇ ਬਰਫ਼ ਸੁਖਦੀ
ਧਰਤੀ ਦੀ ਹਰੀ ਕੁੱਖ ਲਈ ਦੁਆ ਕਰਦੀ
ਚੌਰਾਹੇ ਵਿਚ ਤ੍ਰਿਸ਼ੂਲਾਂ ਨੇ ਵਿੰਨ੍ਹ ਧਰੀ

2. ਲਾਸ਼ਾਂ ਦੀ ਦਲਦਲ ਚੋਂ
ਹਰ ਕੋਈ ਚੁਣ ਰਿਹੈ
ਆਪਣੇ ਆਪਣੇ ਰੰਗ ਦੀ ਲਾਸ਼
ਫਿਰ ਆਪਣੇ ਹੀ ਰੰਗ ਦੇ
ਕੱਪੜੇ 'ਚ ਲਪੇਟ ਕੇ
ਕੋਈ ਧਾੜ ਰਿਹੈ
ਕੋਈ ਦਫਨਾ ਰਿਹੈ
ਇਕ ਦੂਜੇ ਨੂੰ ਜਾਣਦੇ ਪਹਿਚਾਣਦੇ ਚਿਹਰੇ
ਕਰਦੇ ਨੇ ਗਿਲੇ, ਸ਼ਿਕਵੇ, ਅਫ਼ਸੋਸ
ਭਾਈਚਾਰਕ ਸਾਂਝਾਂ ਚਿਣਦੇ
ਫਿਰ ਵੀ ਚੁਣ ਰਹੇ ਨੇ
ਆਪਣੇ ਆਪਣੇ ਰੰਗ ਦੀ ਲਾਸ਼

3. ਤਕਸੀਮ ਨੇ ਸਰਹੱਦਾਂ ਚਿਣੀਆਂ
ਅਸਾਂ ਆਪ ਆਪਣੀਆਂ
ਆਰ ਕਬਰਾਂ ਖੋਦੀਆਂ
ਪਾਰ ਕਬਰਾਂ ਖੋਦੀਆਂ
ਹੁਣ ਤਕਸੀਮ ਤੇ ਸਰਹੱਦ ਦੇ
ਆਰ ਪਾਰ ਜਿਉਂਦੇ
ਹੋਰ ਤਕਸੀਮ ਦੇ ਆਹਰ 'ਚ
ਭਵਿੱਖ ਦੀਆਂ ਕਬਰਾਂ ਖੋਦ ਰਹੇ ਹਾਂ

4. ਕਿਆਮਤ ਦਾ ਦਿਨ ਨਹੀਂ ਸੀ
ਪਰ ਸੂਰਜ ਗੋਡੇ ਗੋਡੇ ਨੀਵਾਂ ਸੀ
ਦੋਵੇਂ ਰੰਗ ਇਕ ਦੂਜੇ ਦੇ ਪਿਆਸੇ
ਇਕੋ ਲਹੂ ਦਾ ਰੰਗ ਵਹਾ ਰਹੇ ਸਨ
ਕਿਆਮਤ ਦਾ ਦਿਹਾੜਾ ਸਿਰਜ ਰਹੇ ਸਨ।

5. ਸੰਤਾਲੀ ਵਿਚ ਮਰਿਆ ਪੰਛੀ
ਕੁਕਨੂਸ ਵਾਂਗ ਆਪਣੀ ਰਾਖ 'ਚੋਂ
ਫਿਰ ਜਾਗਿਐ
ਹਵਾ ਦੇ ਹਾਸ਼ੀਏ ਗਹਿਰਾ ਗਏ ਨੇ
ਰੁੱਖਾਂ ਨੇ ਛਾਂ ਸਮੇਟ ਲਈ ਏ
ਸੜਕਾਂ ਇਕੱਠੀਆਂ ਹੋ ਗਈਆਂ ਨੇ
ਲਹੂ ਦੇ ਦਰਿਆਵਾਂ ਲਈ
ਰਾਹ ਮੋਕਲਾ ਹੋ ਗਿਐ।

6. ਅੱਖਾਂ 'ਚ ਫੈਲੀ ਪੱਤਝੜੀ ਉਦਾਸੀ
ਰੋਣਹਾਕੇ ਬਦਰੰਗੇ ਬਾਲ
ਬਸੰਤ ਦੀ ਲੰਘੀ ਉਡੀਕ 'ਚ
ਕੈਂਪਾਂ ਵਿਚ ਬੁੱਢੇ ਹੋ ਜਾਣਗੇ।

7. ਪ੍ਰੇਤ ਪੌਣਾਂ ਨਾਲ ਖੇਡਦੀਆਂ
ਚਿਤਕਬਰੀਆਂ ਆਵਾਜ਼ਾਂ
ਅਜੇ ਵੀ ਆਪਣੇ ਅੰਤਰਾਲ ਵਿਚ ਛੁਪੀਆਂ
ਕੁਤਰ ਰਹੀਆਂ ਨੇ—
ਸਾਡੇ ਸੁਪਨੇ, ਆਹਾਂ, ਚੀਕਾਂ
ਭੂਤ-ਭਵਿੱਖ-ਵਰਤਮਾਨ।

ਯੂ. ਕੇ. ਵਾਸੀ, ਪੰਜਾਬੀ ਕਵੀ ਗੁਰਨਾਮ ਢਿੱਲੋਂ ਦਾ
ਨਵਾਂ ਪਤਾ

**MR. GURNAM DHILLON**

**White Lodge, 39, Bullscopse Lane, Horndean**
**Water Looville, Hants, U.K.**
**PO8–9RA**

## ਪ੍ਰਭਾਤ ਤੋਂ ਪਹਿਲਾਂ / ਰਾਜਵਿੰਦਰ ਸਿੱਧੂ

ਆਪਣੇ ਵਤਨ ਦੀ ਪਾਕਿ ਮਿੱਟੀ ਦੀ ਕੁੱਖੋਂ ਹੋਇਆ
ਸਾਰੇ ਦਾ ਸਾਰਾ ਸੱਚ ਹਾਂ ਮੈਂ
ਤੇ ਸੱਚ ਤੋਂ ਸਿਵਾਇ ਕੁਝ ਵੀ ਨਹੀਂ
ਮੁੱਢ ਕਦੀਮੋਂ ਹੁੰਦੀ ਆਈ ਹੈ ਮੇਰੀ ਪ੍ਰੀਭਾਸ਼ਾ ਨੂੰ ਬਦਲਣ ਦੀ ਕੋਸ਼ਿਸ਼
ਸਮੇਂ ਦਿਆਂ ਹਾਕਮਾਂ ਨੇ ਕਦੇ ਸੂਲੀ 'ਤੇ ਟੰਗਿਆ
ਕਦੇ ਨੀਂਹਾਂ 'ਚ ਚਿਣਿਆ, ਕਦੇ ਚਰਖੜੀਆਂ 'ਤੇ ਚੜ੍ਹਾਇਆ
ਕਦੇ ਆਰਿਆਂ ਨਾਲ ਚੀਰਿਆ, ਕਦੇ ਤਪਦੀਆਂ ਤਵੀਆਂ 'ਤੇ ਬਿਠਾਇਆ
ਕਦੇ ਦੇਗਾਂ 'ਚ ਉਬਾਲਿਆ, ਕਦੇ ਖੋਪੜੀਆਂ ਲਾਹੀਆਂ
ਕਦੇ ਬੰਦ-ਬੰਦ ਕੱਟਿਆ, ਕਦੇ ਗੋਲੀਆਂ ਨਾਲ ਵਿੰਨ੍ਹਿਆ
ਕਦੇ ਅੱਗਾਂ 'ਚ ਸਾੜਿਆ, ਕਦੇ ਸਤਲੁਜ 'ਚ ਰੋੜ੍ਹਿਆ
ਪਰ ਮੇਰੀ ਤਾਸੀਰ ਨਹੀਂ ਬਦਲੀ
ਮੇਰੀ ਪ੍ਰੀਭਾਸ਼ਾ ਨਹੀਂ ਬਦਲੀ
ਮਹਿਜ਼ ਸਰੀਰ ਨਹੀਂ ਹਾਂ ਮੈਂ
ਸਰੀਰ ਤਾਂ ਮਹਿਜ਼ ਲਿਬਾਸ ਹੈ ਮੇਰਾ
ਕੱਲ੍ਹ ਵੀ ਜਿਉਂਦਾ ਸਾਂ ਮੈਂ, ਅੱਜ ਵੀ ਜਿਉਂਦਾ ਹਾਂ ਮੈਂ
"ਆਦਿ ਸੱਚੁ, ਜੁਗਾਦਿ ਸੱਚੁ ਰਹਾਂਗਾ ਵੀ ਸੱਚ"
ਅੰਨ੍ਹੇ ਹਨੇਰਿਆਂ ਦੀ ਹਿੱਕ 'ਤੇ ਮਸ਼ਾਲ ਵਾਂਗ ਮੱਚਦਾ
ਰਾਤ ਕਿੱਡੀ ਵੀ ਲੰਮੀ ਹੋਵੇ, ਰਾਤ ਕਿੱਡੀ ਵੀ ਕਾਲੀ ਹੋਵੇ
ਜੁਗਨੂੰ ਕਹੋ, ਤਾਰਾ ਕਹੋ, ਸੂਰਜ ਤਾਂ ਇਸਦੀ ਕਿਰਨ
ਪਰ ਮੈਂ ਚੀਰ ਹੀ ਜਾਵਾਂਗਾ ਇਸ ਨੂੰ
ਉਸ ਸੂਹੀ ਸਵੇਰ ਦੇ ਬੂਹੇ 'ਤੇ ਦਸਤਕ ਦੇਣ ਲਈ..... ।

## ਗ਼ਜ਼ਲ / ਅੰਮ੍ਰਿਤ

ਕੁਈ ਧੂੰਆਂ ਨਹੀਂ ਉਠਦਾ, ਜਦੋਂ ਬੰਦਾ ਇਹ ਧੁਖਦਾ ਹੈ।
ਇਹ ਤਾਂ ਕਾਗਜ਼ ਕਰੇ ਕਾਲੇ, ਇਹ ਕੋਲਾ ਹੋ ਕੇ ਲਿਖਦਾ ਹੈ।
ਬੜੀ ਛੋਟੀ ਜਿਹੀ ਵਸਤੂ ਹੈ ਜਿਸਨੂੰ ਫਰਜ਼ ਕਹਿੰਦੇ ਹੋ,
ਤਦੇ ਹੀ ਫਰਜ਼ ਦਬ ਜਾਵੇ, ਜਦੋਂ ਅਧਿਕਾਰ ਦਿਖਦਾ ਹੈ।
ਮੈਂ ਦਸ ਬੈਠਾ ਕਿ ਸਿਰ ਦੁਖਦਾ ਸਪੀਕਰ ਸੁਣ ਕੇ ਮਜ਼੍ਹਬਾਂ ਦੇ,
ਉਹ ਵੱਢ ਕੇ ਸਿਰ ਮਿਰਾ ਪੁਛਦੇ, "ਭਲਾ ਕੀ ਹੁਣ ਵੀ ਦੁਖਦਾ ਹੈ ?"
ਇਹਨਾਂ ਪੱਥਰ ਦਿਆਂ ਮਹਿਲਾਂ 'ਚ ਤਾਂ ਸਭ ਰਹਿ ਹੀ ਲੈਂਦੇ ਨੇ,
ਰਹੇ ਜੋ ਧੜਕਦੇ ਦਿਲ ਵਿਚ, ਕੁਈ ਵਿਰਲਾ ਹੀ ਦਿਖਦਾ ਹੈ।
ਨਿਰੇ ਸਾਹਾਂ ਦੇ ਮੁੱਕਣ ਨਾਲ 'ਅੰਮ੍ਰਿਤ' ਮੁਕ ਨਹੀਂ ਸਕਦਾ,
ਉਹ ਜ਼ਿੰਦਾ ਰਹਿਣ ਨੂੰ ਦਿਲ ਵਿਚ ਕਈ ਅਰਮਾਨ ਰੱਖਦਾ ਹੈ।

*ਪੰਡੋਰੀ ਮੁਹੱਲਾ, ਸੁਲਤਾਨਪੁਰ ਲੋਧੀ, ਕਪੂਰਥਲਾ*



*ਉਰਦੂ ਕਹਾਣੀ*

## ਤਿਤਲੀਆਂ ਦੀ ਭਾਲ਼ ਵਿਚ / *ਜ਼ਾਹਿਦਾ ਹਿਨਾ*

ਨਰਜਿਸ ਨੇ ਚਿੱਟੇ ਦੁੱਧ ਵਾਲ਼ਾਂ ਵਾਲੀ ਅੰਮਾ ਨੂੰ ਦੇਖਿਆ ਜੋ ਸੀਖਾਂ ਵਾਲੇ ਦਰਵਾਜ਼ੇ ਦੇ ਦੂਜੇ ਪਾਸੇ ਬੈਠੀ ਸੀ ਅਤੇ ਜਿਸ ਦੀਆਂ ਅੱਖਾਂ ਵਿਚ ਹੰਝੂਆਂ ਦੀ ਝੜੀ ਲਗੀ ਹੋਈ ਸੀ। ਭਰਾ ਸਿਰ ਨਿਵਾਈ ਬੈਠਾ ਸੀ। ਨਰਜਿਸ ਨੂੰ ਉਸਦਾ ਚਿਹਰਾ ਨਜ਼ਰ ਨਹੀਂ ਆ ਰਿਹਾ ਸੀ।

ਮਹੇਦੀ ਤਾੜੀ ਮਾਰ ਕੇ ਜ਼ੋਰ ਨਾਲ ਹੱਸਿਆ। ਫੇਰ ਉਸਨੇ ਸੀਖਾਂ ਵਿਚੋਂ ਦੋਨੋਂ ਹੱਥ ਬਾਹਰ ਕੱਢ ਦਿੱਤੇ। "ਮੰਮਾ ਮੇਰੀ ਟਾਫੀ," ਉਹ ਚਹਿਕ ਪਿਆ। ਭਰਾ ਨੇ ਆਪਣਾ ਝੁਕਿਆ ਸਿਰ ਉਤਾਂਹ ਚੁੱਕਿਆ ਤੇ ਮਹੇਦੀ ਦੇ ਦੋਨੋਂ ਹੱਥਾਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ਲੂਣੇ ਪਾਣੀ ਦੀਆਂ ਬੂੰਦਾਂ ਮਹੇਦੀ ਦੇ ਧੂੜ ਭਰੇ ਹੱਥਾਂ ਨੂੰ ਧੋਣ ਦੀ ਨਾਕਾਮ ਕੋਸ਼ਿਸ਼ ਕਰਨ ਲੱਗੀਆਂ।

ਨਰਜਿਸ ਨੇ ਦੂਜੇ ਚੰਗੇ ਮਾੜੇ ਪੜਾਵਾਂ ਦੀ ਤਰ੍ਹਾਂ ਇਸ ਪੜਾਅ ਨੂੰ ਵੀ ਅੰਦਰ ਸਮੇਟ ਲਿਆ। ਉਸਦੇ ਦਿਲ ਨੂੰ ਤਸੱਲੀ ਹੀ ਹੋਈ। ਅੰਮਾ ਨਹੀਂ ਰਹੇਗੀ ਫਿਰ ਵੀ ਮਹੇਦੀ ਦੇ ਸਿਰ 'ਤੇ ਕੋਈ ਤਾਂ ਹੱਥ ਰੱਖਣ ਵਾਲਾ ਹੋਵੇਗਾ। ਭਰਾ ਉਸ ਨੂੰ ਜੀ ਜਾਨ ਨਾਲ ਚਾਹੁੰਦਾ ਸੀ। ਉਹ ਮਹੇਦੀ ਨੂੰ ਵੀ ਉਸੇ ਤਰ੍ਹਾਂ ਰੱਖੇਗਾ। ਭਰਾ ਨੇ ਉਸਨੂੰ ਰਹਿਮ ਦੀ ਅਪੀਲ ਤੇ ਦਸਤਖਤ ਕਰਨ ਲਈ ਕਿੰਨੇ ਮਿੰਨਤਾਂ ਤਰਲੇ ਕੀਤੇ ਸਨ ਪ੍ਰੰਤੂ ਨਰਜਿਸ ਲਈ ਇਹ ਮੁਮਕਿਨ ਨਹੀਂ ਸੀ। ਅਪੀਲ ਦਾ ਸਮਾਂ ਲੰਘ ਗਿਆ ਤਾਂ ਹੁਣ ਉਹ ਮੌਤ ਦੇ ਆਹਮਣੇ ਸਾਹਮਣੇ ਸੀ।

ਅੰਮਾ ਨੇ ਉਸਦਾ ਹੱਥ ਇਉਂ ਥੰਮ੍ਹਿਆ ਹੋਇਆ ਸੀ ਜਿਵੇਂ ਤੈਰਾਕ ਡੁੱਬਣ ਵਾਲੇ ਦਾ ਹੱਥ ਫੜਦੇ ਹਨ। ਇਸ ਸਪਰਸ਼ ਵਿਚ ਬੇਬਸੀ ਸੀ, ਜੁਦਾਈ ਸੀ, ਢੇਰ ਸਾਰਾ [illegible] ਸੀ। ਇਹ ਸਪਰਸ਼ ਬਾਹਰ ਦੀ ਦੁਨੀਆ ਨਾਲ ਉਸਦਾ ਆਖਰੀ ਨਾਤਾ ਸੀ। ਉਹ ਦੁਨੀਆ ਜੋ ਖ਼ੂਬਸੂਰਤੀ ਤੇ ਬਦਸੂਰਤੀ ਨਾਲ ਚੰਗਿਆਂ ਤੇ ਬੁਰਿਆਂ ਨਾਲ, ਪਿਆਰ ਤੇ ਨਫ਼ਰਤ ਨਾਲ ਭਰੀ ਹੋਈ ਸੀ।

ਮਹੇਦੀ ਖਿੜਦਾ ਰਿਹਾ। ਭਰਾ ਨਾਲ ਗੱਲਾਂ ਕਰਦਾ ਰਿਹਾ। ਕਦੇ ਪਲ ਛਿਣ ਲਈ ਆਪਣਾ ਪਿਦਕੂ ਜਿਹਾ ਚਿਹਰਾ ਬਾਹਰ ਕੱਢ ਕੇ ਮੰਮਾ ਦੇ ਚਿਹਰੇ ਨੂੰ ਚੁੰਮਦਾ ਰਿਹਾ ਤੇ ਕਦੀ ਹੱਥ ਵਧਾ ਕੇ ਨਾਨੀ ਦੇ ਬਾਲਾਂ ਵਿਚ ਉਲਝਦਾ ਰਿਹਾ।

"ਅੰਮਾ ਇਸੇ ਗੱਲ 'ਤੇ ਖੁਸ਼ ਹੋ ਲਉ ਕਿ ਮਹੇਦੀ ਹੁਣ ਆਜ਼ਾਦ ਹੋ ਜਾਏਗਾ। ਇਸਨੇ ਸੀਖਾਂ, ਜ਼ੰਜੀਰਾਂ, ਹੱਥਕੜੀਆਂ ਤੇ ਸੰਗੀਨਾਂ ਤੋਂ ਇਲਾਵਾ ਦੇਖਿਆ ਹੀ ਕੀ ਹੈ ? ਉਹ ਉਥੇ ਹੀ ਪੈਦਾ ਹੋਇਆ ਤੇ ਇਹੀ ਬੈਰਕਾਂ ਉਸਦੀ ਪੂਰੀ ਦੁਨੀਆ ਹੈ। ਹੁਣ ਉਹ ਸਕੂਲ ਜਾਏਗਾ, ਬਾਜ਼ਾਰ ਜਾਏਗਾ, ਪਾਰਕ ਵਿਚ ਖੇਲੇਗਾ। ਭਾਜੀ ਇਸਨੂੰ ਝੂਲੇ 'ਤੇ ਜ਼ਰੂਰ ਬੈਠਾਉਣਾ।"

"ਆਪਾ ਤੈਨੂੰ ਖੁਦਾ ਰਸੂਲ ਦਾ ਵਾਸਤਾ ਚੁੱਪ ਰਹੋ।" ਭਰਾ ਅਬਾ ਤਬਾ ਬੋਲਣ ਲੱਗਾ। ਤੇ ਉਹ ਖ਼ਾਮੋਸ਼ ਹੋ ਗਈ। ਉਹ ਅੰਮਾ ਤੇ ਭਰਾ ਦਾ ਦੁੱਖ-ਦਰਦ ਸਮਝਦੀ ਸੀ ਪਰ ਉਹ ਉਨ੍ਹਾਂ ਨੂੰ ਇਹ ਨਹੀਂ ਸਮਝਾ ਸਕਦੀ ਸੀ ਕਿ ਕਦੇ ਕਦੇ ਇਨਸਾਨ ਆਪਣੇ ਲਈ ਮੌਤ ਖੁਦ ਆਪ ਚੁਣਦਾ ਹੈ ਤਾਂ ਕਿ ਦੂਸਰੇ ਜ਼ਿੰਦਾ ਰਹਿ ਸਕਣ। ਮੌਤ ਦੇ ਪਿਆਲੇ ਵਿਚ ਜਦ ਤੱਕ ਜ਼ਿੰਦਗੀ ਦੇ ਸਿੱਕੇ ਨਾ ਪਾਏ ਜਾਣ ਆਦਰਸ਼ ਹੱਥ ਨਹੀਂ ਆਉਂਦੇ।

ਉਹ ਤੇ ਹੁਸੈਨ ਇਕੱਠੇ ਗ੍ਰਿਫਤਾਰ ਹੋਏ ਸਨ। ਫਿਰ ਪਤਾ ਚੱਲਿਆ ਕਿ ਤਫ਼ਤੀਸ਼ ਦੇ ਦੌਰਾਨ ਹੁਸੈਨ

ਨੇ ਖ਼ੁਦਕੁਸ਼ੀ ਕਰ ਲਈ। ਹੁਸੈਨ ਤੋਂ ਉਸਦਾ ਯਕੀਨ ਇਕ ਪਲ ਲਈ ਵੀ ਨਹੀਂ ਡੋਲਿਆ। ਉਹ ਵੀ ਉਸੇ ਵਾਂਗ ਹੀ ਜ਼ਮੀਰ ਦਾ ਕੈਦੀ ਸੀ ਤੇ ਜ਼ਮੀਰ ਦੇ ਕੈਦੀ ਖ਼ੁਦਕੁਸ਼ੀ ਨਹੀਂ ਕਰਦੇ। ਰਹਿਮ ਦੀ ਭੀਖ ਨਹੀਂ ਮੰਗਦੇ।

ਆਖਿਰੀ ਮੁਲਾਕਾਤ ਦਾ ਸਮਾਂ ਖਤਮ ਹੋਇਆ ਤਾਂ ਅੰਮਾ ਬੇਹੋਸ਼ ਹੋ ਕੇ ਡਿੱਗ ਪਈ। ਭਰਾ ਸੀਖਾਂ ਨਾਲ ਚਿੰਬੜ ਗਿਆ। ਉਹ ਉਸਦਾ ਮੱਥਾ ਚੁੰਮ ਰਿਹਾ ਸੀ, ਉਸਦੇ ਹੱਥਾਂ ਨੂੰ ਪਿਆਰ ਕਰ ਰਿਹਾ ਸੀ। ਉਸਦੇ ਵਾਲਾਂ 'ਤੇ ਹੱਥ ਫੇਰ ਰਿਹਾ ਸੀ।

ਫਿਰ ਉਹ ਲੋਕ ਚਲੇ ਗਏ। ਨਹੀਂ ਚਲੇ ਨਹੀਂ ਗਏ ਲਿਜਾਏ ਗਏ। ਨਰਜਿਸ ਦਾ ਕਿੰਨਾ ਦਿਲ ਕੀਤਾ ਕਿ ਆਖਿਰੀ ਬਾਰ ਭਰਾ ਨੂੰ ਸੀਨੇ ਨਾਲ ਲਾ ਲਏ, ਪਰ ਇਹ ਮੁਮਕਿਨ ਨਹੀਂ ਸੀ। ਜੇਲ੍ਹ ਦੇ ਕਾਨੂੰਨ ਇਨਸਾਨਾਂ ਦੇ ਬਣਾਏ ਹੋਏ ਸਨ। ਉਨ੍ਹਾਂ ਤੋਂ ਇਨਸਾਨੀ ਰਿਸ਼ਤਿਆਂ ਤੇ ਜਜ਼ਬਾਤਾਂ ਦਾ ਖ਼ਿਆਲ ਰੱਖਣਾ ਬੇਕਾਰ ਸੀ।

ਮਾਮਾ ਚਲਾ ਗਿਆ ਤਾਂ ਮਹੇਦੀ ਰੋਣ ਲੱਗਾ। ਉਹ ਉਥੇ ਜਾਣਾ ਚਾਹੁੰਦਾ ਸੀ ਜਿਥੇ ਦੀਆਂ ਕਹਾਣੀਆਂ ਅੰਮਾ ਨੇ ਸੁਣਾਈਆਂ ਸਨ। ਪਰ ਅੰਮਾ ਤਾਂ ਉਸਨੂੰ ਕਿਤੇ ਵੀ ਨਹੀਂ ਸੀ ਜਾਣ ਦਿੰਦੀ।

"ਕਲ੍ਹ ਚਲੇ ਜਾਣਾ-ਤੇਰਾ ਮਾਮਾ ਤੈਨੂੰ ਲੈ ਜਾਵੇਗਾ।" ਨਰਜਿਸ ਮਹੇਦੀ ਦੀਆਂ ਗੱਲ੍ਹਾਂ ਚੁੰਮਣ ਲੱਗ ਪਈ।

ਵਾਰਡਨ ਮਰੀਅਮ ਨੇ ਮਾਂ-ਪੁੱਤਰਾਂ 'ਤੇ ਇਕ ਨਜ਼ਰ ਮਾਰੀ ਅਤੇ ਸਿਰ ਝੁਕਾ ਲਿਆ। ਇਹ ਕਿਹੋ ਜਿਹੀ ਔਰਤ ਸੀ ਜਿਸਨੇ ਮੌਤ ਦੀ ਸਜ਼ਾ ਦੇ ਖਿਲਾਫ਼ ਰਹਿਮ ਦੀ ਅਪੀਲ ਨਹੀਂ ਕੀਤੀ ਸੀ। ਜਿਸਨੇ ਫਾਂਸੀ ਘਾਟ 'ਤੇ ਪਹੁੰਚ ਕੇ ਇਕ ਵੀ ਹੰਝੂ ਨਹੀਂ ਸੀ ਕੇਰਿਆ। ਚੀਕਾਂ ਨਹੀਂ ਸੀ ਮਾਰੀਆਂ। ਖ਼ੁਦਾ ਤੋਂ ਲੈ ਕੇ ਜੇਲ੍ਹਰ ਤੱਕ ਕਿਸੇ ਨੂੰ ਵੀ ਗਾਲੀਆਂ ਨਹੀਂ ਸਨ ਦਿੱਤੀਆਂ।

ਇਹ ਅਜੀਬ ਔਰਤ ਸੀ ਕਿ ਜਦੋਂ ਉਸਨੂੰ ਕੁਰਾਨ ਦਿੱਤਾ ਗਿਆ ਤਾਂ ਉਸਨੇ ਉਸਨੂੰ ਅੱਖੀਆਂ ਨਾਲ ਲਾ ਕੇ ਇਕ ਪਾਸੇ ਰੱਖ ਦਿੱਤਾ ਤੇ ਆਪਣੇ ਬੇਟੇ ਨੂੰ ਚੁੰਮਦੀ ਰਹੀ। ਮੌਲਵੀ ਸਾਹਿਬ ਨੇ ਉਸਨੂੰ ਨਮਾਜ਼ ਪੜ੍ਹਨ ਦੀ, ਖ਼ੁਦਾ ਦੀ ਸਰਕਾਰ ਤੋਂ ਮੁਆਫ਼ੀ ਮੰਗਣ ਦੀ ਸਲਾਹ ਦਿੱਤੀ ਤਾਂ ਉਹ ਮੁਸਕਰਾਉਂਦੀ ਰਹੀ। ਮੌਲਵੀ ਸਾਹਿਬ ਦੇ ਜਾਣ ਤੋਂ ਬਾਦ ਉਸਨੇ 'ਜਾਇ ਨਮਾਜ਼' ਆਪਣੇ ਸਿਰਹਾਣੇ ਥੱਲੇ ਰੱਖ ਲਈ। ਫਿਰ ਸਿਰਹਾਣੇ ਤੇ ਸਿਰ ਰੱਖ ਕੇ ਲੇਟ ਗਈ 'ਤੇ ਬੇਟੇ ਨੂੰ ਕਹਾਣੀ ਸੁਣਾਉਣ ਲੱਗੀ।

ਜ਼ਨਾਨਾ ਵਾਰਡ ਕਿਹੋ ਕਿਹੋ ਜਿਹੀਆਂ ਮੁਜਰਿਮ ਤੇ ਮੁਲਜ਼ਿਮ ਔਰਤਾਂ ਨਾਲ ਭਰਿਆ ਹੋਇਆ ਸੀ। ਪਰ ਉਨ੍ਹਾਂ ਸਾਰਿਆਂ ਨੂੰ ਨਰਜਿਸ ਆਪਣੇ ਵਿਚੋਂ ਨਹੀਂ ਸੀ ਲੱਗਦੀ। ਪਿਛਲੇ ਚਾਰ ਸਾਲਾਂ ਤੋਂ ਉਨ੍ਹਾਂ ਬੁਰੀਆਂ ਔਰਤਾਂ ਨੇ ਉਸਨੂੰ ਬਹੁਤ ਹੀ ਚੰਗੀ ਤਰ੍ਹਾਂ ਰੱਖਿਆ ਹੋਇਆ ਸੀ। ਉਹ ਉਨ੍ਹਾਂ ਦੀ ਸਮਝ ਤੋਂ ਪਰੇ ਸੀ। ਇਸ ਲਈ ਉਹ ਉਸਨੂੰ ਪਿਆਰ ਕਰਦੀਆਂ ਸਨ। ਉਸਦਾ ਇਹਤਰਾਮ ਕਰਦੀਆਂ ਸਨ, ਉਸ ਤੋਂ ਡਰੀਆਂ ਰਹਿੰਦੀਆਂ ਸਨ। ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਸੀ ਆਉਂਦੀ ਕਿ ਜਦੋਂ ਉਸਨੇ ਕਿਸੇ ਦੀ ਨੱਕ-ਗੁੱਤ ਨਹੀਂ ਸੀ ਪੁੱਟੀ, ਕਿਸੇ ਦੇ ਜਾਨਵਰ ਨਹੀਂ ਸੀ ਚੁਰਾਏ, ਕੱਚੀ ਸ਼ਰਾਬ ਤੇ ਚਰਸ ਨਹੀਂ ਸੀ ਵੇਚੀ, ਕਿਸੇ ਦਾ ਕਤਲ ਨਹੀਂ ਸੀ ਕੀਤਾ ਤਾਂ ਫਿਰ ਉਸਨੂੰ ਇੰਨੀ ਵੱਡੀ ਸਜ਼ਾ ਕਿਸ ਅਪਰਾਧ ਦੀ ਮਿਲੀ ਸੀ।

"ਬੀਬੀ ਤੈਨੂੰ ਡਰ ਨਹੀਂ ਲੱਗਦਾ ?" ਫਾਂਸੀ-ਘਾਟ ਲੱਗਣ ਤੋਂ ਬਾਦ ਵਾਰਡਨ ਮਰੀਅਮ ਨੇ ਉਸਨੂੰ ਪੁਛਿਆ ਸੀ।

"ਕਿਸ ਗੱਲ ਦਾ ਡਰ ?" ਨਰਜਿਸ ਦੇ ਲਹਿਜੇ ਵਿਚ ਠਰ੍ਹਮਾ ਸੀ।



"ਮੌਤ ਤੋਂ।"

"ਨਹੀਂ ਮੌਤ ਜਦ ਆਪਣੇ ਕਬਜ਼ੇ ਵਿਚ ਹੋਵੇ ਤਾਂ ਡਰ ਨਹੀਂ ਲੱਗਦਾ। ਫਿਰ ਮਹੇਦੀ ਵੀ ਤਾਂ ਹੈ. ਉਹ ਮੇਰੇ ਬਾਅਦ ਵੀ ਰਹੇਗਾ ਤੇ ਮੈਂ ਉਸ ਵਿਚ ਰਹਾਂਗੀ, ਫਿਰ ਜਦੋਂ ਉਹ ਵੀ ਨਹੀਂ ਰਹੇਗਾ ਤਾਂ ਮੈਂ ਉਸਦੇ ਬੱਚਿਆਂ ਵਿਚ ਜ਼ਿੰਦਾ ਰਹਾਂਗੀ।"

ਵਾਰਡਨ ਮਰੀਅਮ ਨੇ ਉਸ ਤੋਂ ਬਾਦ ਉਸਨੂੰ ਕੋਈ ਸਵਾਲ ਨਹੀਂ ਕੀਤਾ ਸੀ। ਬੈਰਕਾਂ ਵਿਚ ਇਹ ਗੱਲ ਧੁੰਮ ਗਈ ਸੀ ਕਿ ਫਾਂਸੀ ਘਾਟ ਵਿਚ ਜੋ ਬੀਬੀ ਬੰਦ ਹੈ ਉਹ ਬਹੁਤ ਪਹੁੰਚੀ ਹੋਈ ਹੈ। ਉਸਨੂੰ ਭਵਿੱਖਬਾਣੀ ਹੋਈ ਹੈ ਕਿ ਉਹ ਆਪਣੇ ਬਾਅਦ ਵੀ ਜ਼ਿੰਦਾ ਰਹੇਗੀ। ਹਾਥੀ ਦਾ ਕਲੇਜਾ ਹੈ ਉਸਦਾ। ਜੇ ਅਜਿਹਾ ਨਾ ਹੁੰਦਾ ਤਾਂ ਦੂਸਰੀਆਂ ਔਰਤਾਂ ਵਾਂਗ ਚੀਕਦੀ ਚਿਲਾਉਂਦੀ ਰਹਿੰਦੀ, ਕੱਪੜੇ ਪਾੜ ਰਹੀ ਹੁੰਦੀ ਤੇ ਮੰਨਤਾਂ ਮੰਗ ਰਹੀ ਹੁੰਦੀ।

ਨਰਜਿਸ ਨੇ ਮਹਿਸੂਸ ਕੀਤਾ ਸੀ ਕਿ ਉਸਦੇ ਸਾਹਮਣੇ ਆਉਂਦਿਆਂ ਹੀ ਲੇਡੀ ਵਾਰਡਨਾਂ ਦੀਆਂ ਨਿਗਾਹਾਂ ਝੁਕ ਜਾਂਦੀਆਂ ਹਨ। ਜੇਲਰ ਤੇ ਸੁਪਰਡੈਂਟ ਨੂੰ ਉਸਦੀ ਕੋਠੜੀ ਤੋਂ ਬਾਹਰ ਜਾਣ ਦੀ ਕਾਹਲੀ ਹੁੰਦੀ। ਸੁਬਾਹ-ਸ਼ਾਮ ਜਦੋਂ ਉਸਨੂੰ ਕੋਠੜੀ ਤੋਂ ਬਾਹਰ ਕੱਢਿਆ ਜਾਂਦਾ ਤਾਂ ਹਰ ਪਾਸੇ ਚੁੱਪ-ਚਾਂ ਛਾ ਜਾਂਦੀ। ਲੜਦੀਆਂ ਹੋਈਆਂ ਰੌਲਾ ਪਾਉਂਦੀਆਂ ਹੋਈਆਂ ਔਰਤਾਂ ਅਚਾਨਕ ਖਾਮੋਸ਼ ਹੋ ਜਾਂਦੀਆਂ ਅਤੇ ਸੀਖਾਂ ਲੱਗੇ ਦਰਵਾਜ਼ਿਆਂ ਪਿੱਛਿਉਂ ਉਸਨੂੰ ਇਉਂ ਦੇਖਦੀਆਂ ਜਿਵੇਂ ਉਹ ਉਨ੍ਹਾਂ ਵਿਚੋਂ ਨਾ ਹੋਵੇ। ਕਿਸੇ ਹੋਰ ਧਰਤੀ ਦੀ ਵਸਨੀਕ ਹੋਵੇ।

ਉਹ ਖਾਣਾ, ਉਹ ਆਖਿਰੀ ਖਾਣਾ ਕਿੰਨੇ ਸ਼ਾਨਦਾਰ ਢੰਗ ਨਾਲ ਆਇਆ ਸੀ। (The Last Supper.) ਉਸਨੂੰ ਵੱਡੇ ਕਲਾਕਾਰਾਂ ਦੀਆਂ ਤਸਵੀਰਾਂ ਯਾਦ ਆਈਆਂ। ਮਹੇਦੀ ਉਸ ਖਾਣੇ ਨੂੰ ਦੇਖ ਕੇ ਕਿੰਨਾ ਖੁਸ਼ ਹੋਇਆ ਸੀ। "ਅੱਜ ਬੜਾ ਮਜ਼ਾ ਆਇਆ," ਉਸਨੇ ਮਾਂ ਦੇ ਗਲ ਵਿਚ ਬਾਹਾਂ ਪਾ ਦਿੱਤੀਆਂ ਸਨ।

"ਹਾਂ ਮੇਰੀ ਜਾਨ-ਸੱਚ ਕਹਿਨੈਂ।" ਨਰਜਿਸ ਨੇ ਉਸਨੂੰ ਬੁਰਕੀ ਭੰਨ ਕੇ ਦਿੰਦਿਆਂ ਅੱਖਾਂ ਝੁਕਾ ਲਈਆਂ। ਮਹੇਦੀ ਉਨ੍ਹਾਂ ਹੰਝੂਆਂ ਨੂੰ ਨਾ ਦੇਖ ਸਕਿਆ ਜੋ ਉਸਦੀਆਂ ਪਲਕਾਂ ਵਿਚ ਅਟਕੇ ਹੋਏ ਸਨ।

ਫਿਰ ਰਾਤ ਹੋ ਗਈ। ਮਹੇਦੀ ਉਂਘਣ ਲੱਗਾ ਪਰ ਨਰਜਿਸ ਉਸ ਨਾਲ ਜੀ ਭਰ ਕੇ ਗੱਲਾਂ ਕਰਨਾ ਚਾਹੁੰਦੀ ਸੀ। ਉਸਦੀ ਆਵਾਜ਼ ਸੁਣਨਾ ਚਾਹੁੰਦੀ ਸੀ। ਉਹ ਉਸਨੂੰ ਦੇਰ ਤੱਕ ਜਗਾ ਕੇ ਰੱਖਣਾ ਚਾਹੁੰਦੀ ਸੀ ਤਾਂ ਕਿ ਜਦੋਂ ਉਹ ਲੋਕ ਉਸਨੂੰ ਪਹੁ ਫੁੱਟਣ ਤੋਂ ਪਹਿਲਾਂ ਲੈਣ ਲਈ ਆਉਣ ਤਾਂ ਉਹ ਮਿੱਠੀ ਨੀਂਦ ਸੌਂ ਰਿਹਾ ਹੋਵੇ।

ਨਰਜਿਸ ਨੇ ਉਸਦੀਆਂ ਚਮਕਦੀਆਂ ਅੱਖਾਂ ਨੂੰ ਵੇਖਿਆ, ਉਸਦੇ ਸੁਹਣੇ ਮੱਥੇ ਨੂੰ ਵੇਖਿਆ। ਇਹ ਹੁਸੈਨ ਦੀਆਂ ਅੱਖਾਂ ਸਨ, ਇਹ ਹੁਸੈਨ ਦਾ ਮੱਥਾ ਸੀ। ਉਸਦੇ ਸਰੀਰ ਵਿਚੋਂ ਹੁਸੈਨ ਦੇ ਸਰੀਰ ਵਰਗੀ ਖ਼ੁਸ਼ਬੂ ਆਉਂਦੀ ਸੀ। ਹੁਸੈਨ ਦੀ ਉਮੀਦ ਦੀ ਖ਼ੁਸ਼ਬੂ। ਹੁਸੈਨ ਹੁਣ ਜਦ ਕਿ ਤੂੰ ਕਿਤੇ ਵੀ ਨਹੀਂ ਹੈਂ ਕੀ ਤੂੰ ਹੁਣ ਵੀ ਕਿਤੇ ਰਹਿੰਦਾ ਹੈਂ ? ਜ਼ਮੀਨ ਅਤੇ ਆਸਮਾਨ ਵਿਚਕਾਰ ? ਉਸਦੇ ਖ਼ੂਨ ਵਿਚ ਜ਼ਿੰਦਗੀ ਦੀਆਂ ਲਹਿਰਾਂ ਉੱਠਣ ਲੱਗੀਆਂ। ਉਸਨੇ ਮਹੇਦੀ ਨੂੰ ਆਪਣੀ ਛਾਤੀ ਨਾਲ ਲਾ ਲਿਆ।

"ਅੰਮੀ ਬਹੁਤ ਜ਼ੋਰ ਦੀ ਨੀਂਦ ਆ ਰਹੀ ਹੈ।" ਮਹੇਦੀ ਨੇ ਮਿੰਨਤ ਕੀਤੀ।

"ਮੇਰੀ ਜਾਨ-ਬਸ ਥੋੜ੍ਹੀ ਦੇਰ ਬਾਦ ਸੌਂ ਜਾਣਾ, ਮੇਰੇ ਨਾਲ ਗੱਲਾਂ ਤਾਂ ਕਰ ਲੈ।"

ਨਰਜਿਸ ਦੀ ਆਵਾਜ਼ ਡੁੱਬਣ ਲੱਗੀ। "ਕੱਲ੍ਹ ਸਵੇਰੇ ਮਾਮਾ ਤੈਨੂੰ ਆਪਣੇ ਘਰ ਲੈ ਜਾਵੇਗਾ। ਉਹ

ਤੈਨੂੰ ਕਹਾਣੀਆਂ ਸੁਣਾਏਗਾ, ਬਾਜ਼ਾਰ ਲੈ ਕੇ ਜਾਏਗਾ। ਤੂੰ ਬਾਜ਼ਾਰ ਜਾਏਂਗਾ ਨਾ ?"

"ਸੱਚ ਅੰਮੀ ਤੂੰ ਵੀ ਸਾਡੇ ਨਾਲ ਬਾਜ਼ਾਰ ਚਲੇਂਗੀ ਨਾ ?" ਮਹੇਦੀ ਨੂੰ ਨੀਂਦ ਵਿਸਰ ਗਈ।

"ਮੈਂ ਤੇਰੇ ਨਾਲ ਨਹੀਂ ਜਾਵਾਂਗੀ।"

"ਤਾਂ ਕੀ ਤੂੰ ਇਸੇ ਕੋਠੜੀ ਵਿਚ ਰਹੇਂਗੀ ?"

"ਨਹੀਂ ਬੇਟੇ ਮੈਂ ਤੇਰੇ ਲਈ ਤਿਤਲੀਆਂ ਭਾਲਣ ਜਾਵਾਂਗੀ।"

ਬਾਹਰ ਬਰਾਮਦੇ ਵਿਚ ਖੜਾਕ ਹੋਇਆ। ਨਰਗਿਸ ਨੇ ਸਿਰ ਉਤਾਂਹ ਚੁੱਕਿਆ। ਵਾਰਡਨ ਮਰੀਅਮ ਸੀਖਾਂ ਫੜੀ ਦੋਨਾਂ ਮਾਂ-ਪੁੱਤਰਾਂ ਨੂੰ ਦੇਖ ਰਹੀ ਸੀ।

"ਅੰਮੀ ਕੱਲ੍ਹ ਤਿਤਲੀਆਂ ਭਾਲਣ ਜਾਵੇਗੀ," ਮਹੇਦੀ ਨੇ ਖ਼ੁਸ਼ ਹੁੰਦਿਆਂ ਮਰੀਅਮ ਨੂੰ ਦੱਸਿਆ।

"ਹਾਂ ਰਾਜੇ, ਅੰਮੀ ਨੂੰ ਖ਼ੂਬ ਪਿਆਰ ਕਰ ਲੈ, ਖ਼ੂਬ ਗੱਲਾਂ ਕਰ ਲੈ ਇਹਦੇ ਨਾਲ," ਮਰੀਅਮ ਦੀ ਆਵਾਜ਼ ਬੈਠਣ ਲੱਗੀ ਤੇ ਉਹ ਕਾਹਲੀ ਨਾਲ ਵਾਪਸ ਮੁੜ ਗਈ।

"ਅੰਮੀ ਤੂੰ ਸ਼ਾਮ ਤੱਕ ਤਾਂ ਮੁੜ ਆਏਂਗੀ ਨਾ ?"

"ਨਹੀਂ ਮਹੇਦੀ ਤਿਤਲੀਆਂ ਬਹੁਤ ਤੇਜ਼ ਉਡਦੀਆਂ ਨੇ ਮੈਂ ਉਨ੍ਹਾਂ ਨੂੰ ਭਾਲਣ ਨਿਕਲਾਂਗੀ ਤਾਂ ਬਹੁਤ ਦੂਰ ਚਲੇ ਜਾਵਾਂਗੀ।"

"ਅੰਮੀ ਤੂੰ ਕਿਹੜੀਆਂ ਤਿਤਲੀਆਂ ਲੱਭਣ ਜਾਵੇਂਗੀ ?" ਨਰਗਿਸ ਇਕ ਪਲ ਲਈ ਤਾਂ ਰੁਕ ਗਈ "ਆਜ਼ਾਦੀ ਦੀ ਤਿਤਲੀ ਮੇਰੀ ਜਾਨ," ਉਸਨੇ ਬੇਟੇ ਦੇ ਬਾਲ ਚੁੰਮ ਲਏ।

"ਉਹ ਕਿਸ ਰੰਗ ਦੀ ਹੁੰਦੀ ਹੈ ?"

"ਉਸ ਵਿਚ ਸਤਰੰਗੀ ਪੀਂਘ ਦੇ ਸੱਤੇ ਰੰਗ ਹੁੰਦੇ ਹਨ।"

"ਅੰਮੀ ਸਤਰੰਗੀ ਪੀਂਘ ਕੀ ਹੁੰਦੀ ਹੈ ?"

"ਇਸ ਬਾਰ ਜਦੋਂ ਮੀਂਹ ਵਰ੍ਹੇ ਤਾਂ ਆਪਣੇ ਮਾਮੇ ਨੂੰ ਕਹਿਣਾ ਉਹ ਤੈਨੂੰ ਦਿਖਾ ਦੇਵੇਗਾ।"

"ਫਿਰ ਮੈਂ ਵੀ ਸਤਰੰਗੀਆਂ ਤਿਤਲੀਆਂ ਲੱਭਾਂਗਾ।"

"ਨਹੀਂ ਮੇਰੇ ਰਾਜੇ, ਸਤਰੰਗੀਆਂ ਤਿਤਲੀਆਂ ਆਪਣੇ ਆਪ ਤੇਰੇ ਕੋਲ ਆ ਜਾਣਗੀਆਂ। ਅਸੀਂ ਇਸੇ ਲਈ ਤਾਂ ਉਨ੍ਹਾਂ ਦੀ ਭਾਲ ਵਿਚ ਨਿਕਲੇ ਹੋਏ ਹਾਂ ਤਾਂ ਕਿ ਤੁਹਾਨੂੰ ਸਾਡੇ ਵਾਂਗ ਸਫਰ ਨਾ ਤੈਅ ਕਰਨਾ ਪਵੇਗਾ।"

ਨਰਗਿਸ ਦੀ ਦੇਹ ਕੰਬਣ ਲੱਗੀ, ਉਹ ਪਾਗਲਾਂ ਵਾਂਗ ਮਹੇਦੀ ਦੀ ਧੌਣ ਚੁੰਮਣ ਲੱਗੀ। ਇਸ ਇਕ ਹਫਤੇ ਦੌਰਾਨ ਇਹ ਪਹਿਲੀ ਬਾਰੀ ਸੀ ਜਦੋਂ ਉਸਦੀਆਂ ਅੱਖੀਆਂ ਵਿਚੋਂ ਹੰਝੂ ਕਿਰੇ ਸਨ।

ਮਹੇਦੀ ਸੌਂ ਗਿਆ ਤਾਂ ਨਰਗਿਸ ਨੇ ਉਸਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ। ਮਹੇਦੀ ਦੀ ਹੋਂਦ ਵਿਚ ਉਮੀਦ ਦਾ ਪੌਦਾ ਜਨਮ ਲੈ ਰਿਹਾ ਸੀ ਤੇ ਇਨ੍ਹਾਂ ਉਮੀਦਾਂ ਨੇ ਉਸਨੇ ਸੀਨੇ ਵਿਚ ਹਾਥੀ ਦਾ ਕਲੇਜਾ ਧਰ ਦਿੱਤਾ। ਉਸਨੂੰ ਆਉਣ ਵਾਲੇ ਸਮੇਂ ਵਿਚ ਜ਼ਿੰਦਾ ਰਹਿਣ ਦਾ ਯਕੀਨ ਨਹੀਂ ਦੁਆਇਆ ਸੀ।

ਉਸਦੇ ਨਾਲ ਦੀਆਂ ਬੈਰਕਾਂ ਵਿਚ ਕੁਰਆਨ ਪੜ੍ਹਨ ਤੇ ਕਲਮਾ ਦੁਹਰਾਉਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕੋਈ ਔਰਤ ਬੜੇ ਖਲੂਸ ਨਾਲ "ਸੂਰਏ ਰਹਿਮਾਨ" ਦਾ ਪਾਠ ਕਰ ਰਹੀ ਸੀ। ਸਭ ਨੂੰ ਪਤਾ ਸੀ ਕਿ ਅੱਜ ਬੀਬੀ ਰੁਖ਼ਸਤ ਹੋਣ ਵਾਲੀ ਹੈ ਤੇ ਇਹ ਉਸੇ ਦੀ ਹੀ ਤਿਆਰੀ ਹੈ।

ਉਸਦੇ ਸੀਨੇ ਵਿਚ ਕਿਸੇ ਨੇ ਖੰਜਰ ਚੁਭੋ ਦਿੱਤਾ। ਭਰਾ ਮੇਨ ਗੇਟ ਦੇ ਸਾਹਮਣੇ ਜ਼ਮੀਨ 'ਤੇ ਬੈਠਾ ਹੋਵੇਗਾ। ਉਸਨੇ ਜਦੋਂ ਸਟੈਟਿਕਸ ਵਿਚ ਐਮ. ਏ., ਕੀਤਾ ਸੀ ਤਾਂ ਉਸਨੂੰ ਕੀ ਪਤਾ ਸੀ ਕਿ ਉਹ ਆਪਾ



ਦੀ ਜ਼ਿੰਦਗੀ ਦੇ ਪਲਾਂ ਦਾ ਹਿਸਾਬ ਰੱਖੇਗਾ ਤੇ ਬਿਲਕੁਲ ਇਕੱਲਾ ਹੋਵੇਗਾ।

ਉਸਦੇ ਸਾਹਮਣੇ ਚਿਹਰੇ ਤੈਰਨ ਲੱਗੇ। ਦੋਸਤ ਤੇ ਦੁਸ਼ਮਨ ਚਿਹਰੇ। ਅਜਨਬੀ ਤੇ ਜਾਣੀਆਂ ਪਹਿਚਾਣੀਆਂ ਆਵਾਜ਼ਾਂ। ਅਚਾਨਕ ਉਹ ਅਜਨਬੀ ਆਵਾਜ਼ਾਂ ਨਾਲ ਪਿਆਰ ਜਾਗ ਪਿਆ ਜੋ ਉਸਦਾ ਆਖਰੀ ਸਫਰ ਆਸਾਨ ਕਰਨ ਲਈ ਆਪਣੀਆਂ ਨੀਂਦਾਂ ਹਰਾਮ ਕਰ ਰਹੀਆਂ ਸਨ। ਇਕ ਹਫਤਾ ਪਹਿਲਾਂ ਤੱਕ ਉਹ ਉਨ੍ਹਾਂ ਆਵਾਜ਼ ਦੇ ਨਾਲ ਸੀ। ਇਹ ਆਵਾਜ਼ਾਂ ਉਸਨੂੰ ਕੁਝ ਵੀ ਤਾਂ ਨਹੀਂ ਸਨ ਸਮਝਦੀਆਂ, ਉਸਦੇ ਬਾਰੇ ਕੁਝ ਵੀ ਨਹੀਂ ਸਨ ਜਾਣਦੀਆਂ।

ਜਦੋਂ ਰਹਿਮ ਦੀ ਅਪੀਲ ਕਰਨ ਦਾ ਸਮਾਂ ਖਤਮ ਹੋ ਗਿਆ ਤਾਂ ਖ਼ਬਰ ਆਈ ਕਿ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਜੇਲ੍ਹ ਉਸਨੂੰ ਬੈਰਕ ਤੋਂ ਫਾਂਸੀ-ਘਾਟ ਤਬਦੀਲ ਕਰਨ ਲਈ ਆ ਰਹੇ ਹਨ ਤਾਂ ਹਰ ਪਾਸੇ ਸੁੰਨ ਮਸਾਨ ਛਾ ਗਈ। ਜਦੋਂ ਉਹ ਤੇ ਮਹੇਦੀ ਬੈਰਕ ਤੋਂ ਰੁਖਸਤ ਹੋਏ ਤਾਂ ਉਸਨੇ ਕਈ ਔਰਤਾਂ ਨੂੰ ਚੁੱਪ ਚੁੱਪ ਹੰਝੂ ਪੂੰਝਦਿਆਂ ਤੇ ਚਿਹਰੇ ਝੁਕਾਇਆਂ ਵੇਖਿਆ। ਇਹ ਉਹੀ ਔਰਤਾਂ ਸਨ ਜੋ ਛੋਟੀਆਂ ਛੋਟੀਆਂ ਗੱਲਾਂ 'ਤੇ ਇਕ ਦੂਜੇ ਨੂੰ ਗਾਲੀਆਂ ਦਿੰਦੀਆਂ ਸਨ, ਕੱਪੜੇ ਪਾੜਦੀਆਂ ਸਨ ਅਤੇ ਜਿਨ੍ਹਾਂ ਨੂੰ ਵੱਖ ਕਰਨ ਲਈ ਵਾਰਡਨਾਂ ਨੂੰ ਡੰਡੇ ਵਰ੍ਹਾਉਣੇ ਪੈਂਦੇ ਸਨ।

ਨਰਗਿਸ ਨੂੰ ਨੀਂਦ ਦਾ ਇਕ ਹੁਲਾਰਾ ਜਿਹਾ ਆ ਕੇ ਨਿਕਲ ਗਿਆ। ਉਸਦਾ ਦਿਲ ਬੈਠਣ ਲੱਗਾ। ਮਹੇਦੀ ਤੇ ਉਸਦਾ ਦਿਲ ਇਕ ਤਾਲ ਵਿਚ ਧੜਕ ਰਿਹਾ ਸੀ। ਛੋਟੇ ਜਿਹੇ ਦਿਲ ਦਾ ਧੜਕਦੇ ਰਹਿਣਾ ਹੀ ਮੌਤ ਦੇ ਸਾਹਮਣੇ ਉਸਦੀ ਸਭ ਤੋਂ ਵੱਡੀ ਜਿੱਤ ਸੀ। ਉਹ ਆਪਣੇ ਬਾਅਦ ਵੀ ਜ਼ਿੰਦਾ ਰਹੇਗੀ। ਪਰ ਰੂਹ ਕੀ ਸੀ ਤੇ ਜੇ ਸੀ ਤਾਂ ਜਿਸਮ ਤੋਂ ਨਿਕਲ ਕੇ ਕਿੱਥੇ ਜਾਂਦੀ ਹੈ ? ਹੁਸੈਨ ਕਿੱਥੇ ਸੀ ? ਕਿਤੇ ਵੀ ਨਹੀਂ। ਸਭ ਕੁਝ ਖਤਮ ਹੋ ਗਿਆ ਸੀ। ਮੌਤ ਕੀ ਹੁੰਦੀ ਹੈ ? ਸ਼ਬਦ ਦੇ ਅਰਥ ਤਾਂ ਉਸਨੂੰ ਪਤਾ ਸਨ ਪਰ ਅਸਲ ਅਰਥ ਤਾਂ ਉਸਨੂੰ ਹੁਣ ਪਤਾ ਲੱਗਣੇ ਸਨ।

"ਬੀਬੀ," ਮਰੀਅਮ ਨੇ ਸੀਖਾਂ ਕੋਲ ਆ ਕੇ ਆਵਾਜ਼ ਦਿੱਤੀ।

"ਕੀ ਗੱਲ ਹੈ ਮਰੀਅਮ ?" ਉਸਨੇ ਧੌਣ ਚੁੱਕ ਕੇ ਉਸ ਵੱਲ ਦੇਖਿਆ।

"ਬੀਬੀ ਰਾਜੇ ਨੂੰ ਬਿਸਤਰ 'ਤੇ ਲਿਟਾ ਦੇ। ਉਹ ਲੋਕ ਆ ਰਹੇ ਹਨ।" ਮਰੀਅਮ ਦੀ ਆਵਾਜ਼ ਟੁੱਟਣ ਲੱਗੀ।

ਇਕ ਪਲ ਲਈ ਨਰਗਿਸ ਨੂੰ ਜ਼ਮੀਨ ਹਿਲਦੀ ਹੋਈ ਪ੍ਰਤੀਤ ਹੋਈ। ਫਿਰ ਸੰਭਲ ਕੇ ਉਸਨੇ ਕਰਵਟ ਲਈ ਤੇ ਸੀਨੇ ਨਾਲ ਲੱਗੇ ਹੋਏ ਮਹੇਦੀ ਨੂੰ ਬਿਸਤਰ 'ਤੇ ਲਿਟਾ ਦਿੱਤਾ।

ਇਸ ਨੂੰ ਭਲਾ ਮੇਰੀ ਸੂਰਤ ਕੀ ਯਾਦ ਰਹੇਗੀ ? ਉਸ ਲਈ ਤਾਂ ਮੈਂ ਇਕ ਸਾਇਆ, ਇਕ ਨਾਮ ਮਾਤਰ ਹੀ ਰਹਾਂਗੀ।

"ਸਾਰੇ ਗੁਨਾਹ ਮੁਆਫ ਕਰ ਦੇਣਾ ਬੀਬੀ। ਅਸੀਂ ਇਸੇ ਦੀ ਹੀ ਰੋਟੀ ਖਾਂਦੇ ਹਾਂ। ਪੇਟ ਬੜਾ ਬਦਕਾਰ ਹੈ ਬੀਬੀ," ਮਰੀਅਮ ਸੀਖਾਂ ਨਾਲ ਸਿਰ ਟਿਕਾ ਕੇ ਰੋਣ ਲੱਗ ਪਈ। ਨਰਗਿਸ ਨੇ ਤਖਤ ਤੋਂ ਉੱਤਰ ਕੇ ਦੋਨੋਂ ਹੱਥ ਸੀਖਾਂ ਤੋਂ ਬਾਹਰ ਕੱਢੇ ਅਤੇ ਮਰੀਅਮ ਦੇ ਮੋਢੇ ਫੜ ਲਏ। ਲਫਜ਼ ਬੇਕਾਰ ਸਨ, ਭਾਰੀ ਕਦਮਾਂ ਦੀ ਆਵਾਜ਼ ਨੇੜੇ ਆਈ ਤਾਂ ਨਰਗਿਸ ਨੇ ਮਰੀਅਮ ਦਾ ਮੋਢਾ ਥਾਪੜਿਆ। ਉਸਨੇ ਭਿੱਜੀਆਂ ਅੱਖਾਂ ਨਾਲ ਉਸ ਵੱਲ ਦੇਖਿਆ। ਸਫੇਦ ਮਲਮਲ ਦੇ ਦੁਪੱਟੇ ਨਾਲ ਆਪਣੀਆਂ ਅੱਖਾਂ ਸਾਫ ਕੀਤੀਆਂ ਅਤੇ ਅਟੈਨਸ਼ੈਨ ਖੜੀ ਹੋ ਗਈ।

ਮਰੀਅਮ ਨੇ ਜਿੰਦਰੇ ਵਿਚ ਚਾਬੀ ਲਾਈ ਤੇ ਜਿੰਨੀ ਵੀ ਖਾਮੋਸ਼ੀ ਨਾਲ ਹੋ ਸਕਿਆ ਦਰਵਾਜ਼ਾ ਖੋਲ੍ਹ

ਦਿੱਤਾ। ਸੁਪਰਡੈਂਟ ਜੇਲ੍ਹ ਨੇ ਦਰਵਾਜ਼ੇ ਨੂੰ ਧੱਕਾ ਮਾਰਿਆ ਤਾਂ ਇਸਨੇ ਕੰਧ ਨਾਲ ਵੱਜ ਕੇ ਖੜਾਕਾ ਕੀਤਾ।

"ਸਾਹਿਬ ਜੀ ਬੱਚਾ ਸੌਂ ਰਿਹਾ ਹੈ—ਜਾਗ ਜਾਏਗਾ." ਮਰੀਅਮ ਨੇ ਡਰਦਿਆਂ ਡਰਦਿਆਂ ਵਿਰੋਧ ਕੀਤਾ।

"ਚੰਗਾ ਬਕਵਾਸ ਨਾ ਕਰ," ਸੁਪਰਡੈਂਟ ਨੇ ਉੱਚੀ ਆਵਾਜ਼ ਵਿਚ ਉਸ ਨੂੰ ਝਿੜਕ ਦਿੱਤਾ।

("Sir I request you not to talk loudly") ਨੌਜਵਾਨ ਮੈਜਿਸਟਰੇਟ ਨੇ ਸੁੱਤੇ ਹੋਏ ਮਹੇਦੀ ਉੱਪਰ ਨਜ਼ਰ ਮਾਰੀ ਅਤੇ ਮੱਥੇ ਤੋਂ ਪਸੀਨਾ ਸਾਫ ਕਰਦੇ ਹੋਏ ਕਿਹਾ। ਸੁਪਰਡੈਂਟ ਦੇ ਮੱਥੇ 'ਤੇ ਬਲ ਪੈ ਗਏ। ਇਹ ਨਵੇਂ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਦੇ ਨੇ ? ਉਸਦਾ ਮੂੰਹ ਕੜਵਾਹਟ ਨਾਲ ਭਰ ਗਿਆ। ਉਸਨੇ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਹੋਇਆਂ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਪਹਿਲਾਂ ਨਰਜਿਸ ਦੀ ਸ਼ਨਾਖਤ ਕੀਤੀ ਫਿਰ ਕਾਗਜ਼ ਨੂੰ ਖੋਲ੍ਹ ਕੇ ਦਫਤਰੀ ਆਵਾਜ਼ ਵਿਚ ਤੇਜ਼ ਤੇਜ਼ ਪੜ੍ਹਨ ਲੱਗ ਪਿਆ। ਇਹ ਕਾਗਜ਼ ਅੱਲਾ ਦੇ ਨਾਮ ਤੋਂ ਸ਼ੁਰੂ ਹੋ ਕੇ ਇਨ੍ਹਾਂ ਸ਼ਬਦਾਂ 'ਤੇ ਖਤਮ ਹੋਇਆ ਕਿ ਮੁਜਰਿਮਾ ਦੇ ਗਲੇ ਵਿਚ ਫਾਂਸੀ ਦਾ ਫੰਦਾ ਉਸ ਸਮੇਂ ਤੱਕ ਪਿਆ ਰਹੇ ਜਦੋਂ ਤਕ ਉਸਦਾ ਦਮ ਨਾ ਨਿਕਲ ਜਾਏ।

ਮੈਡੀਕਲ ਅਫ਼ਸਰ ਨੇ ਅੱਗੇ ਵੱਧ ਕੇ ਨਰਜਿਸ ਦੀ ਨਬਜ਼ ਦੇਖੀ ਤੇ ਹੌਲੀ ਜਿਹੀ ਸਿਰ ਹਿਲਾ ਦਿੱਤਾ। ਡਿਪਟੀ ਸੁਪਰਡੈਂਟ ਨੇ ਉਸ ਤੋਂ ਕੁਝ ਕਾਗਜ਼ਾਂ ਉੱਪਰ ਦਸਤਖਤ ਕਰਵਾਏ। ਨੌਜਵਾਨ ਮੈਜਿਸਟਰੇਟ ਨੇ ਉਨ੍ਹਾਂ ਨੂੰ ਪ੍ਰਮਾਣਿਤ ਕੀਤਾ। ਸੁਪਰਡੈਂਟ ਕੋਠੜੀ ਤੋਂ ਬਾਹਰ ਨਿਕਲ ਗਿਆ।

ਡਿਪਟੀ ਸੁਪਰਡੈਂਟ ਨੇ ਵਾਰਡਨ ਨੂੰ ਇਸ਼ਾਰਾ ਕੀਤਾ, ਉਹ ਅੰਦਰ ਆ ਗਈ। ਉਸਦਾ ਚਿਹਰਾ ਜਿਵੇਂ ਝਉਂ ਗਿਆ ਸੀ, ਨਿਗਾਹ ਝੁਕੀ ਹੋਈ ਸੀ। ਉਹ ਨਰਜਿਸ ਦੇ ਦੋਨੋਂ ਹੱਥ ਪਿੱਠ ਪਿੱਛੇ ਲੈ ਗਈ ਅਤੇ ਚਮੜੇ ਦੇ ਫੀਤੇ ਨਾਲ ਉਨ੍ਹਾਂ ਨੂੰ ਬੰਨ੍ਹਣ ਲੱਗ ਪਈ। ਨਰਜਿਸ ਨੇ ਉਸਦੀਆਂ ਉਂਗਲੀਆਂ ਵਿਚ ਕੰਬਣੀ ਤੇ ਨਮੀ ਮਹਿਸੂਸ ਕੀਤੀ। ਉਹ ਇਕੱਲੀ ਨਹੀਂ ਸੀ। ਬਾਹਰ ਬਹੁਤ ਸਾਰੇ ਲੋਕ ਸਨ ਤੇ ਅੰਦਰ ਵੀ ਬਹੁਤ ਸਾਰੇ ਲੋਕ ਸਨ। ਸਾਰੀਆਂ ਬੈਰਕਾਂ ਵਿਚ ਰਾਈਫਲਧਾਰੀ ਸਿਪਾਹੀਆਂ ਦਾ ਪਹਿਰਾ ਹੋਵੇਗਾ। ਮੇਨ ਗੇਟ ਦੇ ਬਾਹਰ ਬਾਰਾਂ ਵਾਰਡਨਾਂ ਦੀ ਇਕ ਪਲਟਨ ਤੈਨਾਤ ਹੋ ਚੁੱਕੀ ਹੋਵੇਗੀ। ਉਨ੍ਹਾਂ ਦੀਆਂ ਰਫਲਾਂ ਵਿਚ ਦਸ ਦਸ ਗੋਲੀਆਂ ਹੋਣਗੀਆਂ ਤੇ ਉਨ੍ਹਾਂ ਦੇ ਸਾਹਮਣੇ ਭਰਾ ਜ਼ਮੀਨ 'ਤੇ ਬੈਠਾ ਹੋਵੇਗਾ।

ਮਹੇਦੀ ਦਾ ਚਿਹਰਾ ਉਸਦੀਆਂ ਅੱਖੀਆਂ ਸਾਹਮਣੇ ਸੀ। ਉਹ ਇਕ ਟੱਕ ਦੇਖ ਰਹੀ ਸੀ। ਮੈਟਰਨ ਦੇ ਇਸ਼ਾਰੇ 'ਤੇ ਮਰੀਅਮ ਨੇ ਉਸਦਾ ਹੱਥ ਥੰਮਿਆ, "ਬੀਬੀ ਜੀ ਚਲੋ।"

ਉਹ ਇਕ ਕਦਮ ਅਗਾਂਹ ਵਧੀ। ਪਿਛਾਂਹ ਮੁੜ ਕੇ ਮਹੇਦੀ ਨੂੰ ਦੇਖਿਆ। ਉਹ ਉਸਲਵੱਟੇ ਲੈ ਰਿਹਾ ਸੀ। ਸ਼ਾਇਦ ਕੋਈ ਡਰਾਉਣਾ ਸਪਨਾ ਦੇਖ ਰਿਹਾ ਹੋਵੇ। ਨਰਜਿਸ ਦਾ ਦਿਲ ਕਿਸੇ ਨੇ ਜਕੜ ਕੇ ਰੱਖ ਦਿੱਤਾ। ਅੱਖਾਂ ਦੀ ਦਹਿਲੀਜ਼ ਤੇ ਆ ਗਏ ਅਥਰੂਆਂ ਨੂੰ ਉਸ ਨੇ ਬੜੀ ਔਖਿਆਈ ਨਾਲ ਪਿੱਛੇ ਧੱਕਿਆ। ਉਹ ਉਨ੍ਹਾਂ ਲੋਕਾਂ ਦੇ ਸਾਹਮਣੇ ਸੀ ਜਿਨ੍ਹਾਂ ਨੇ ਉਸ ਦੀ ਤੇ ਉਸ ਵਰਗੇ ਹੋਰਨਾਂ ਦੀ ਜ਼ਮੀਰ ਨੂੰ ਮਾਤ ਦੇਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਉਹ ਉਨ੍ਹਾਂ ਤੋਂ ਹਾਰੀ ਨਹੀਂ ਸੀ। ਹੁਣ ਆਖਰੀ ਪਲਾਂ ਵਿਚ ਉਹ ਉਨ੍ਹਾਂ ਨੂੰ ਜਿੱਤ ਦਾ ਸੁਆਦ ਕਿਉਂ ਲੈਣ ਦੇਵੇ ? ਨੌਜਵਾਨ ਦੀਆ ਨਿਗਾਹਾਂ ਨੇ ਹੋਰਨਾਂ ਦੀਆਂ ਨਿਗਾਹਾਂ ਦਾ ਪਿੱਛਾ ਕੀਤਾ। "ਬੱਚਾ ਕਿੱਥੇ ਰਹੇਗਾ ?" ਉਸਨੇ ਮੈਟਰਨ ਤੋਂ ਪੁੱਛਿਆ।



"ਬੱਚੇ ਦਾ ਮਾਮਾ ਬਾਹਰ ਇੰਤਜ਼ਾਰ ਕਰ ਰਿਹਾ ਹੈ ਜੀ।"

ਨਰਜਿਸ ਨੇ ਸੀਨੇ ਵਿਚ ਖੰਜਰ ਵੱਜਾ। ਭਰਾ ਨੂੰ ਉਸਨੇ ਕਿਸ ਇਮਤਿਹਾਨ ਵਿਚ ਪਾ ਦਿੱਤਾ ਸੀ। ਮੈਜਿਸਟਰੇਟ ਦੇ ਮੱਥੇ 'ਤੇ ਬਲ ਸਨ। ਉਸਨੇ ਨਰਜਿਸ ਉੱਪਰ ਇਕ ਡੂੰਘੀ ਨਜ਼ਰ ਮਾਰੀ। ਫਿਰ ਵਰਾਂਡੇ ਵਿਚ ਖੜੀ ਇਕ ਵਾਰਡਨ ਨੂੰ ਆਵਾਜ਼ ਮਾਰੀ। "ਬੱਚੇ ਨੂੰ ਗੋਦ ਵਿਚ ਲੈ ਲਉ। ਜ਼ਰਾ ਸੰਭਾਲ ਕੇ।"

"ਸਾਹਿਬ ਜੀ ਮੈਂ ਚੁੱਕ ਲਵਾਂ ?" ਮਰੀਅਮ ਦੀ ਆਵਾਜ਼ ਵਿਚ ਬੇਨਤੀ ਸੀ।

"ਚੱਲੋ ਤੁਸੀਂ ਹੀ ਲੈ ਲਉ, ਇਸਨੂੰ ਬੀਬੀ ਦੇ ਨਾਲ ਲੈ ਕੇ ਚਲੋ।"

"ਲੇਕਿਨ ਇਹ ਤਾਂ ਜੇਲ ਮੈਨੂਅਲ ਦੇ..." ਡਿਪਟੀ ਸੁਪਰਡੈਂਟ ਨੇ ਮੁਦਾਖਲਤ ਕਰਨੀ ਚਾਹੀ। (Hell with the jail manual) ਨੌਜਵਾਨ ਮੈਜਿਸਟਰੇਟ ਨੇ ਕਿਹਾ ਤੇ ਤੇਜ਼ ਕਦਮੀਂ ਬਾਹਰ ਨਿਕਲ ਗਿਆ। ਮਰੀਅਮ ਨੇ ਅਗਾਂਹ ਵਧ ਕੇ ਮਹੇਦੀ ਨੂੰ ਚੁਕਿਆ ਤੇ ਸੀਨੇ ਨਾਲ ਲਾ ਲਿਆ। ਉਹ ਫੌਰਨ ਹੀ ਚੁੱਪ ਹੋ ਗਿਆ। ਡਿਪਟੀ ਸੁਪਰਡੈਂਟ ਦੀ ਅਗਵਾਈ ਵਿਚ ਕਾਫਲਾ ਰਵਾਨਾ ਹੋਇਆ। ਦੋ ਸਿਪਾਹੀ ਅਗਾਂਹ ਚਲ ਰਹੇ ਸਨ ਤੇ ਦੋ ਪਿੱਛੇ। ਵਿਚਕਾਰ ਉਹ ਸੀ। ਉਸਦੇ ਦੋਨੋਂ ਪਾਸੇ ਮਰੀਅਮ ਤੇ ਵਾਰਡਨ ਸੀ। ਚਲਦੇ ਸਮੇਂ ਵੀ ਨਰਜਿਸ ਦੀਆਂ ਨਿਗਾਹਾਂ ਮਹੇਦੀ ਉੱਪਰ ਹੀ ਟਿਕੀਆਂ ਹੋਈਆਂ ਸਨ।

ਬਾਰਾਂ ਮਈ ਦੀ ਰਾਤ ਨੂੰ ਪਹੁ ਫੁੱਟਣ ਤੋਂ ਪਹਿਲਾਂ ਦੀ ਮਿੱਠੀ ਮਿੱਠੀ ਠੰਢ ਸੀ। ਡੁੱਬਦੇ ਹੋਏ ਚੰਦ ਦੀ ਮੱਧਮ ਚਾਨਣੀ ਵਿਚ ਉਸਨੇ ਫਾਂਸੀ ਦੇ ਤਖਤੇ ਨੂੰ ਦੇਖਿਆ। ਉਸਨੂੰ ਪੌੜੀਆਂ ਨਜ਼ਰ ਆਈਆਂ। ਮੌਤ 'ਤਾਂ ਪਾਤਾਲ ਵਿਚ ਉਤਰਨ ਦਾ ਨਾਂ ਹੈ। ਇਸ ਪਾਤਾਲ ਵਿਚ ਉਤਰਨ ਲਈ ਪੌੜੀਆਂ ਕਿਉਂ ਚੜ੍ਹਨੀਆਂ ਪੈਂਦੀਆਂ ਹਨ ? ਉਸਨੂੰ ਜੱਲਾਦ ਨਜ਼ਰ ਆਇਆ। ਅੱਜ ਉਸ ਦੇ ਬੱਚੇ ਕਿੰਨੇ ਖੁਸ਼ ਹੋਣਗੇ ? ਪਿਉ ਨੂੰ ਅੱਜ ਫਾਂਸੀ ਭੱਤਾ ਮਿਲੇਗਾ। ਦਸ ਰੁਪਏ, ਦਸ ਰੁਪਏ ਤਾਂ ਬਹੁਤ ਹੁੰਦੇ ਹਨ। ਇਨ੍ਹਾਂ ਰੁਪਇਆਂ ਦੀਆਂ ਕਈ ਚੀਜ਼ਾਂ ਖਰੀਦੀਆਂ ਜਾ ਸਕਦੀਆਂ ਹਨ। ਨਰਜਿਸ ਦੇ ਖਿਆਲ ਭਟਕ ਰਹੇ ਸਨ। ਉਸਦੇ ਪੈਰਾਂ ਵਿਚ ਕੋਈ ਕੰਬਣੀ ਨਹੀਂ ਸੀ। ਹਰ ਆਦਮੀ ਦੀਆਂ ਨਿਗਾਹਾਂ ਉਸਦੇ ਅਡਿੱਗ ਕਦਮਾਂ ਉੱਪਰ ਟਿਕੀਆਂ ਹੋਈਆਂ ਸਨ।

ਅਚਾਨਕ ਉਹ ਰੁਕ ਗਈ, "ਮਰੀਅਮ" ਉਸਦੀ ਆਵਾਜ਼ ਸੰਨਾਟੇ ਵਿਚ ਬਿਜਲੀ ਵਾਂਗ ਲਿਸ਼ਕੀ।

"ਹੁਕਮ ਕਰੋ ਬੀਬੀ," ਵਾਰਡਨ ਮਰੀਅਮ ਦੀ ਆਵਾਜ਼ ਹੰਝੂਆਂ ਵਿਚ ਭਿੱਜੀ ਹੋਈ ਸੀ। ਪਤਾ ਨਹੀਂ ਕੌਣ ਆਜ਼ਾਦ ਸੀ ਤੇ ਕੌਣ ਕੈਦੀ ? ਉਸਨੇ ਮਰੀਅਮ ਨੂੰ ਨੇੜੇ ਆਉਣ ਦਾ ਇਸ਼ਾਰਾ ਕੀਤਾ। ਮਰੀਅਮ ਉਸਦੇ ਸਾਹਮਣੇ ਝੁਕ ਗਈ। ਪਿੱਠ 'ਤੇ ਬੰਨ੍ਹੇ ਹੋਏ ਨਰਜਿਸ ਦੇ ਦੋਨੋਂ ਹੱਥ ਮਹੇਦੀ ਨੂੰ ਛੂਹਣ ਲਈ ਤੜਫੇ ਤੇ ਫਿਰ ਖਾਮੋਸ਼ ਹੋ ਗਏ। ਮਹੇਦੀ ਨੀਂਦ ਵਿਚ ਹੱਸ ਰਿਹਾ ਸੀ। ਸ਼ਾਇਦ ਉਹ ਪਰੀਆਂ ਨਾਲ ਖੇਲ ਰਿਹਾ ਸੀ। ਨਰਜਿਸ ਨੇ ਧੁੰਧਲਾਈਆਂ ਅੱਖੀਆਂ ਨਾਲ ਜ਼ਿੰਦਗੀ ਨੂੰ ਦੇਖਿਆ। ਫਿਰ ਉਸਦਾ ਹੌਲੀ ਜਿਹੇ ਮੱਥਾ ਤੇ ਗੱਲ੍ਹਾਂ ਚੁੰਮੀਆਂ। ਜ਼ਿੰਦਗੀ, ਜ਼ਿੰਦਗੀ ਤੋਂ ਰੁਖ਼ਸਤ ਲੈ ਰਹੀ ਸੀ।

ਉਹ ਪੌੜੀਆਂ ਚੜ੍ਹਨ ਲੱਗੀ। ਤਖਤੇ 'ਤੇ ਪਹੁੰਚੀ ਤਾਂ ਸਰਕਾਰੀ ਜੱਲਾਦ ਉਸਦੇ ਪੈਰਾਂ ਤੇ ਝੁਕਿਆ ਅਤੇ ਫੀਤੇ ਨਾਲ ਉਸਦੇ ਪੈਰ ਬੰਨ੍ਹਣ ਲੱਗ ਪਿਆ। ਨਰਜਿਸ ਨੇ ਉਹਲੇ ਹੁੰਦੇ ਜਾ ਰਹੇ ਦ੍ਰਿਸ਼ ਉੱਪਰ ਇਕ ਨਜ਼ਰ ਮਾਰੀ ਤੇ ਉਸਨੂੰ ਵੀ ਆਪਣੇ ਅੰਦਰ ਜ਼ੀਰ ਲਿਆ। ਉਸਦੀਆਂ ਅੱਖੀਆਂ ਬੰਦ ਸਨ ਅਤੇ ਦ੍ਰਿਸ਼ ਉਸਦੇ ਅੰਦਰ ਸਨ। ਉਹ ਜਾਣਦੀ ਸੀ ਕਿ ਚੰਦ ਛੁਪ ਰਿਹਾ ਹੈ। ਸੁਬਾਹ ਦਾ ਤਾਰਾ ਨਿਕਲ ਆਇਆ ਹੈ। ਮਹੇਦੀ ਪਰੀਆਂ ਨਾਲ ਖੇਲ ਰਿਹਾ ਹੈ। ਸੂਰਜ ਨਿਕਲਣ ਵਾਲਾ ਹੈ ਅਤੇ ਅੱਲਾ ਦੇ ਨਾਮ ਨਾਲ ਸ਼ੁਰੂ ਹੋਣ ਵਾਲੇ ਕਾਗਜ਼ ਤੇ ਅਮਲ ਕਰਨ ਦਾ ਸਮਾਂ ਆ ਪਹੁੰਚਾ ਹੈ।

*—ਅਨੁਵਾਦ : ਕਰਮਜੀਤ ਸਿੰਘ*

## 1. ਸੁਲੱਖਣ ਸਰਹੱਦੀ

ਲੁਕਾ ਕੇ ਕਰਦੇ ਨੇ ਕਿਰਦਾਰ ਨੂੰ ਗੁਫ਼ਤਾਰ ਦੀ ਚਰਚਾ।
ਭਲਾ ਸਿਰ ਮਨਫ਼ੀ ਕਰ ਕੇ ਕਿੰਜ ਤੁਰੂ ਦਸਤਾਰ ਦੀ ਚਰਚਾ।

ਤੁਸੀਂ ਪਾਸੇ ਦਾ ਸੋਨਾ ਹੋ ਕਰੋ ਸੁਨਿਆਰ ਦੀ ਚਰਚਾ।
ਅਸਾਡੀ ਹੋਂਦ ਅਹਿਰਨ ਤਾਂ ਕਰੂ ਲੋਹਾਰ ਦੀ ਚਰਚਾ।

ਵਤਨ-ਪ੍ਰਸਤੀ ਦੇ ਨਾਂ ਤੇ ਹੋ ਰਹੀ ਗੱਦਾਰ ਦੀ ਚਰਚਾ।
ਵਤਨ-ਪ੍ਰਸਤਾਂ ਨੂੰ ਲਗਦੀ ਜ਼ਹਿਰ ਇਸ ਪ੍ਰਕਾਰ ਦੀ ਚਰਚਾ।

ਬਿਨਾਂ ਕੋਈ ਰੋਟੀ ਦੇ ਨੌਂ, ਦੇ ਨੌਂ ਹੀ ਦੁਆਰੇ ਜਾਮ ਨੇ ਏਧਰ,
ਤੇ ਉਹ ਦਸ ਨੰਬਰੀ ਕਰਦੇ ਨੇ ਦਸਵੇਂ ਦੁਆਰ ਦੀ ਚਰਚਾ।

ਤੂੰ ਫੜ੍ਹ ਕੇ ਜਿਨ੍ਹਾਂ ਨੂੰ ਅੱਤਵਾਦ ਦਾ 'ਬਨਬਾਸ ਦੇ ਦਿੱਤਾ,
ਇਹ ਗੱਭਰੂ ਤਾਂ ਸੀ ਕਰਦੇ ਦਿੱਲੀਏ ਰੁਜ਼ਗਾਰ ਦੀ ਚਰਚਾ।'

ਅਹੁ ਬੰਦਾ ਡੁੱਬਦਾ ਜਾਂਦਾ ਹੈ ਪਰ ਏਧਰ ਤਾਂ ਕਿਨਾਰੇ ਤੇ,
ਮਲਾਹਾਂ ਵਿੱਚ ਛਿੜੀ ਹੋਈ ਹੈ ਇੱਕ ਪਤਵਾਰ ਦੀ ਚਰਚਾ।

ਇਬਾਰਤ ਚਿਹਰਿਆਂ ਦੀ ਪੜ੍ਹ ਮੁਕੱਦਸ ਪੁਸਤਕਾਂ ਨੇ ਇਹ,
ਇਹ ਤੈਨੂੰ ਬੌਣਿਆਂ ਕਰਦੂ ਫਕਤ ਅਖ਼ਬਾਰ ਦੀ ਚਰਚਾ।

ਲਿਖੋ ਬੋਲੋ ਆਜ਼ਾਦੀ ਹੈ ਨਹੀਂ ਪਰ ਬਚਪਨਾ ਚੰਗਾ,
ਪਰ੍ਹਾਂ ਸੱਚ ਦਾ ਇਹ ਮੋਹ ਛੱਡੋ ਕਰੋ ਆਹਾਰ ਦੀ ਚਰਚਾ।

ਹਮੇਸ਼ਾ ਬਸਤੀਆਂ ਵਿੱਚ ਜਿਨ੍ਹਾਂ ਲੋਕਾਂ ਅੱਗ ਬੀਜੀ ਹੈ,
ਓਹੀ ਅਜ ਕਰ ਰਹੇ ਨੇ ਲੋਕਾਂ ਦੇ ਘਰ-ਬਾਰ ਦੀ ਚਰਚਾ।

2.

ਮਹਾਂਵੀਰਾਂ ਹਜ਼ਾਰਾਂ ਗੌਤਮਾਂ ਨੂੰ ਬੁਤ ਬਣਾ ਛੱਡਿਆ।
ਅਸਾਂ ਪੈਗੰਬਰਾਂ ਦਾ ਸੱਚ ਗ੍ਰੰਥਾਂ ਵਿੱਚ ਲੁਕਾ ਛੱਡਿਆ।

ਗਗਨ ਆਪਣੇ ਦਾ ਹਰ ਸੂਰਜ ਅਸਾਂ ਫੜ੍ਹਿਆ ਬੁਝਾ ਛੱਡਿਆ।
ਲਹੂ ਹਰ ਨੂਰ ਦਾ ਕੱਢ ਕੇ ਸਲੀਬਾਂ ਨੂੰ ਪਿਲਾ ਛੱਡਿਆ।

ਮੁਕੱਦਸ, ਪੁਸਤਕਾਂ ਨੂੰ ਵਰਮੀਆਂ ਦੀ ਜੂਨੇ ਪਾ ਛੱਡਿਆ
ਇਹਨਾਂ ਵਿੱਚ ਜ਼ਹਿਰ ਭਰ ਦਿੱਤਾ ਇਹਨਾਂ ਨੂੰ ਸੱਪ ਬਣਾ ਛਡਿਆ।

ਕਿਤਾਬਾਂ ਹਨ ਕਿ ਪਾਹਨ ਹੈ, ਜਿਨ੍ਹਾਂ ਨੂੰ ਅਰਘ ਚੜ੍ਹਦੇ ਨੇ
ਤੁਸੀਂ ਤਾਂ ਸ਼ਬਦ ਨੂੰ ਵੀ ਬਾਬਿਉ ਪੱਥਰ ਬਣਾ ਛਡਿਆ।



ਇਨਾਮਾਂ ਸਿਫ਼ਤਾਂ ਤਾਜਾਂ ਦੇ ਬਣਾ ਕੇ ਸੋਨੇ ਦੇ ਪਿੰਜਰੇ,
ਕਿਵੇਂ ਰਾਜੇ ਨੇ ਕਵੀਆਂ ਨੂੰ ਨਿਰੇ ਤੋਤੇ ਬਣਾ ਛੱਡਿਆ।

ਮੇਰੇ ਗਲ ਵਿੱਚ ਪਟਾ ਤੱਕ ਕੇ ਬੜਾ ਹੀ ਹੱਸਿਆ ਬਾਬਾ,
ਉਹ ਲੱਗਾ ਕਹਿਣ ਕਿ ਤੂੰ ਕੀ ਜਨੇਊ ਦਾ ਬਣਾ ਛੱਡਿਆ।

ਜਦੋਂ ਦਰਿਆ ਸੀ ਕਿੰਨਾ ਸ਼ੂਕਦਾ ਤੇ ਖੌਲਦਾ ਸੀ ਉਹ,
ਤਮ੍ਹਾਂ ਦੀ ਝੀਲ ਨੇ ਉਸਨੂੰ ਸਮੁੰਦਰ ਹੀ ਬਣਾ ਛੱਡਿਆ।

ਵਿਵਸਥਾ ਸਾਂਡਰਸ ਤੇ ਭਗਤ ਸਿੰਘ ਦੋਹਾਂ ਦੇ ਬੁਤ ਘੜਦੀ,
ਕਿਸੇ ਸਿਰ ਟੋਪੀ ਰੱਖ ਦਿੱਤੀ ਕਿਸੇ ਸਿਰ ਟੋਪ ਪਾ ਛੱਡਿਆ।

ਨਹੀਂ ਸੀ ਸ਼ਿਅਰ ਬਣਨਾ ਜੇ ਹੁੰਗਾਰੇ ਦਾ ਸੁਖਨ ਤੇਰਾ,
ਮੈਂ ਕਾਹਨੂੰ ਦਿਲ ਤੇ ਤੇਰੀ ਪੀੜ ਦਾ ਪਰਬਤ ਟਿਕਾ ਛੱਡਿਆ।

ਜਿਨ੍ਹਾਂ ਨੂੰ ਜੀਣ ਨਾ ਆਇਆ ਨਿਗਲ ਚੁੱਕੇ ਉਹ ਸਾਲਮ ਉਮਰ,
ਅਸਾਂ ਸਰਹੱਦੀ ਇੱਕ ਇੱਕ ਲਮਹੇ ਨੂੰ ਸਦੀਆਂ ਬਣਾ ਛੱਡਿਆ।

**ਪਿੰਡ ਕੁਹਾੜ, ਡਾਕ ਡਿਹਰੀਵਾਲ ਦਰੋਗਾ, ਜ਼ਿਲ੍ਹਾ ਗੁਰਦਾਸਪੁਰ**

## 3. ਗੁਰਨਾਮ ਢਿੱਲੋਂ

ਛੱਡ ਗਈ ਮੇਰੀ ਨੂੰ ਜਦ ਤੇਰੀ ਨਦੀ।
ਵਿਲਕਦੀ ਬੱਸ ਰਹਿ ਗਈ ਮੇਰੀ ਨਦੀ।

ਜ਼ਿੰਦਗੀ ਭਰ ਠੋਕਰਾਂ ਹੀ ਠੋਕਰਾਂ
ਪੱਥਰਾਂ ਕੁੱਝ ਇਸ ਤਰਾਂ ਘੇਰੀ ਨਦੀ।

ਤਰਸਦੇ ਪਾਣੀ ਨੂੰ ਪੰਛੀ ਮਰ ਗਏ,
ਕਰ ਕੇ ਆਈ ਇਸ ਕਦਰ ਦੇਰੀ ਨਦੀ।

ਕਿਸ ਤਰ੍ਹਾਂ ਸਿੰਜੇਗੀ ਸਭ ਦੇ ਖੇਤ ਇਹ
ਖੁਸ਼ਕ ਹੋਈ ਬੁੱਢੜੀ ਠੇਰੀ ਨਦੀ।

ਸੁਹਲ, ਜਹੀ ਗੁਲਜ਼ਾਰ ਦਾ ਦਿਲ ਲੂਹਣ ਲਈ
ਰੁੱਤ ਵਿਚ ਕਿਸ ਅੱਗ ਦੀ ਕੇਰੀ ਨਦੀ।

ਇਹ ਨਦੀ ਵਗਦੀ ਨਦੀ, ਕਾਹਦੀ ਨਦੀ
ਢਾ ਕੇ ਹੀ ਜਦ ਬੈਠ ਗਈ ਢੇਰੀ ਨਦੀ।

ਖ਼ੂਬ ਹੋਈਆਂ ਗੋਪੀਆਂ ਹੁਣ ਸਾਵਧਾਨ
ਨਾ ਉਡੀਕੇ ਕਾਨ੍ਹ ਦੀ ਫੇਰੀ ਨਦੀ।

## 4. ਮੱਖਣ ਕੁਹਾੜ

ਰਸਤੇ ਜੋ ਬਣਾਉਣ ਨਵੇਂ ਸਾਡੇ ਤਾਂ ਨੇ ਉਹ ਨਿਕਦੇ।
ਭੁੱਲ ਢਾਹੁਣ ਜੋ ਰਾਹਾਂ ਦੇ, ਰਹਿਬਰ ਨੇ ਭਲਾ ਕਿਸਦੇ।

ਬਾ-ਖਬਰ ਰਹੋ ਰਾਹੀਓ, ਖੁਦ ਰਸਤੇ ਬਦਲ ਜਾਂਦੇ,
ਰਾਹ-ਮਾਰ ਵੀ ਰਹਿਬਰ ਵੀ, ਜਦ 'ਕੱਠਿਆਂ ਹੀ ਨੇ ਠਿਲਦੇ।

ਹਰ ਵਕਤ ਹੀ ਬਹੁ-ਰੰਗੀ ਪੀਂਘਾਂ ਨਾ ਚਿਤਵਿਆ ਕਰ,
ਅਸਮਾਨ 'ਚ ਹਰ ਵੇਲੇ ਸਭ ਰੰਗ ਨਹੀਂ ਮਿਲਦੇ।

ਨਾ ਤੋੜ ਇਵੇਂ ਦਰਪਨ, ਕਿਰਚਾਂ ਨਾ ਖਲਾਰ ਐਵੇਂ,
ਚਿਹਰੇ ਤੋਂ ਝਰੀਟਾਂ ਦੇ, ਇਓਂ ਦਾਗ ਨਹੀਂ ਮਿਟਦੇ।

ਫਰਿਆਦ ਕਿਵੇਂ ਕਰੀਏ, ਦਿਲ ਦਰਦ ਕਿਵੇਂ ਕਹੀਏ ?
ਗਮਖਾਰ ਨਹੀਂ ਦਿਸਦੇ, ਹਮਦਰਦ ਨਹੀਂ ਮਿਲਦੇ।

ਬਦਲੇ ਸੀ ਹਲਾਤ ਇਵੇਂ ਬਦਲੀ ਜਿਉਂ ਕੁਝ ਫਿਜ਼ਾ,
ਚਲਦੀ ਸੀ ਹਵਾ ਪਰ ਜਿਉਂ, ਪੱਤੇ ਸੀ ਨਹੀਂ ਹਿਲਦੇ।

ਨਾ ਮਾਰ ਤਿਤਲੀਆਂ ਨੂੰ ਬੁਲਬੁਲ ਨਾ ਉਡਾ ਐਵੇਂ,
ਇਹ ਬਾਗ ਉਮੀਦਾਂ ਦੇ, ਆਵਾਜ਼ ਤੇ ਨਈਂ ਖਿਲਦੇ।

ਬਾਣ ਅਗਨੀ ਦੇ ਚਲਦੇ ਨੇ, ਲੈ ਆੜ ਹਨੇਰੇ ਦੀ,
ਚਾਨਣ ਦਾ ਬਦਨ ਲੂੰਹਦੇ, ਜਾਂਦੇ ਨੇ ਨਜ਼ਰ ਛਿਲਦੇ।

ਲੱਖ ਵਾਰ ਕਿਹੈ ਤੈਨੂੰ, ਵਾ ਹੱਥ ਨਾ ਘਲਾ ਤੋਪੇ,
ਲੰਗਾਰ ਇਹ ਚਾਨਣ ਦੇ ਹੱਥ ਨਾਲ ਹੀ ਨੇ ਸਿਲਦੇ।

*ਅਮਨ ਨਗਰ, ਹਰਦੋਛੰਨੀ ਰੋਡ, ਗੁਰਦਾਸਪੁਰ*

## 5. ਸਤੀਸ਼ ਗੁਲਾਟੀ

ਤੂੰ ਰੱਖ ਭਾਵੇਂ ਗਗਨ ਦੇ, ਧਰਤ ਦੇ, ਸੰਸਾਰ ਦੇ ਸੁਪਨੇ।
ਕਿ ਹਰ ਸੁਪਨੇ ਦਾ ਇੱਜ਼ਤ ਮਾਨ ਹੋਵੇ ਆਖਦੇ ਸੁਪਨੇ।

ਤੁਰਨ ਦਾ ਮੱਸ ਹੈ ਕਿੰਨਾ, ਉੜਣ ਦੀ ਖਹਾਇਸ਼ ਹੈ ਕਿੰਨੀ
ਕਿ ਹਰ ਬੰਦੇ ਦੀ ਅਭਿਲਾਸ਼ਾ ਨੂੰ ਪਹਿਲਾਂ ਪਰਖਦੇ ਸੁਪਨੇ।

ਇਨ੍ਹਾਂ ਨੂੰ ਨੀਂਦ ਕਦ ਆਈ, ਇਨਾਂ ਨੂੰ ਚੈਨ ਕਦ ਮਿਲਿਆ,
ਜਦੋਂ ਤੱਕ ਜਾਗਦਾ ਹਾਂ ਨਾਲ ਮੇਰੇ ਜਾਗਦੇ ਸੁਪਨੇ।

ਚਲੋ ਬਾਜ਼ਾਰ ਅੰਦਰ ਵਾਚੀਏ ਹਰ ਇਕ ਚਿਹਰੇ ਨੂੰ
ਕਿ ਕਿੰਨੇ ਲੋਕ ਹਨ ਜਿਨ੍ਹਾਂ ਦੇ ਅੰਦਰ ਧੜਕਦੇ ਸੁਪਨੇ।



ਮਿਰੇ ਦਿਲ ਦੇ ਕਿਸ ਕੋਨੇ 'ਚੋਂ ਇਕ ਆਵਾਜ਼ ਆਉਂਦੀ ਹੈ,
ਕਿ ਤੈਨੂੰ ਆਉਣਗੇ ਹੁਣ ਉਮਰ ਭਰ ਹੀ ਸ਼ਬਦ ਦੇ ਸੁਪਨੇ।

6.

ਮੈਂ ਬੇ-ਤਰਤੀਬ ਹਾਂ ਤਰਤੀਬ ਅੰਦਰ
ਤੇ ਦਿਲ ਤਰਤੀਬ ਦੀ ਹੀ ਵਿਆਖਿਆ ਹੈ।
ਜਿਵੇਂ ਇਕ ਅਧ-ਪੜ੍ਹੀ ਪੁਸਤਕ ਦਾ ਪੰਨਾ
ਕਿਸੇ ਦੀ ਯਾਦ ਵਿਚ ਮੁੜਿਆ ਪਿਆ ਹੈ।

ਮਿਰੇ ਅੰਦਰ ਵਿਚਾਰਾਂ ਦੀ ਲੜੀ ਹੈ।
ਜੇ ਤੈਨੂੰ ਸ਼ਿਲਪ ਲੱਗੇ ਤਾਂ ਵੀ ਜਾਣੀ,
ਮੈਂ ਆਉਂਦੇ ਵਕਤ ਨੂੰ ਮਹਿਸੂਸਦਾ ਹਾਂ
ਮੈਂ ਲੰਘੇ ਵਕਤ ਨੂੰ ਵੀ ਦੇਖਿਆ ਹੈ।

ਇਹ ਕੈਸੀ ਚੁਭਨ ਹੈ ਖਾਬਾਂ ਦੇ ਅੰਦਰ
ਇਹ ਕੈਸਾ ਸ਼ੋਰ ਹੈ ਸੋਚਾਂ ਦੇ ਅੰਦਰ,
ਜਿਵੇਂ ਰੁੱਖਾਂ ਤੋਂ ਪੱਤੇ ਝੜ ਰਹੇ ਨੇ,
ਜਿਵੇਂ ਕੋਈ ਸ਼ਖਸ ਸ਼ਹਿਰੋਂ ਪਰਤਿਆ ਹੈ।

ਉਹ ਜੋ ਜੰਗਲ ਦਾ ਰਾਜਾ ਜਾਪਦਾ ਸੀ
ਉਹ ਜੋ ਦੁਨੀਆ ਨੂੰ ਪਰਜਾ ਸਮਝਦਾ ਸੀ,
ਉਹ ਜੋ ਲੋਕਾਂ ਦੇ ਘਰ ਵਿਚ ਝਾਕਦਾ ਸੀ
ਉਹ ਆਪਣੀ ਅੱਗ ਅੰਦਰ ਝੁਲਸਿਆ ਹੈ।

## 7. ਸ਼ਾਮ ਸੁ ਰ

ਏਸ ਨਗਰ ਵਿਚ ਕਿੱਥੇ ਭਾਲਾਂ ਚਾਨਣ ਦਾ ਸਿਰਨਾਵਾਂ
ਹਰ ਬੂਹੇ 'ਤੇ ਬੈਠਾ ਹੋਇਆ ਨ੍ਹੇਰੇ ਦਾ ਪਰਛਾਵਾਂ।

ਉੱਜੜੇ ਜੰਗਲ ਅੰਦਰ ਪੰਛੀ ਭਟਕਣ ਪਰ ਨਾ ਜਾਨਣ
ਕੌਣ ਏਸ ਦੇ ਬਿਰਖ ਖਾ ਗਿਆ ਕੌਣ ਲੈ ਗਿਆ ਛਾਵਾਂ।

ਆਪ ਸੁਆਗਤ ਕਰੇ ਉਹਨਾਂ ਦਾ ਅੱਗੇ ਹੋ ਕੇ ਮਾਲੀ
ਫੁਲਾਂ ਨੂੰ ਜੋ ਸਾੜਨ ਆਈਆਂ ਮਾਰੂ ਗਰਮ ਹਵਾਵਾਂ।

ਕਿਵੇਂ ਪਰਾਈਆਂ ਨਦੀਆਂ ਸਿੰਜਣ ਇਸ ਬੰਜਰ ਧਰਤੀ ਨੂੰ
ਇਸ ਤੋਂ ਜਦ ਮੂੰਹ ਮੋੜ ਲਿਆ ਹੈ ਇਸ ਦੇ ਪੁੱਤ ਦਰਿਆਵਾਂ।

ਹਾਰ ਬਣਾ ਕੇ ਫੁੱਲਾਂ ਦੇ ਹੁਣ ਪੱਥਰਾਂ ਗਲ ਨਾ ਪਾਓ
ਇਹ ਨਾਜ਼ੁਕ ਹਨ ਝੱਲ ਨਹੀਂ ਸਕਦੇ ਏਨੀਆਂ ਸਖ਼ਤ ਸਜ਼ਾਵਾਂ।

ਅੱਜ ਕਲ੍ਹ ਬਣੇ ਤਿਆਗੀ ਵੀ ਹੁਣ ਏਦਾਂ ਭੇਖ ਬਣਾਉਂਦੇ
ਸੋਨੇ ਦੇ ਉਹ ਬਸਤਰ ਪਹਿਨਣ ਚਾਂਦੀ ਦੀਆਂ ਖੜ੍ਹਾਵਾਂ।

ਸੁੱਤੀ ਖਲਕਤ ਜਾਗੇ ਪਲ ਵਿਚ ਖੁੱਲ੍ਹੇ ਤੀਜਾ ਨੇਤਰ
ਦਿਲ ਕਰਦੈ ਚਿੰਤਨ ਦਾ ਕੋਈ ਐਸਾ ਤੀਰ ਚਲਾਵਾਂ।

**ਪਿੰਡ ਤੇ ਡਾ. ਪੋਸੀ, ਜ਼ਿਲ੍ਹਾ ਹੁਸ਼ਿਆਰਪੁਰ।**

## 8. ਸਿਰੀ ਰਾਮ ਅਰਸ਼

ਜਿਊਣੇ ਦਾ ਵਰ ਮਨੁੱਖ ਨੂੰ ਭਗਵਾਨ ਦੇ ਗਿਆ।
ਐਟਮ 'ਚ ਮੌਤ ਢਾਲ ਕੇ ਇਨਸਾਨ ਦੇ ਗਿਆ।

ਢੁਕਵਾਂ ਜਵਾਬ ਜ਼ੁਲਮ ਦੇ ਇਤਿਹਾਸ ਨੂੰ ਤੂੰ ਵੇਖ,
'ਚੱਪੜ ਚਿੜੀ' ਦੀ ਜੰਗ ਦਾ ਮੈਦਾਨ ਦੇ ਗਿਆ।

'ਪੂਰਨ' ਜਤੀ ਦੇ ਪਾਪ ਨੂੰ 'ਲੂਣਾ' ਸੀ ਜਾਣਦੀ,
ਸੁਲਤਾਨ ਬਣ ਕੇ ਡੰਨ ਪਰ 'ਸਲਵਾਨ' ਦੇ ਗਿਆ।

ਥੱਕੇ ਨੇ ਭਾਲ ਭਾਲ ਕੇ ਮਿਲਿਆ ਨਹੀਂ ਸੁਰਾਗ,
ਖ਼ੁਸ਼ੀਆਂ ਨੂੰ ਲੈ ਗਿਆ ਜਿਹੜਾ ਸ਼ਮਸ਼ਾਨ ਦੇ ਗਿਆ।

ਅੱਲ੍ਹੜ ਜਿਹੇ ਸਰੂਪ ਦਾ ਦੱਸੋ ਸੀ ਕੀ ਕਸੂਰ ?
ਉਸ ਨੂੰ ਸਜ਼ਾ ਅਸੱਭਿ ਕਿਉਂ* 'ਮੁਲਤਾਨ' ਦੇ ਗਿਆ ?

ਉਮਰਾਂ ਜਿਹਨਾਂ ਨੇ ਕੱਟੀਆਂ ਹੱਕਾਂ ਤੋਂ ਵਿਰਵੀਆਂ,
ਨਵ-ਜੁਗ ਉਹਨਾਂ ਨੂੰ ਵੋਟ ਦਾ ਵਰਦਾਨ ਦੇ ਗਿਆ।

ਮਿਥਿਹਾਸ 'ਕਰਣ' ਨੂੰ ਕਹੇ ਦਾਨੀ ਨਾ ਕਿਉਂ ਮਹਾਨ ?
ਜੋ ਦਾਨ ਵਿੱਚ ਸੀ ਭੇਖੀਆਂ ਨੂੰ ਜਾਨ ਦੇ ਗਿਆ।

ਝਟ ਪਟ ਜ਼ਮਾਨਾ ਤੁਰ ਪਿਆ ਛੇਕਣ ਲਈ ਉਹਨੂੰ,
ਇਨਸਾਫ਼ ਜਿਸ ਗ਼ਰੀਬ ਨੂੰ ਸੁਲਤਾਨ ਦੇ ਗਿਆ ?

ਚੜ੍ਹਦਾ ਰਿਹਾ ਉਹ ਕਰਜ਼ ਦੀ ਸੂਲੀ 'ਤੇ ਵਾਰ ਵਾਰ,
ਕੈਸਾ ਸਰਪ 'ਅਰਸ਼' ਨੂੰ ਧਨਵਾਦ ਦੇ ਗਿਆ ?

*ਮੁਲਤਾਨ ਜ਼ਿਲ੍ਹੇ ਵਿੱਚ ਇਕ ਕਬੀਲੇ ਨੇ ਇਕ ਬੇਕਸੂਰ
ਮੁਟਿਆਰ ਨੂੰ ਅਤਿ ਘਿਨਾਉਣੀ ਸਜ਼ਾ ਦਿੱਤੀ ਸੀ

204, **ਸੈਕਟਰ** 65, **ਮੁਹਾਲੀ** (ਜੁਲਾਈ 2002)



## 9. ਪਰਮਜੀਤ

ਇਨ੍ਹਾਂ ਧੰਧਾ ਚਲਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।
ਦਿਨੇ ਹੀ' ਨੇਰ ਪਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

ਖ਼ੁਦਾ ਦੇ ਕਾਤਿਲਾਂ ਨੇ ਹੀ ਖ਼ੁਦਾ ਨੂੰ ਦਫ਼ਨ ਕਰ ਕਰ ਕੇ,
ਉੱਚਾ ਝੰਡਾ ਝੁਲਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

ਸ਼ਰਾਅ ਦਾ ਆਸਰਾ ਲੈ ਕੇ ਮਸੂਮਾਂ ਦਾ ਲਹੂ ਪੀਣਾ,
ਇਹੀ ਧਰਮਾਂ ਸਿਖਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

ਮਸੀਤਾਂ ਮੰਦਿਰਾਂ ਦੇ ਵਿਚ ਖੜੇ ਹੱਥ ਜੋੜ ਦੇ ਕਾਫ਼ਰ,
ਖ਼ੁਦਾ ਦਿਲ 'ਚੋਂ ਭਲਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

ਖ਼ੁਦਾ ਦਾ ਨਾਮ ਜੱਪਣ ਵਿਚ ਖਪਾ ਲਈ ਜ਼ਿੰਦਗੀ ਅਨਮੋਲ,
ਅਨੋਖਾ ਕਹਿਰ ਢਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

ਕੋਈ ਮਨਸੂਰ ਜਾਂ ਈਸਾ ਜਿਹਾ ਬੰਦਾ ਖ਼ੁਦਾ ਵਰਗਾ,
ਇਨ੍ਹਾਂ ਸੂਲੀ ਚੜਾਯਾ ਹੈ ਖ਼ੁਦਾ ਦੇ ਨਾਮ ਦੇ ਉੱਤੇ।

10.

ਹਰ ਤਰਫ਼ ਹੀ ਲਿਸ਼ਕਦਾ ਖੰਜਰ ਦਿਸੇ।
ਹਰ ਕਿਸੇ ਦੀ ਅੱਖ ਹੀ ਬੰਜਰ ਦਿਸੇ।

ਧਰਮ ਘੋਲਣ ਜ਼ਹਿਰ ਹਰ ਇਕ ਬਦਨ ਵਿਚ,
ਜਿਧਰ ਵੇਖਾਂ ਜ਼ੁਲਮ ਦਾ ਮੰਜ਼ਰ ਦਿਸੇ।

ਕੌਣ ਲੀਕਾਂ ਜ਼ਿਹਨ ਅੰਦਰ ਵਾਹ ਰਿਹਾ,
ਹਰ ਕਿਤੋਂ ਹੀ ਟੁੱਟਿਆ ਅੰਬਰ ਦਿਸੇ।

ਪ੍ਰੇਮ ਦਾ ਸੁਰ ਛੇੜਦੇ ਜੋ ਆਦਮੀ,
ਮੋਮਿਨਾਂ ਨੂੰ ਉਹ ਸਦਾ ਕਾਫ਼ਰ ਦਿਸੇ।

ਕਿਉਂ ਮੈਂ ਭਾਲਾਂ ਸਾਗਰਾਂ ਨੂੰ ਥਾਂ ਕੁਥਾਂ,
ਦਿਲ ਅੰਦਰ ਹੀ ਬੂੰਦ ਵਿਚ ਸਾਗਰ ਦਿਸੇ।

11.

ਐਵੇਂ ਨਹੀਂ ਦਿਸਦੇ ਏਥੇ ਇਹ ਬੇਹਿਸਾਬ ਪੱਥਰ।
ਹਰ ਇਕ ਨੇ ਸਭ ਨੂੰ ਦੇਣੈ ਇਟ ਦਾ ਜਵਾਬ ਪੱਥਰ।

ਮੈਂ ਫੁੱਲਾਂ ਜਿਹੇ ਸੁਨੇਹੇ ਪੌਣਾਂ ਦੇ ਹੱਥੀਂ ਘੱਲਾਂ,
ਉਹ ਭੇਜਦੇ ਨੇ ਸਭ ਦਾ ਹੀ ਇੱਕੋ ਜਵਾਬ ਪੱਥਰ।

ਫੁੱਲਾਂ ਜਿਹਾ ਦਿਲ ਮੇਰਾ ਇਹ ਪੱਥਰ ਹੀ ਹੋ ਗਿਆ ਹੈ,
ਜਦ ਤੋਂ ਮੈਂ ਵਿਕਦੇ ਵੇਖੇ ਬਣਕੇ ਗੁਲਾਬ ਪੱਥਰ।

ਉਸਦੀ ਬਸਤੀ 'ਚੋਂ ਕੋਈ ਬਚਿਆ ਨਾ ਠੋਹਕਰਾਂ ਤੋਂ.
ਉਸਨੇ ਤਾਂ ਕਦਮ ਕਦਮ ਤੇ ਛੁਪਾਏ ਅਜ਼ਾਬ ਪੱਥਰ।

ਪੱਥਰ ਦੀ ਮੂਰਤੀ ਗਲ ਫੁੱਲਾਂ ਦੇ ਹਾਰ ਦਿਸਦੇ,
ਇਹ ਵੇਖ ਕੇ ਤਾਂ ਰੱਬ ਵੀ ਹੋਯਾ ਜਨਾਬ ਪੱਥਰ।

## 12. ਕੰਵਲਜੀਤ ਸਿੰਘ ਕੁਟੀ

ਵਕਤ ਆਪਣੇ-ਆਪ ਨੂੰ ਦੁਹਰਾ ਰਿਹੈ।
ਸੱਚ ਸੂਲੀ ਟੰਗਿਆ ਮੁਸਕਾ ਰਿਹੈ।

ਕਰ ਲਵੋ ਸਭ ਜ਼ਹਿਰ 'ਕੱਠਾ ਸ਼ਹਿਰ ਦਾ,
ਆ ਰਿਹੈ, ਸੁਕਰਾਤ ਇਧਰ ਆ ਰਿਹੈ।

ਫਿਰ ਸਿਰਾਂ ਦੇ ਮੁੱਲ ਨੇ ਹੁਣ ਪੈ ਰਹੇ,
ਸ਼ਹਿਰ ਕਤਲਗਾਹ ਬਣਾਇਆ ਜਾ ਰਿਹੈ।

ਦਿਲ 'ਚ ਰੱਖੀਂਜ਼ਫਰਨਾਮਾ ਸਰਫਰੋਸ਼,
ਹੱਥ ਲੈ ਤਲਵਾਰ ਕਾਤਿਲ ਆ ਰਿਹੈ।

ਗੀਤ ਵਸਲਾਂ ਦਾ ਸੀ ਉਸ ਗਾਇਆ ਕਦੇ,
ਇਹ ਹਿਜਰ ਦੀ ਗ਼ਜ਼ਲ ਜਿਹੜਾ ਗਾ ਰਿਹੈ ?

## 13. ਅਮਰਦੀਪ ਸੰਧਾਵਾਲੀਆ

ਜਦ ਜਹਾਜ਼ਾਂ ਨੂੰ ਚਿੜੀ ਉਹ ਦੇਖਦੀ ਹੈ
ਤਾਂ ਪਰਾਂ ਬਾਬਤ ਬਹੁਤ ਕੁਝ ਸੋਚਦੀ ਹੈ।

ਜਿਸਦੇ ਅੰਦਰ ਸੀ ਕਈ ਤਾਰੂ ਗਵਾਚੇ,
ਉਸ ਨਦੀ ਦਾ ਨਾਮ ਹੁਣ ਸੁੱਕੀ ਨਦੀ ਹੈ।

ਪਿਆਸ ਉਸਦੀ ਨੂੰ ਸਮਰਪਿਤ ਦੀ ਕਰਾਂ ਮੈਂ,
ਜੋ ਸਮੁਦੰਰ ਵਿਚ ਵੀ ਰਹਿੰਦੀ ਸਹਿਕਦੀ ਹੈ।

ਪੜ੍ਹ ਕੇ ਜਿਸਨੂੰ ਸ਼ਾਤ ਚਿਤ ਉਹ ਹੋ ਗਏ ਨੇ,
ਉਸ ਕਥਾ ਦੀ ਹਰ ਸਤਰ ਹੀ ਭਟਕਦੀ ਹੈ।

ਮੈਂ ਚਰਿੱਤਰ ਦੀ ਜਦੋਂ ਵੀ ਗੱਲ ਛੇੜੀ.
ਆਖਿਆ ਉਸਨੇ ਕੇ ਹੁਣ ਇੱਕਵੀਂ ਸਦੀ ਹੈ।

ਰਾਮ ਜੇ ਮਿਲਿਆ ਕਿਤੇ ਤਾਂ ਕਹਿ ਦਿਆਂਗਾ,
ਮਰ ਗਿਆ ਰਾਵਣ ਮਰੀ ਪਰ ਨਾ ਬਦੀ ਹੈ।



ਰਾਤ ਭਰ ਜੋ ਜਾਗਦੀ ਹੈ ਨਾਲ ਮੇਰੇ.
ਉਸ ਗ਼ਜ਼ਲ ਵਿਚ ਧੁੱਪ ਹੀ ਬਸ ਲਿਸ਼ਕਦੀ ਹੈ।

1 4

ਹਰ ਅਦਾ ਉਸਦੀ ਜਦੋਂ ਇਕ ਸ਼ੇਅਰ ਕਰਦੀ ਅਰਜ਼ ਹੈ।
ਫਿਰ ਗ਼ਜ਼ਲ ਉਸਨੂੰ ਮੁਕੰਮਲ ਕਹਿਣ ਵਿਚ ਕੀ ਹਰਜ ਹੈ।

ਸਿਰ ਸਲਾਮਤ ਰਹਿਣ ਦੀ ਵੀ ਹੈ ਖੁਸ਼ੀ ਡਾਢੀ ਮਗਰ,
ਚੜ੍ਹ, ਗਿਆ ਪੱਥਰਾਂ ਦਾ ਢੇਰ ਸਾਰਾ ਕਰਜ਼ ਹੈ।

ਨਬਜ਼ ਹੈ ਚਲਦੀ ਪਈ ਪਰ ਆਦਮੀ ਜੀਂਦਾ ਨਹੀਂ,
ਨਾ ਮਸੀਹਾ ਜਾਣਦਾ ਇਹ ਕਿਸ ਤਰ੍ਹਾਂ ਦੀ ਮਰਜ਼ ਹੈ।

ਰਿਸ਼ਤਿਆਂ ਵਿਚ ਹੁਣ ਅੱਵਲੀ ਨਜ਼ਮ ਖੁੱਲੀ ਆ ਵੜੀ,
ਨਾ ਵਜ਼ਨ ਕੋਈ ਰਿਹਾ ਨਾ ਬੰਦਿਸ਼ਾਂ, ਨਾ ਤਰਜ਼ ਹੈ।

ਮਤਲਬੀ ਇਨਸਾਨ ਹੈ ਪਹਿਚਾਣ ਮੇਰੇ ਦੌਰ ਦੀ,
ਫੇਰ ਕੀ ਅਸਚਰਜ ਹੈ ਜੇ ਯਾਰ ਵੀ ਖੁਦਗ਼ਰਜ਼ ਹੈ।

(ਆਕਾਸ਼ਵਾਣੀ-ਬਠਿੰਡਾ)

## ਸੁਖਵਿੰਦਰ ਅੰਮ੍ਰਿਤ

ਮੀਲ ਪੱਥਰ ਬਣ ਕੇ ਰਾਹ ਵਿਚ ਹਾਦਸੇ ਮਿਲਦੇ ਰਹੇ
ਸ਼ਹਿਰ ਤੇਰੇ ਦੇ ਅਸਾਂ ਨੂੰ ਥਹੁ-ਪਤੇ ਮਿਲਦੇ ਰਹੇ

ਬਲ ਰਹੀ ਸੀ ਰੇਤ ਥਲ ਦੀ, ਜਲ ਰਹੇ ਸਨ ਪੈਰ ਵੀ
ਤੇਰੀਆਂ ਪੈੜਾਂ ਤੋਂ ਐਪਰ ਹੌਂਸਲੇ ਮਿਲਦੇ ਰਹੇ

ਚੇਤਿਆਂ ਵਿਚ ਜਗ ਰਹੇ ਸਨ ਨੈਣ ਤੇਰੇ ਸ਼ਰਬਤੀ
ਨੇਰ੍ਹਿਆਂ ਵਿਚ ਮੰਜ਼ਿਲਾਂ ਦੇ ਇਉਂ ਪਤੇ ਮਿਲਦੇ ਰਹੇ

ਤਰਸਦੀ ਹੀ ਰਹਿ ਗਈ ਇਹ ਉਮਰ ਤੇਰੇ ਸਾਥ ਨੂੰ
ਉਂਜ ਸਫ਼ਰ ਦੇ ਵਿਚ ਬਥੇਰੇ ਕਾਫ਼ਲੇ ਮਿਲਦੇ ਰਹੇ

"ਕੱਲ੍ਹ ਫਿਰ ਸੂਰਜ ਚੜ੍ਹੇਗਾ, ਹੋ ਨਾ ਤੂੰ ਐਵੇਂ ਉਦਾਸ"
ਸ਼ੁਕਰ ਹੈ ਇਉਂ ਕਹਿਣ ਵਾਲੇ ਦਿਨ ਢਲੇ ਮਿਲਦੇ ਰਹੇ

ਤੇਰੇ ਵਾਂਗੂੰ ਨਾਮ ਸਾਡਾ ਨਾ ਕਿਸੇ ਨੇ ਵੀ ਲਿਆ
ਉਂਜ ਬੁਲਾਵੇ, ਦਾਅਵਤਾਂ, ਸੱਦੇ ਬੜੇ ਮਿਲਦੇ ਰਹੇ

# ਨਾਜ਼ਿਮ ਹਿਕਮਤ ਦਾ ਮਹਾਂ ਕਾਵਿ 'ਮਨੁੱਖੀ ਧਰਤ-ਦ੍ਰਿਸ਼'

*—ਹਰਭਜਨ ਸਿੰਘ ਹੁੰਦਲ*

## I

ਕਲਾ ਤੇ ਸਾਹਿਤ ਦੇ ਖੇਤਰ ਵਿੱਚ ਕਿਸੇ ਵੀ ਉੱਤਮ ਪ੍ਰਾਪਤੀ ਅਤੇ ਸ਼ਾਹਕਾਰ ਦੀ ਸਿਰਜਣਾ ਪਿੱਛੇ ਡੂੰਘੇ ਤੇ ਵਿਸ਼ਾਲ ਸਮਾਜਕ ਅਨੁਭਵ ਦੀ ਅਖੁੱਟ ਪੂੰਜੀ ਹੁੰਦਾ ਹੈ। ਇਸ ਡੂੰਘੇਰੇ ਕਲਾਤਮਿਕ ਅਨੁਭਵ ਨੂੰ ਕੋਈ ਪ੍ਰਭਾਵਸ਼ਾਲੀ ਸਾਹਿਤਕ ਸਰੂਪ ਦੇਣ ਵੇਲੇ ਲੇਖਕ ਜਾਂ ਕਲਾਕਾਰ ਕਈ ਸ਼ੈਲੀਆਂ ਜਾਂ ਵਿਧੀਆਂ ਦੀ ਤਲਾਸ਼ ਕਰ ਰਿਹਾ ਹੁੰਦਾ ਹੈ। ਡੂੰਘੀ ਮਾਨਸਿਕ ਕਸ਼ਮਕਸ਼ ਵਿੱਚੋਂ ਦੀ ਲੰਘਦਿਆਂ ਕਲਾਕਾਰ ਨੂੰ ਕਿਹੜੀਆਂ ਸਾਹਿਤਕ ਜਾਂ ਸਮਾਜਿਕ ਰੁਕਾਵਟਾਂ ਜਾਂ ਔਕੜਾਂ ਨਾਲ ਦਸਤਪੰਜਾ ਲੈਣਾ ਪੈਂਦਾ ਹੈ, ਇਸ ਬਾਰੇ ਸਾਨੂੰ ਪਾਠਕਾਂ ਨੂੰ ਘੱਟ ਜਾਣਕਾਰੀ ਹੁੰਦੀ ਹੈ। ਕਿਉਂਕਿ ਸਾਰੇ ਲੇਖਕ ਤੇ ਕਲਾਕਾਰ ਆਪਣੀ ਸਿਰਜਣ-ਕਿਰਿਆ ਦੀਆਂ ਦੁਸ਼ਵਾਰੀਆਂ ਦਾ ਅਕਸਰ ਹੀ ਘੱਟ ਵਰਨਣ ਕਰਦੇ ਹਨ। ਇਹ ਭੇਤ ਜਾਂ ਰਹੱਸ ਪਾਠਕਾਂ ਦੀਆਂ ਅੱਖਾਂ ਤੋਂ ਉਹਲੇ ਹੀ ਰਹਿ ਜਾਂਦਾ ਹੈ।

ਨਾਜ਼ਿਮ ਹਿਕਮਤ ਤੇ ਨੇਰੂਦਾ ਦੀ ਕਵਿਤਾ ਵਿੱਚ ਮੇਰੀ ਦਿਲਚਸਪੀ ਤਾਂ ਭਾਵੇਂ ਜਵਾਨੀ ਦੇ ਸਾਲਾਂ ਤੋਂ ਸੀ, ਪਰ ਉਹਨੀਂ ਦਿਨੀਂ ਸਾਡੀ ਪੀਹੜੀ ਦੇ ਪਾਠਕਾਂ ਨੂੰ ਇਹਨਾਂ ਕਵੀਆਂ ਦੀਆਂ ਬੜੀਆਂ ਥੋਹੜੀਆਂ ਕਵਿਤਾਵਾਂ ਨਾਲ ਹੀ ਸਤੁੰਸ਼ਟ ਹੋਣ ਦੀ ਮਜਬੂਰੀ ਸੀ। ਬਾਹਰਲੇ ਦੇਸ਼ਾਂ ਦੇ ਇੱਕ ਦੋ ਗੇੜੇ ਵੱਜਣ ਨਾਲ ਮੇਰੇ ਲਈ ਇਹਨਾਂ ਕਵੀਆਂ ਦੀ ਤਲਾਸ਼ ਦੇ ਬੰਦ ਬੂਹੇ ਖੁੱਲ੍ਹਣ ਲੱਗੇ ਹਨ। ਨੇਰੂਦਾ ਦੇ ਟਾਕਰੇ ਤੇ ਨਾਜ਼ਿਮ ਦੀ ਕਵਿਤਾ ਦੇ ਅਨੁਵਾਦ ਘੱਟ ਹੋਏ ਹਨ ਤੇ ਜੋ ਹੋਏ ਵੀ ਹਨ, ਸਾਨੂੰ ਉਹਨਾਂ ਸਾਰੇ ਯਤਨਾਂ ਦੀ ਵਾਕਫ਼ੀ ਵੀ ਘੱਟ ਹੈ।

ਨਾਜ਼ਿਮ ਦੀਆਂ ਅੰਗਰੇਜ਼ੀ ਵਿੱਚ ਅਨੁਵਾਦ ਹੋਈਆਂ ਦੋ ਪੁਸਤਕਾਂ ਦੀ ਪ੍ਰਾਪਤੀ 'ਚਿਰਾਗ਼' ਦੇ ਸਹਾਇਕ ਸੰਪਾਦਕ ਅਮਰਜੀਤ ਸੂਫੀ ਦੀਆਂ ਕੋਸ਼ਿਸ਼ਾਂ ਨਾਲ ਹੋਈ ਹੈ। ਪਹਿਲੇ ਸਾਲ (2002) ਵਿੱਚ ਉਹ ਕੈਲੇਫੋਰਨੀਆ ਵਿਚਲੀ ਡੇਵੀਸ ਯੂਨੀਵਰਸਿਟੀ ਦੀ ਲਾਏਬ੍ਰੇਰੀ ਵਿੱਚ 'ਬਦਰਉਦੀਨ ਦੀ ਵਾਰ' ਦੀ ਨਕਲ ਲੈ ਕੇ ਆਇਆ ਤੇ ਨਾਲ ਹੀ ਦੱਸਣ ਲੱਗਾ ਕਿ ਉਥੇ ਨਾਜ਼ਿਮ ਦਾ ਮਹਾਂ-ਕਾਵਿ ਵੀ ਪਿਆ ਹੈ। ਮੇਰੇ ਜ਼ੋਰ ਦੇਣ ਤੇ ਉਹ ਅਗਲੇ ਸਾਲ (2001) ਉਸ ਮਹਾਂ-ਕਾਵਿ ਦੀ ਫੋਟੋ ਕਾਪੀ ਕਰਵਾ ਕੇ ਲੈ ਆਇਆ।

ਪਿਛਲੇ ਸਾਲ ਉਸ ਮਹਾਂ-ਕਾਵਿ (Human Land Scapes) 'ਮਨੁੱਖੀ ਧਰਤ ਦ੍ਰਿਸ਼' ਦਾ ਵਾਰ ਵਾਰ ਅਧਿਐਨ ਕਰਦਿਆਂ ਮੈਂ—ਉਸ ਦੇ ਕੁਝ ਹਿੱਸੇ ਕਵਿਤਾ ਰੂਪ ਵਿੱਚ ਅਨੁਵਾਦ ਕੀਤੇ ਸਨ। ਅਮਰਜੀਤ ਚੰਦਨ ਦੇ ਦੱਸ ਪਾਉਣ ਨਾਲ ਮੈਨੂੰ ਨਾਜ਼ਿਮ ਹਿਕਮਤ ਦੀ ਨਵੀਂ ਛਪੀ ਜੀਵਨੀ ਦੀ ਪ੍ਰਾਪਤੀ ਦੀ ਤਾਂਘ ਵਧਦੀ ਗਈ। ਮੇਰੀ ਇਸ ਮੰਗ ਦੀ ਪੂਰਤੀ ਮੇਰੇ ਪਰਮ-ਮਿੱਤਰ ਯੂ. ਕੇ. ਵਾਸੀ ਕਵੀ ਗੁਰਨਾਮ ਢਿੱਲੋਂ ਨੇ ਕਰ ਦਿੱਤੀ ਹੈ। ਇਹਨਾਂ ਪੁਸਤਕਾਂ ਦੇ ਅਧਿਐਨ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਆਧਾਰ ਤੇ ਜੋ ਨਵੇਂ ਤੱਥ ਤੇ ਜਾਣਕਾਰੀ ਮੈਨੂੰ ਪ੍ਰਾਪਤ ਹੋਏ ਹਨ, ਉਹ ਪੰਜਾਬੀ ਪਾਠਕਾਂ ਨਾਲ ਮੈਂ ਇਸ ਵਜ੍ਹਾ ਕਾਰਨ ਵੀ ਸਾਂਝੇ ਕਰਨਾ ਚਾਹੁੰਦਾ ਹਾਂ। ਕਿਉਂਕਿ ਨਾਜ਼ਿਮ ਹਿਕਮਤ ਦੀ ਕਵਿਤਾ ਨਾਲ ਲਗਾਓ ਦੇ ਬਾਵਜੂਦ ਅਸੀਂ ਉਸ ਦੇ ਜੀਵਨ ਬਾਰੇ ਬਹੁਤ ਹੀ ਘੱਟ ਜਾਣਦੇ ਹਾਂ।

ਨਾਜ਼ਿਮ ਨੂੰ ਫੌਜੀ ਹਕੂਮਤ ਤੇ ਵੱਖ ਵੱਖ ਦੋਸ਼ਾਂ ਅਧੀਨ 28 ਸਾਲ ਦੀ ਸਜ਼ਾ ਸੁਣਾਈ ਸੀ। ਇਸ ਜੇਲ੍ਹ-ਯਾਤਰਾ ਦੇ ਦਸ ਸਾਲ ਉਸ ਨੇ ਬੁਰਸਾ ਜੇਲ ਵਿੱਚ ਕੱਟੇ ਸਨ। ਜਦੋਂ ਕਿਸੇ ਰਚਨਾਤਮਿਕ ਲੇਖਕ ਨੂੰ ਏਨੀ ਲੰਮੀ ਸਜ਼ਾ ਸੁਣਾਈ ਗਈ ਹੋਵੇ, ਤਾਂ ਇਹ ਕੁਦਰਤੀ ਗੱਲ ਹੈ ਕਿ ਉਹ ਏਨੇ ਲੰਮੇ ਸਮੇਂ ਕਿਸੇ



ਮਹਾਂਕਾਵਿਕ ਪੱਧਰ ਦੀ ਰਚਨਾ ਦੀ ਯੋਜਨਾ ਬਣਾਵੇਗਾ ਤਾਕਿ ਰਚਨਾਤਮਿਕ ਕੰਮ ਕਰਦਿਆਂ ਉਸ ਦੀ ਸ਼ਕਤੀ ਕਿਸੇ ਸੁਕਾਰਥੇ ਲੱਗੇ ਤੇ ਨਾਲ ਹੀ ਅਕਾਉਪਣੇ ਤੋਂ ਬਚ ਕੇ ਸਿਰਜਣਾਤਮਕ-ਕਾਰਜ ਕੀਤਾ ਜਾ ਸਕੇ। ਨਾਜ਼ਿਮ ਨੇ ਇਸ ਮਹਾਂ-ਕਾਵਿ ਦੀ ਰਚਨਾ ਵਿੱਚ 10 ਸਾਲ ਲਾਏ ਸਨ। ਬਹੁਤ ਸਾਰੇ ਹਿੱਸੇ ਨਾਲੋ ਨਾਲ ਮੁਕੰਮਲ ਕਰ ਕੇ ਉਹ ਆਪਣੀ ਪਤਨੀ 'ਪੀਰਾਏ' ਨੂੰ ਸੰਭਾਲਣ ਲਈ ਭੇਜਦਾ ਰਹਿੰਦਾ ਸੀ ਤਾਕਿ ਜੇਲ ਵਿੱਚ ਜ਼ਬਤ ਕੀਤੇ ਜਾਣ ਦੀ ਸੰਭਾਵਨਾ ਨਾ ਰਹੇ।

ਨਾਜ਼ਿਮ ਨੇ ਜੇਲ੍ਹ ਵਿੱਚ ਹੀ ਲੀਓ ਟਾਲਸਤਾਏ ਦੇ ਨਾਵਲ 'ਜੰਗ ਤੇ ਅਮਨ' ਦਾ ਅਨੁਵਾਦ ਵੀ ਕੀਤਾ ਸੀ ਅਤੇ ਉਸ ਦੇ ਮਨ ਉੱਤੇ, ਏਸ ਨਾਵਲ ਵਾਂਗ ਕਿਸੇ ਮਹਾਂ-ਕਾਵਿਕ ਪੱਧਰ ਦੀ ਰਚਨਾ ਦੀ ਯੋਜਨਾ ਸੀ। ਉਸ ਨੇ ਇਹ ਕਾਰਜ 1941 ਵਿੱਚ ਆਰੰਭ ਕੀਤਾ ਸੀ ਅਤੇ ਇਸ ਨੂੰ ਰਚਦਿਆਂ, ਸੋਧਦਿਆਂ, ਸੰਭਾਲਦਿਆਂ ਤੇ ਆਖਰੀ ਰੂਪ ਵਿੱਚ ਛਾਪਦਿਆਂ ਪੂਰੇ ਵੀਹ ਸਾਲ ਲੱਗ ਗਏ ਸਨ। ਇਸ ਦਾ ਰਚਨਾ ਕਾਲ 1941-1961 ਦੀ ਮਿਥਿਆ ਜਾ ਸਕਦਾ ਹੈ।

ਇਸ ਮਹਾਂਕਾਵਿ ਦੇ ਨਾਮਕਰਣ ਦਾ ਵੀ ਵੱਖਰਾ ਤੇ ਅਜੀਬ ਇਤਿਹਾਸ ਹੈ। ਪਹਿਲਾਂ ਨਾਜ਼ਿਮ ਨੇ ਇਸ ਦਾ ਨਾਂ 'ਸਾਧਾਰਨ ਲੋਕਾਂ ਦਾ ਮਹਾਂ-ਕੋਸ਼' ਰੱਖਿਆ ਸੀ। ਪਰ ਛਪਣ ਤੀਕ ਦੇ ਵਿਚਕਾਰਲੇ ਵੀਹ ਸਾਲਾਂ ਵਿੱਚ ਇਸ ਦੇ ਕਈ ਨਾਂ ਪ੍ਰਵਾਨ ਕੀਤੇ ਗਏ ਤੇ ਰੱਦ ਹੁੰਦੇ ਰਹੇ। ਇਸ ਦੀਆਂ ਐਡੀਸ਼ਨਾਂ ਅੱਡ ਅੱਡ ਰੂਪ ਵਿੱਚ ਰੂਸ ਤੋਂ ਬਿਨਾਂ ਜਰਮਨੀ, ਫਰਾਂਸ ਤੇ ਇਟਲੀ ਵਿਚ ਛਪਦੀਆਂ ਰਹੀਆਂ ਪਰ ਤੁਰਕੀ ਭਾਸ਼ਾ ਵਿੱਚ ਇਹ ਮਹਾਂਕਾਵਿ ਸਭ ਤੋਂ ਅਖੀਰ ਉੱਤੇ ਛਪਿਆ।

ਇਸ ਪੁਸਤਕ ਦੀ ਯੋਜਨਾ ਦਾ ਸਰੂਪ ਵੀ ਨਿਰੰਤਰ ਬਦਲਦਾ ਰਿਹਾ ਹੈ। ਇਸ ਵਿਚਲੇ ਪਾਤਰ ਸਾਧਾਰਨ ਲੋਕ ਹਨ। ਅਰਥਾਤ ਕਾਮੇ ਕਿਰਸਾਨ, ਘਰੇਲੂ ਸਵਾਣੀਆਂ ਤੇ ਜੇਲ੍ਹ ਭੁਗਤ ਰਹੇ ਆਮ ਮੁਜਰਮ। ਨਾਜ਼ਿਮ ਇਹਨਾਂ ਲੋਕਾਂ ਨੂੰ ਇਤਿਹਾਸ ਦੇ ਸਿਰਜਣਹਾਰੇ ਮੰਨਦਾ ਹੈ। ਇਹਨਾਂ ਵਿਚੋਂ ਹੀ ਹੌਲੀ ਹੌਲੀ ਸੰਘਰਸ਼ ਕਰਦੇ, ਜੂਝਦੇ ਸਾਧਾਰਨ ਲੋਕ, ਨਾਇਕ, ਨਾਇਕਾਵਾਂ ਦਾ ਸਥਾਨ ਪ੍ਰਾਪਤ ਕਰ ਜਾਂਦੇ ਹਨ। ਨਾਜ਼ਿਮ ਦਾ ਕਥਨ ਹੈ :

"ਇਸ ਪੁਸਤਕ ਵਿਚਲੇ ਬਹੁਤੇ ਪਾਤਰ ਉਹ ਲੋਕ ਹਨ, ਜਿਹਨਾਂ ਨੂੰ ਅਸੀਂ ਇਕੱਠੇ ਰਹਿੰਦਿਆਂ ਜਾਣਿਆਂ ਅਰਥਾਤ ਉਹ ਲੋਕ ਜਿਹਨਾਂ ਬਾਰੇ ਅਸੀਂ ਉਸ ਸਮੇਂ ਸੋਚਿਆ ਜਦੋਂ ਤੂੰ ਏਥੇ ਸੀ। ਮੈਂ ਇਕ ਇਤਿਹਾਸਕ ਸਮੇਂ ਬਾਰੇ ਦੱਸਣ ਦੀ ਕੋਸ਼ਿਸ ਕਰ ਰਿਹਾ ਹਾਂ ਤੇ ਸਮਾਜ ਦੇ ਉਸ ਹਿੱਸੇ ਬਾਰੇ ਜਿਸ ਦਾ ਪਿਛੋਕੜ ਆਮ ਲੋਕਾਂ ਦੀਆਂ ਨਿੱਜੀ ਕਹਾਣੀਆਂ ਹਨ।"

ਅਜੇਹੀ ਰਚਨਾ ਕਰਨ ਦੀ ਯੋਜਨਾ ਬਣਾਉਣ ਸਮੇਂ ਉਸਦੇ ਸਾਹਮਣੇ ਹਾਲ ਦੀ ਘੜੀ ਕੋਈ ਅਜੇਹਾ ਮਾਡਲ ਨਹੀਂ ਸੀ,ਜਿਹੜਾ ਉਸ ਦੇ ਆਰੰਭੇ ਕਾਰਜ ਵਿੱਚ, ਸਿੱਧਾ ਜਾਂ ਅਸਿੱਧਾ ਸਹਾਈ ਹੋ ਸਕਦਾ। ਮਾਡਲ ਦੀ ਤਲਾਸ਼ ਲਈ ਉਸ ਨੂੰ ਖੁਦ ਹੀ ਟੱਕਰਾਂ ਮਾਰਨੀਆਂ ਪੈਣੀਆਂ ਸਨ। ਉਹ ਸਮੇਂ ਸਮੇਂ ਆਪਣੀ ਪਤਨੀ 'ਪੀਰਾਏ' ਨੂੰ ਕੁਝ ਹਿੱਸੇ ਭੇਜ ਕੇ ਰਾਏ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਸੀ, ਪਰ ਇੱਕ ਸਾਧਾਰਨ ਔਰਤ ਹੁੰਦੀ ਹੋਈ ਉਹ ਆਮ ਕਰਕੇ ਏਨਾ ਹੀ ਲਿਖ ਸਕਦੀ ਸੀ, "ਮੈਨੂੰ ਪਸੰਦ ਹੈ" ਜਾਂ "ਮੈਨੂੰ ਇਹ ਚੰਗਾ ਨਹੀਂ ਲੱਗਾ" ਇਸ ਖੇਤਰ ਵਿੱਚ ਨਾਜ਼ਿਮ ਦਾ ਅਸਲ ਸਲਾਹਕਾਰ 'ਕੇਮਲ ਤਾਹੀਰ' ਸੀ, ਜੋ ਉਸ ਵਾਂਗ ਕੈਦ ਕੱਟ ਰਿਹਾ ਸੀ ਤੇ ਕਿਸੇ ਹੋਰਸ ਜੇਲ੍ਹ ਵਿੱਚ ਸੀ। ਉਹ ਉਸ ਨਾਲ ਨਿਰੰਤਰ ਚਿੱਠੀ ਪੱਤਰ ਕਰਦਾ ਤੇ ਉਸ ਦੀ ਸਲਾਹ ਪੁੱਛਦਾ ਰਹਿੰਦਾ ਸੀ। ਸਿਰਜਣ-ਪ੍ਰਕਿਰਿਆ ਦੇ ਰਾਹ ਵਿਚ ਆਉਂਦੀਆਂ ਔਕੜਾਂ ਬਾਰੇ ਅਕਸਰ ਹੀ ਸੰਵਾਦ ਰਚਾਉਂਦਾ ਰਹਿੰਦਾ। ਮਹਾਕਾਵਿ ਦੀ ਸ਼ੈਲੀ ਬਾਰੇ ਲਿਖਦਿਆਂ ਨਾਜ਼ਿਮ ਨੇ ਇੱਕ ਪੱਤਰ ਵਿੱਚ ਉਸ ਨੂੰ ਲਿਖਿਆ ਸੀ।

"ਮੇਰੀ ਸੁਲਤਾਨਾਂ ਵਰਗੀ ਆਲਸ ਜਾਰੀ ਹੈ, ਪਰ ਅਸਲ ਵਿੱਚ ਇਹ ਆਲਸ ਨਹੀਂ ਹੈ, ਇਸ ਗੱਲ ਦੇ ਬਾਵਜੂਦ ਕਿ ਮੈਂ ਸਾਹਿਤ ਬਾਰੇ ਵਿਧੀਗਤ ਤਰੀਕੇ ਨਾਲ ਨਹੀਂ ਸੋਚਦਾ, ਮੇਰਾ ਦਿਮਾਗ ਖਿਆਲਾਂ ਨਾਲ ਭੀਂ ਭੀਂ ਕਰ ਰਿਹਾ ਹੈ। ਕਵਿਤਾ ਵਿੱਚ ਸ਼ੈਲੀ ਦੀ ਤਲਾਸ਼ ਮੇਰੀਆਂ ਨਾੜੀਆਂ ਨੂੰ ਤਬਾਹ ਕਰ ਰਹੀ ਹੈ।"

ਢੁਕਵੀਂ ਸ਼ੈਲੀ ਜਾਂ ਸਾਹਿਤਕ-ਵਿਧੀ ਦੀ ਤਲਾਸ਼ ਦੇ ਨਾਲ ਨਾਲ ਨਾਜ਼ਿਮ ਲਈ ਯਥਾਰਥਵਾਦ

ਦੀ ਸਹੀ ਸਮਝ ਦਾ ਮਸਲਾ ਵੀ ਕਾਫੀ ਗੰਭੀਰ ਸੀ, ਜਿਹੜਾ ਉਸ ਨੇ ਕਾਰਲ ਮਾਰਕਸ ਦੇ ਸਾਥੀ ਸਹਿਯੋਗੀ ਏਂਗਲਜ਼ ਦੀ ਯਥਾਰਥਵਾਦ ਬਾਰੇ ਪਕੇਰੀ ਸਮਝ ਦੀ ਸਹਾਇਤਾ ਨਾਲ ਸੁਲਝਾ ਲਿਆ। ਇੰਝ ਹੀ ਅੰਗਰੇਜ਼ੀ ਸਾਹਿਤ ਦਾ ਇਤਿਹਾਸ ਪੜ੍ਹਦੇ ਪੜ੍ਹਦੇ ਵਿਲੀਅਮ ਲੈਂਗ ਲੈਂਡ (William Lang Land) ਦੀ ਕਾਵਿ-ਰਚਨਾ ਦਾ ਪਤਾ ਲੱਗਾ, ਜਿਹੜੀ ਪਾਤਰਾਂ ਦੀ ਚੋਣ ਤੇ ਪੇਸ਼ਕਾਰੀ ਦੇ ਮਾਮਲੇ ਵਿੱਚ ਬੜੀ ਸਹਾਈ ਸਿੱਧ ਹੋਈ। ਏਸ ਪ੍ਰਾਪਤ ਹੋਈ ਨਵੀਂ ਅੰਤਰ-ਦ੍ਰਿਸ਼ਟੀ (Insight) ਸਦਕਾ ਕੰਮ ਆਰੰਭ ਕਰਦਿਆਂ ਉਸ ਨੇ ਕੇਮਲ ਤਾਹੀਰ (Kemal Tahir) ਨੂੰ ਲਿਖਿਆ,

"ਮੈਂ ਆਪਣੇ ਪਾਤਰਾਂ ਨੂੰ ਵਧੇਰੇ ਸਰਗਰਮ ਬਣਾ ਰਿਹਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਇਹਨਾਂ ਵਿਚੋਂ ਕੁਝ ਪਾਤਰ ਵਧੇਰੇ ਜੀਉਂਦੇ-ਜਾਗਦੇ ਤੇ ਤੁਰਦੇ ਫਿਰਦੇ ਹਨ ਤੇ ਕੁਝ ਤੇਰੇ ਕਹਿਣ ਅਨੁਸਾਰ "ਕਬਰ ਦੇ ਪੱਥਰਾਂ" ਵਾਂਗ ਹਨ। ਮੈਂ ਆਪਣੇ ਦੇਸ਼ ਦੇ ਲੋਕਾਂ ਨੂੰ ਵੱਖ ਵੱਖ ਇਤਿਹਾਸਕ ਹਾਦਸਿਆਂ ਵਿੱਚ, ਉਹਨਾਂ ਵਿਚੋਂ ਸਭ ਤੋਂ ਵੱਧ ਪ੍ਰਤੀਨਿੱਧ ਨਮੂੰਨਿਆਂ ਨੂੰ ਵਰਤ ਕੇ ਪੇਸ਼ ਕਰਨ ਦੀ ਕੋਸ਼ਿਸ ਕਰ ਰਿਹਾ ਹਾਂ।"

ਸਿਰਜਣਾਤਮਿਕਤਾ ਦੇ ਰਾਹ ਵਿੱਚ ਆਉਂਦੀਆਂ ਇਹਨਾਂ ਮੁਢਲੀਆਂ ਔਕੜਾਂ ਨੂੰ ਕਾਫੀ ਹੱਦ ਤੀਕ ਹੱਲ ਕਰਨ ਦੇ ਬਾਅਦ ਨਾਜ਼ਿਮ ਹਿਕਮਤ ਨੇ ਆਪਣਾ ਰਚਨਾਤਮਿਕ ਕਾਰਜ ਆਰੰਭ ਕਰ ਦਿੱਤਾ ਤੇ ਲਿਖਣ ਦੇ ਕਾਰਜ ਵਿੱਚ ਜੁੱਟ ਗਿਆ।

"ਮੈਂ ਆਪਣੇ ਲਿਖਣ ਦੇ ਕਾਰਜ ਨੂੰ ਕਰਨਾ ਆਰੰਭ ਕਰ ਦਿੱਤਾ ਹੈ, ਤੇ ਇਹ ਵੀ ਫੈਸਲਾ ਕਰ ਲਿਆ ਹੈ ਕਿ ਮੈਂ ਇਸ ਦਾ ਨਾਂ '1940 ਦੇ ਸਾਲ ਵਿੱਚ 'ਤੁਰਕੀ ਦੇ ਮਨੁੱਖੀ ਧਰਤ-ਦ੍ਰਿਸ਼' ਰੱਖਾਂਗਾ। ਮੈਂ ਇਕ ਦਿਨ ਵਿਚ 50 ਪੰਗਤੀਆਂ ਲਿਖਦਾ ਹਾਂ। ਇਸ ਨੂੰ ਲਿਖਣ ਲਈ ਛੇ ਮਹੀਨੇ ਲੱਗਣਗੇ। ਇਸ ਦੀਆਂ ਦਸ ਹਜ਼ਾਰ ਸਤਰਾਂ ਹੋਣਗੀਆਂ। ਹੁਣ ਤੀਕ ਮੈਂ ਆਪਣੇ ਟਾਈਮ-ਟੇਬਲ ਦੀ ਸਖਤੀ ਨਾਲ ਪਾਲਣਾ ਕਰ ਰਿਹਾ ਹਾਂ। ਮੈਂ ਹੁਣ ਤੀਕ 650 ਸਤਰਾਂ ਲਿਖ ਚੁੱਕਾ ਹਾਂ।"

ਇਸ ਦੇ ਨਾਲ-ਨਾਲ ਨਾਜ਼ਿਮ ਦੇ ਮਨ ਵਿੱਚ ਇਕ ਹੋਰ ਵਿਸ਼ਾ ਵੀ ਹਲਚਲ ਮਚਾ ਰਿਹਾ ਸੀ। ਉਹ ਆਪਣੇ ਦੇਸ਼ ਤੁਰਕੀ ਦੇ ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਵਿਚਲੇ ਇਤਿਹਾਸ ਨੂੰ ਕਾਵਿਕ-ਰੂਪ ਦੇਣਾ ਚਾਹੁੰਦਾ ਸੀ ਤੇ ਉਸ ਨੇ ਇਸਦਾ ਨਾਂ, 'ਕੌਮੀ ਮੁਕਤੀ ਲਹਿਰ ਦੀ ਬੀਰ-ਗਾਥਾ' ਰੱਖਿਆ ਸੀ। ਇਹ ਕਵਿਤਾ ਕਿਉਂਕਿ ਪਿਛਲੇ ਨੇੜਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ 'ਤੇ ਆਧਾਰਤ ਸਨ, ਇਸ ਲਈ ਦੋਸਤਾਂ ਦੇ ਸਲਾਹ ਦੇਣ 'ਤੇ ਇਸ ਦੇ ਕੁਝ ਭਾਗ ਸ਼ੁੱਭ-ਚਿੰਤਕ ਇੱਕ ਵਜ਼ੀਰ ਨੂੰ ਭੇਜਣ ਦੀ ਸਲਾਹ ਦਿੱਤੀ ਗਈ। ਇਹ ਯਤਨ ਹਾਲੀ ਸਿਰੇ ਨਹੀਂ ਸੀ ਚੜ੍ਹੇ ਕਿ ਇਕ ਹੋਰ ਘਟਨਾ ਵਾਪਰ ਗਈ ਜਿਸ ਨੇ, ਉਸ ਦੀ ਰਚਨਾ ਦਾ ਅਤੇ ਨਾਲ ਹੀ ਕੌਮਾਂਤਰੀ ਇਤਿਹਾਸ ਦਾ ਮੂੰਹ ਮੋੜ ਕੇ ਰੱਖ ਦਿਤਾ।

22 ਜੂਨ 1941 ਨਾਜ਼ੀ ਫੌਜਾਂ ਨੇ ਸੋਵੀਅਤ ਰੂਸ ਉੱਤੇ ਅਚਾਨਕ ਹਮਲਾ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਨਾਜ਼ਿਮ ਨੂੰ ਆਪਣੀ ਕਾਵਿ-ਰਚਨਾ ਦੀ ਸੇਧ ਤੇ ਮੋੜ ਬਾਰੇ ਪੁਨਰ-ਵਿਚਾਰ ਕਰਨ ਲਈ ਮਜਬੂਰ ਹੋਣਾ ਪਿਆ।

ਤੁਰਕੀ ਵਿਚਲੀਆਂ ਮੁਕਤੀ-ਲਹਿਰ ਨਾਲ ਸਬੰਧਤ ਘਟਨਾਵਲੀ ਨੂੰ ਸੋਵੀਅਤ ਰੂਸ ਦੀਆਂ ਦੂਸਰੀ ਸੰਸਾਰ ਜੰਗ ਨਾਲ ਸਬੰਧਤ ਘਟਨਾ ਲੜੀ ਨਾਲ ਤਾਂ 1945 ਵਿੱਚ ਫਾਸ਼ੀਵਾਦ ਦੀ ਮੁਕੰਮਲ ਹਾਰ ਤੋਂ ਬਾਅਦ ਹੀ ਜੋੜਨਾ ਸੰਭਵ ਹੋਇਆ। ਪਰ ਉਂਝ ਪੁਸਤਕ ਦੀ ਪਹਿਲੀ ਬਣੀ ਯੋਜਨਾ ਉੱਤੇ ਕੰਮ ਜਾਰੀ ਰਿਹਾ। ਆਪਣੇ ਮਿੱਤਰ ਕੇਮਲ ਤਹੀਰ ਨੂੰ ਲਿਖੇ ਆਪਣੇ ਪੱਤਰ ਵਿੱਚ ਨਾਜ਼ਿਮ ਲਿਖ ਰਿਹਾ ਸੀ,

"ਇਹ ਕਵਿਤਾ ਦੀ ਪੁਸਤਕ ਨਹੀਂ ਹੈ। ਇਸ ਵਿੱਚ ਕੁਝ ਤੱਤ ਕਵਿਤਾ ਦੇ ਹਨ, ਤਕਨੀਕੀ ਪੱਖੋਂ ਛੰਦਾ-ਬੰਦੀ ਵੀ ਹੈ, ਪਰ ਇਸ ਵਿੱਚ ਵਾਰਤਕ, ਥੀਏਟਰ ਤੇ ਜਿਵੇਂ ਤੂੰ ਨੋਟ ਕੀਤਾ ਹੈ, ਫਿਲਮ ਦ੍ਰਿਸ਼ਾਵਲੀ ਵੀ ਹੈ।"

ਮਾਰਚ 1942 ਤੀਕ ਪਹੁੰਚਿਆਂ ਨਾਜ਼ਿਮ ਨੇ ਐਲਾਨ ਕੀਤਾ ਕਿ ਉਸ ਨੇ 2300 ਪੰਗਤੀਆਂ ਲਿਖ ਲਈਆਂ ਹਨ ਤੇ ਰਚਨਾ ਦੇ ਮੁਕੰਮਲ ਹੋਣ ਤੇ ਚਾਰ ਜਿਲਦਾਂ ਵਿਚੋਂ ਹਰ ਇੱਕ ਵਿੱਚ 3000



ਪੰਗਤੀਆਂ ਹੋਣਗੀਆਂ ਤੇ ਕੁੱਲ 12000 ਪੰਗਤੀਆਂ ਬਣ ਜਾਣਗੀਆਂ।

ਇਸ ਪੜਾਅ 'ਤੇ ਪਹੁੰਚਣ ਤੀਕ ਸਾਰੀ ਪੁਸਤਕ ਦੀ ਯੋਜਨਾ-ਬੰਦੀ ਅਤੇ ਵਿਧੀ ਵਿੱਚ ਵੱਡੀ ਤਬਦੀਲੀ ਵਾਪਰੀ। ਸਾਰੀ ਘਟਨਾਵਲੀ ਨੂੰ ਨਾਜ਼ਿਮ ਨੇ ਅਜੇਹਾ ਮੋੜ ਦਿੱਤਾ ਕਿ ਇਸ ਦੀ ਤਕਨੀਕ ਕਾਫੀ ਹੱਦ ਤੀਕ ਪ੍ਰੀਵਰਤਿਤ ਹੋ ਗਈ। ਹੁਣ ਸਾਰੀ ਕਹਾਣੀ "ਹੈਦਰ ਪਾਸ਼ਾ ਸਟੇਸ਼ਨ ਤੋਂ ਗੱਡੀ ਦੇ ਤੁਰਨ ਨਾਲ ਅੱਗੇ ਨੂੰ ਤੁਰਨੀ ਸੀ ਤੇ ਸਾਰਾ ਨਾਟਕ ਤੀਜੇ ਦਰਜੇ ਦੇ ਡੱਬਾ ਨੰ 510 ਵਿਚ ਹੋਣਾ ਸੀ। ਪਹਿਲੀ ਜਿਲਦ ਵਿੱਚ ਹੈਦਰਪਾਸ਼ਾ ਸਟੇਸ਼ਨ ਦੂਸਰੀ ਜਿਲਦ ਵਿੱਚ ਐਕਸਪ੍ਰੈਸ ਗੱਡੀ, ਤੀਸਰੀ ਵਿੱਚ ਜੇਲ੍ਹ ਤੇ ਸਟੈਪੀ ਦਾ ਦ੍ਰਿਸ਼ ਅਤੇ ਆਖਰੀ ਵਿੱਚ ਗੱਡੀ ਦੀ ਇਸਤੰਬੋਲ ਨੂੰ ਵਾਪਸੀ। ਇਹ ਇੱਕ ਤਰ੍ਹਾਂ ਗੋਲ-ਦਾਇਰੇ ਵਰਗੀ ਸੁਰਚਨਾ ਹੋਣੀ ਸੀ, ਅਰਥਾਤ ਹੇਠ ਲਿਖੇ ਅਨੁਸਾਰ,

ਹੈਦਰਾਪਾਸ਼ਾ-ਸਟੇਸ਼ਨ
ਬਸੰਤ ਦੀ ਰੁੱਤ 1941
3 ਵਜੇ ਸ਼ਾਮ
ਪੌੜੀਆਂ ਦੇ ਸਿਖਰ ਤੇ
ਥਕਾਵਟ ਤੇ ਆਪਾ-ਧਾਪੀ
ਇੱਕ ਆਦਮੀ, ਪੌੜੀਆਂ ਤੇ ਰੁਕਦਾ, ਸੋਚਦਾ ਹੈ
ਪਤਲਾ ਤੇ ਡਰਿਆ ਜੇਹਾ
ਨੱਕ ਲੰਮਾ ਤੇ ਤਿੱਖਾ
ਗੱਲ੍ਹਾਂ ਤੇ ਮਾਤਾ ਦੇ ਦਾਗ।

ਏਥੇ ਆ ਕੇ 'ਕੌਮੀ-ਮੁਕਤੀ' ਦੀ ਬੀਰ-ਗਾਥਾ ਅਸਲੀ ਪੁਸਤਕ ਦੇ ਵਿਚਾਲੇ ਹੀ ਸਮੋਈ ਜਾਂਦੀ ਹੈ ਤੇ ਪਾਠ ਦੇ ਅੰਤਰ ਪਾਠ ਦਾ ਸਰੂਪ ਗ੍ਰਹਿਣ ਕਰ ਲੈਂਦੀ ਹੈ।

ਇਹਨਾਂ ਤਬਦੀਲੀਆਂ ਦੇ ਨਾਲ ਨਾਲ ਕਵੀ ਦਾ ਚਿਤਰਕਾਰ ਮਿੱਤਰ "ਅਬੀਦੀਨ ਦੀਨੋ" ਕੁਝ ਘਟਨਾਵਾਂ ਦੇ ਪ੍ਰਭਾਵ-ਸ਼ਾਲੀ ਰੇਖਾ ਚਿਤਰ ਬਣਾਉਂਦਾ ਹੈ, ਜਿਸ ਨਾਲ ਕਈ ਦ੍ਰਿਸ਼ ਹੋਰ ਵਧੇਰੇ ਪ੍ਰਭਾਵਸ਼ਾਲੀ ਬਣ ਜਾਂਦੇ ਹਨ।

1942 ਦੇ ਅੰਤ ਤੇ ਨਾਜ਼ਿਮ ਨੇ ਆਪਣੀ ਪਤਨੀ ਨੂੰ ਲਿਖਿਆ ਕਿ ਉਹ ਮਹਾਂਕਾਵਿ ਦੇ ਘਰ ਭੇਜੇ ਹਿੱਸੇ ਉਸ ਨੂੰ ਵਾਪਸ ਭੇਜ ਦੇਵੇ ਤਾ ਕਿ ਬਦਲਦੇ ਹੋਏ ਅੰਦਰਲੇ ਤੇ ਬਾਹਰਲੇ ਪ੍ਰਸੰਗਾਂ ਅਨੁਸਾਰ ਢੁਕਵੀਆਂ ਤਬਦੀਲੀਆਂ ਕੀਤੀਆਂ ਜਾ ਸਕਣ। ਇਹਨਾਂ ਦਿਨਾਂ ਵਿੱਚ ਮਹਾਂਕਾਵਿ ਦੇ ਕੁਝ ਟੁਕੜੇ ਹੱਥ-ਲਿਖਤ ਦੇ ਰੂਪ ਵਿੱਚ, ਦੋਸਤਾਂ ਤੇ ਰਿਸ਼ਤੇਦਾਰਾਂ ਦਰਮਿਆਨ ਚੱਕਰ ਲਾਉਣ ਲੱਗ ਪਏ ਸਨ ਅਤੇ 'ਵਤਨ' ਪਤ੍ਰਿਕਾ ਦੇ ਸੰਪਾਦਕ ਨੇ ਇਸ ਨੂੰ ਲੜੀ-ਵਾਰ ਛਾਪਣ ਦੀ ਰਾਏ ਪ੍ਰਗਟ ਕੀਤੀ। ਪਰ ਦੇਸ਼ ਦੇ ਪ੍ਰਚਲਤ ਰਾਜਸੀ ਵਾਤਾਵਰਣ ਅਨੁਸਾਰ ਇਹ ਕੁਝ ਕਰਨਾ ਸੰਭਵ ਨਹੀਂ ਸੀ ਤੇ ਨਾਜ਼ਿਮ ਨੇ ਵੀ ਇਸ ਗੱਲ ਨਾਲ ਸਹਿਮਤੀ ਨਾ ਪ੍ਰਗਟਾਈ। ਫਿਰ ਵੀ ਇਸ ਦਾ ਇਕ ਛੋਟਾ ਹਿੱਸਾ ਕਿਸੇ ਤਰ੍ਹਾਂ ਛਪ ਹੀ ਗਿਆ ਤੇ ਲੋਕਾਂ ਵਿੱਚ ਪ੍ਰਚਲਤ ਹੋ ਗਿਆ।

1943 ਵਿਚਕਾਰ ਨਾਜ਼ਿਮ ਨੇ ਇਸ ਵੱਡ-ਆਕਾਰੀ ਰਚਨਾ ਨੂੰ ਨਿਰੋਲ ਰਾਜਸੀ ਰੰਗਤ ਦੇਣ ਦੀ ਥਾਂ ਇਸ ਵਿੱਚ ਆਪਣੇ ਜ਼ਾਤੀ ਅਨੁਭਵਾਂ ਨੂੰ ਵੀ ਸਿਮਲਿਤ ਕਰਨ ਦਾ ਸੋਚਿਆ। ਉਸ ਵੇਲੇ ਦੀ ਉਸ ਦੀ ਮਾਨਸਿਕ ਖਿਚੋਤਾਣ ਇੱਕ ਪੱਤਰ ਵਿਚੋਂ ਬਾਖੂਬੀ ਪ੍ਰਗਟ ਹੁੰਦੀ ਹੈ।

"ਦੁਬਾਰਾ ਮੇਰਾ ਦਿਲ ਕਵਿਤਾ ਲਿਖਣ ਨੂੰ ਕਰਦਾ ਹੈ, ਪਰ ਇਹ ਪੂਰੀ ਤਰ੍ਹਾਂ ਵੱਖਰੀ ਤਰ੍ਹਾਂ ਦੀ ਅਤੇ ਮਨੁੱਖੀ ਧਰਤ-ਦ੍ਰਿਸ਼ਾਂ ਤੋਂ ਭਿੰਨਤਾ ਵਾਲੀ, ਕਲਪਣਾ ਨਾਲ ਭਰਪੂਰ, ਕੋਮਲ ਮਿੱਠੀ ਅਤੇ ਰੰਗੀਨ ਹੋਵੇ। ਜਿਵੇਂ ਜਿਵੇਂ ਮੈਂ ਬੁੱਢਾ ਹੋਈ ਜਾਂਦਾ ਹਾਂ, ਹੋਰ ਵਧੇਰੇ ਹੌਸਲੇ ਨਾਲ ਮੈਨੂੰ ਸਮਝ ਆ ਰਹੀ ਹੈ ਕਿ ਕਵੀ ਨੂੰ ਤੰਦਰੁਸਤ ਆਸ ਭਰੀ ਤੇ ਕੁਝ ਕੁਝ ਉਦਾਸੀ ਭਰੀ ਸੰਗੀਤਕ ਕਵਿਤਾ ਦੀ ਲੋੜ ਹੁੰਦੀ ਹੈ। ਇਸ ਤੋਂ ਬਚਣ ਤੇ ਇਸ ਨੂੰ ਘਿਰਣਾ ਕਰਨਾ ਖੱਬੇ ਪੱਖੀ ਬਚਕਾਨਾ ਕੰਮ ਹੋਵੇਗਾ।"

ਉਪਰੋਕਤ ਕਾਰਜ ਨੂੰ ਸਫਲਤਾ ਪੂਰਵਕ ਸਿਰੇ ਚਾੜ੍ਹਨ ਲਈ ਨਾਜ਼ਿਮ ਨੇ ਉਹਨਾਂ ਪੱਤਰਾਂ ਨੂੰ ਮਹਾਕਾਵਿ ਦੇ ਪ੍ਰਸੰਗਾਂ ਨਾਲ ਜੋੜ ਕੇ ਕਲਾਮਈ ਵਰਤੋਂ ਕਰਨ ਦੀ ਸੋਚੀ.ਜਿਹੜੇ ਉਸ ਦੀ ਪਤਨੀ ਅਤੇ ਮਿੱਤਰਾਂ ਵਲੋਂ ਸਮੇਂ ਸਮੇਂ ਪ੍ਰਾਪਤ ਹੁੰਦੇ ਰਹੇ ਸਨ। ਕੋਮਲ ਮਨੁੱਖੀ ਰਿਸ਼ਤਿਆਂ ਅਤੇ ਦੂਸਰੀ ਸੰਸਾਰ ਜੰਗ ਦੀ ਗੈਰ-ਮਨੁੱਖੀ ਭਿਆਨਕ ਤਬਾਹੀ ਤੇ ਲੰਮੀ ਕੈਦ ਦੇ ਦਬਾਵਾਂ ਨੂੰ ਜੋੜਨ ਦਾ ਇਹ ਕਲਾਮਈ ਕਾਰਜ, ਮਹਾਕਾਵਿ ਨੂੰ ਅਦੁੱਤੀ ਸੰਵੇਦਨਸ਼ੀਲਤਾ ਪ੍ਰਦਾਨ ਕਰਦਾ ਹੈ ਅਤੇ ਸਾਦਗੀ ਭਰਪੂਰ ਇਹ ਨਿਰਛਲ ਖਤ ਕਵਿਤਾ ਦੇ ਉਤਮ ਨਮੂਨੇ ਹੋ ਨਿਬੜਦੇ ਹਨ।

'ਆਇਸ਼ਾਂ' ਦੇ ਖ਼ਤਾਂ ਨੂੰ ਤੱਕਣ ਤੋਂ ਪਹਿਲਾਂ
ਹਾਲੀਲ ਬੜਾ ਉਦਾਸ ਸੀ
ਉਸ ਨੇ ਉਹਦੇ ਖਤ ਬਾਰ ਬਾਰ ਪੜ੍ਹੇ
ਪਰ ਏਨੇ ਨਾਲ ਤਸੱਲੀ ਨਾ ਹੋਈ
ਉਸ ਨੇ ਸਾਰੇ ਖ਼ਤ ਬਾਹਰ ਕੱਢੇ
ਇਹ ਸਾਰੇ ਤਾਰੀਖਾਂ ਤੋਂ ਬਿਨਾਂ ਸਨ
ਉਹਨੇ ਇਹਨਾਂ ਤੇ ਨੰਬਰ ਲਾਏ ਹੋਏ ਸਨ
ਪਿਛਲੇ ਅੱਠਾਂ ਮਹੀਨਿਆਂ ਵਿਚਲੇ ਆਇਸ਼ਾਂ ਦੇ ਖਤ
ਉਸਨੇ ਇਹ ਮੇਜ਼ ਤੇ ਇਕ ਕਤਾਰ ਵਿਚ ਰੱਖੇ
ਜਿਵੇਂ ਕਿ ਤਾਸ਼ ਦੀ ਖੇਡ ਵਿਚ ਰੱਖੀਦੇ ਨੇ

ਜਾਂ ਇਕ ਹੋਰ ਖਤ ਇਸ ਤਰ੍ਹਾਂ ਆਰੰਭ ਹੁੰਦਾ ਹੈ।

ਮੈਂ ਇਹ ਖਤ
ਬਿਸਤਰੇ ਵਿਚ ਬੀਮਾਰ ਪਈ ਲਿਖ ਰਹੀ ਹਾਂ
ਜੇ ਤੂੰ ਕੋਲ ਹੁੰਦਾ
ਤਾਂ ਮੇਰਾ ਕਿੰਨਾ ਖ਼ਿਆਲ ਕਰਦਾ
ਲੈਲਾ ਹੁਣ ਛੇ ਸਾਲਾਂ ਦੀ ਹੋ ਗਈ ਹੈ
ਉਹ ਆਪਣੀ ਉਮਰ ਤੋਂ ਛੋਟੀ ਲੱਗਦੀ ਹੈ
ਮੈਂ ਉਸ ਨੂੰ ਦਿਨੇਂ ਸੰਵਾ ਦਿੰਦੀ ਹਾਂ
ਤੇ ਹੁਣੇ ਹੀ ਜਗਾ ਕੇ ਹਟੀ ਹਾਂ
ਉਸ ਦੀ ਗੱਲਾਂ ਗੁਲਾਬ ਵਾਂਗ ਹਨ
ਤੇ ਹੇਜ਼ਲ ਝਾੜੀ ਦੇ ਰੰਗ ਵਰਗੀਆਂ ਉਸ ਦੀਆਂ ਅੱਖਾਂ ਹੁਣ ਵੱਡਿਆਂ ਵਾਂਗ ਲਗਦੀਆਂ ਨੇ।

ਇਸਤਰ੍ਹਾਂ ਦੀ ਵਿਧੀ ਵਰਤਣ ਨਾਲ ਇਹ ਪੁਸਤਕ ਇੱਕ "ਸਾਂਝਾ ਯਤਨ" ਪ੍ਰਤੀਤ ਹੁੰਦੀ ਸੀ।

ਨਵੰਬਰ 1944 ਵਿੱਚ ਉਸ ਨੇ ਲਿਖਿਆ ਕਿ ਉਹ ਚੌਥੀ ਜਿਲਦ ਤੇ ਕੰਮ ਕਰ ਰਿਹਾ ਹੈ। ਅਜੇ ਤੀਕ ਇਹ ਪੁਸਤਕ 'ਮੇਰੇ ਦੇਸ਼ ਤੁਰਕੀ' ਦੇ ਇਤਿਹਾਸ ਨਾਲ ਸਬੰਧਤ ਘਟਨਾਵਾਂ ਬਾਰੇ ਸੀ। ਐਪਰ 1945 ਵਿੱਚ ਜਰਮਨ ਫਾਸ਼ੀਵਾਦ ਦੀ ਹਾਰ ਕਾਰਨ ਇਸ ਦਾ ਕਾਰਜ-ਖੇਤਰ ਦੇਸ਼ ਤੋਂ ਬਾਹਰ ਫੈਲਦਾ ਪ੍ਰਤੀਤ ਹੋਣ ਲੱਗਾ, ਦੂਜੀ ਸੰਸਾਰ ਜੰਗ ਦੇ ਜ਼ਿਕਰ 'ਤੇ ਇਸ ਵਿੱਚ ਸੋਵੀਅਤ ਸੰਘ ਦੀ ਜਿੱਤ ਏਡੀ ਵੱਡੀ ਇਤਿਹਾਸਕ ਮਹਤੱਵ ਵਾਲੀ ਘਟਨਾ ਸੀ ਕਿ ਇਸ ਤੋਂ ਬਿਨਾਂ ਕਵੀ ਨੂੰ ਇਹ ਰਚਨਾ ਅਧੂਰੀ ਪ੍ਰਤੀਤ ਹੋਣ ਲੱਗੀ। ਨਾਜ਼ਿਮ ਦੀ ਰਾਏ ਅਨੁਸਾਰ "ਇਹ ਸਦੀ ਇਨਕਲਾਬਾਂ ਤੇ ਮੁਕਤੀ-ਲਹਿਰਾਂ ਦੀ ਸਦੀ ਹੈ।"

ਹੁਣ ਤੀਕ ਉਹ 16000 ਪੰਗਤੀਆਂ ਲਿਖ ਚੁੱਕਾ ਸੀ ਤੇ ਅਜੇ ਵੀ 8000 ਹੋਰ ਪੰਗਤੀਆਂ



ਲਿਖਣ ਦੀ ਉਸ ਦੇ ਮਨ ਵਿੱਚ ਯੋਜਨਾ ਸੀ। ਪੁਸਤਕ ਵਿੱਚ ਸੋਵੀਅਤ ਰੂਸ ਦੇ ਫਾਸ਼ੀਵਾਦ ਨੂੰ ਹਾਰ ਦੇਣ ਦੇ ਰੋਲ ਦਾ ਵਰਨਣ ਕਰਨ ਨਾਲ ਸਾਰੀ ਕਵਿਤਾ ਦੀ ਸੁਰਚਨਾ ਬਦਲਣੀ ਪੈਣੀ ਸੀ। ਇੰਝ ਕਰਦਿਆਂ ਨਾਜ਼ਿਮ ਨੂੰ ਸਾਰੀ ਬਣਤਰ ਬਾਰੇ ਕਾਫੀ ਡੂੰਘੀ ਤਰ੍ਹਾਂ ਸੋਚਣਾ ਪਿਆ। ਉਸ ਨੇ ਜੰਗ ਵਿੱਚ ਸੋਵੀਅਤ ਜਿੱਤਾਂ ਦੇ ਸੰਖੇਪ ਵਰਨਣ ਤੋਂ ਬਾਅਦ ਨੌਜਵਾਨਾਂ, ਗੁਰੀਲਾ ਲੜਕੀ ਜ਼ੋਇਆ ਦਾ ਸੂਰਮਗਤੀ-ਭਰਿਆ ਬਿਰਤਾਂਤ ਤੇ ਉਸ ਦੇ ਫਾਹੇ ਲਾਏ ਜਾਏ ਦੀ ਬੀਰ-ਗਾਥਾ ਨਾਲ ਇਕ ਪੁਸਤਕ ਦਾ ਅੰਤ ਕਰ ਦਿੱਤਾ।

ਕਿਸਾਨ ਰੋਏ।
ਜੱਲਾਦ ਨੇ ਰੱਸਾ ਖਿਚਿਆ
ਕੋਮਲ ਗਰਦਨ ਵਾਲੇ ਹੰਸ ਦਾ
ਗਲਾ ਘੁੱਟਿਆ ਜਾਣ ਲੱਗਾ
ਪਰ ਛਾਪਾ ਮਾਰ ਪੱਬਾਂ ਭਾਰ ਹੋ ਕੇ
ਖਲੋਤੀ ਰਹੀ।
ਤੇ ਉਸ ਨੇ ਜ਼ਿੰਦਗੀ ਨੂੰ ਬੁਲਾਵਾ ਦਿੰਦਿਆਂ ਕਿਹਾ,
"ਭਰਾਵੋ............
ਜਿੰਨੀ ਦੇਰ.........
ਭਰਾਵੋ..............
ਲੜਾਈ ਅੰਤ ਤੀਕ ਜਾਰੀ ਰੱਖੋ
ਮੈਂ ਘੋੜ-ਸਵਾਰਾਂ ਦੇ ਸੁੰਮਾਂ ਦੀ ਟਾਪ ਸੁਣਦੀ ਹਾਂ
ਸਾਡੇ ਲੋਕ ਆ ਰਹੇ ਨੇ।"
ਜੱਲਾਦ ਨੇ ਸੇਵੀਆਂ ਵਾਲੇ ਖੋਖਿਆਂ ਨੂੰ ਲੱਤ ਮਾਰੀ
ਤੇ ਖੋਖੇ ਰਿੜ੍ਹਦੇ ਹੋਏ ਪਰੇ ਜਾ ਡਿੱਗੇ
ਤਾਨੀਆਂ ਰੱਸੇ ਦੇ ਸਿਰੇ ਨਾਲ ਝੂਲਣ ਲੱਗੀ। (ਚੋਣਵੀਂ ਕਵਿਤਾ ਪੰਨਾ 132)

## II

ਨਾਜ਼ਿਮ ਹਿਕਮਤ ਇਸ ਮਹਾਂਕਾਵਿ ਵਿੱਚ ਸਮੁੱਚੀ ਵੀਹਵੀਂ ਸਦੀ ਨੂੰ ਆਪਣੇ ਕਲਾਵੇ ਵਿੱਚ ਲੈਣਾ ਚਾਹੁੰਦਾ ਸੀ ਪਰ 1946 ਬਾਅਦ ਉਸ ਦੀ ਸਿਹਤ ਦੀ ਵਿਗੜਦੀ ਹਾਲਤ ਨੇ ਇਹ ਯੋਜਨਾ ਸਿਰੇ ਨਾ ਚੜ੍ਹਨ ਦਿੱਤੀ। ਬੀਮਾਰੀ ਤੇ ਥਕੇਵੇਂ ਨੇ ਮਨ ਨੂੰ ਇਕਾਗਰ ਕਰਨ ਦੀ ਉਸ ਦੀ ਸਮਰਥਾ ਨੂੰ ਘਟਾ ਦਿੱਤਾ। ਸ਼ਾਇਦ ਏਸੇ ਕਰਨ ਹੀ ਕਾਵਿ-ਗ੍ਰੰਥ ਦਾ ਪੰਜਵਾਂ ਭਾਗ ਖਿੰਡੇ-ਪੁੰਡੇ ਟੁਕੜਿਆਂ ਨੂੰ ਇਕੱਠਾ ਕਰਕੇ ਕਾਹਲੀ ਕਾਹਲੀ ਸਮੇਟਣ ਦਾ ਯਤਨ ਕੀਤਾ ਗਿਆ ਹੈ।

ਜੁਲਾਈ 1950 ਵਿੱਚ ਰਿਹਾਈ ਤੋਂ ਬਾਅਦ ਨਾਜ਼ਿਮ ਨੇ ਮਹਾਂ-ਕਾਵਿ ਦੀ ਸੰਪਾਦਨਾ ਤੇ ਰਚਨਾ ਨੂੰ ਸਮੇਟਣ ਤੇ ਛਪਣ ਵੱਲ ਪੂਰਾ ਧਿਆਨ ਦਿੱਤਾ, ਪਰ ਸੈਂਸਰਸ਼ਿਪ ਦੇ ਹੁੰਦਿਆ ਕੋਈ ਪ੍ਰਕਾਸ਼ਕ ਵੀ ਇਸ ਨੂੰ ਛਾਪਣ ਦਾ ਖ਼ਤਰਾ ਸਹੇੜਨ ਨੂੰ ਤਿਆਰ ਨਹੀਂ ਸੀ। ਏਸੇ ਕਾਰਨ ਇਸਦੇ ਕਈ ਹਿੱਸਿਆ ਦੀ ਖਾਸ ਤੌਰ ਤੇ ਵਾਰਤਕ ਭਾਗ ਦੀ ਸੰਪਾਦਨਾ ਕਰਨੀ ਪਈ।

ਅਜੇ ਇਸ ਦੀ ਸੰਪਾਦਨਾ, ਖੋਜ ਤੇ ਪ੍ਰਕਾਸ਼ਨਾ ਦੇ ਯਤਨ ਚੱਲ ਹੀ ਰਹੇ ਸਨ ਕਿ ਨਾਜ਼ਿਮ ਨੂੰ ਦੇਸ਼ ਛੱਡ ਕੇ, ਭੱਜ ਕੇ ਰੂਸ ਦੀ ਸ਼ਰਣ ਲੈਣੀ ਪਈ। ਇਸ ਪੁਸਤਕ ਦੀ ਦੂਸੀ ਐਡੀਸ਼ਨ ਦੀ 1961 ਵਿੱਚ ਲਿਖੀ ਭੂਮਿਕਾ ਵਿਚ ਇਸ ਕਾਰਜ ਦੀ ਪੂਰਤੀ ਦੇ ਰਾਹ ਵਿੱਚ ਆਈਆਂ ਔਕੜਾਂ ਦਾ ਜ਼ਿਕਰ ਕਰਦਿਆਂ ਉਹ ਲਿਖਦੇ ਹਨ।

"ਤੁਹਾਨੂੰ ਇਹ ਯਕੀਨ ਕਰਨ ਵਿੱਚ ਔਖ ਹੋਵੇਗੀ ਪਰ ਮੈਨੂੰ 66000 ਪੰਗਤੀਆਂ ਦੀ ਦੂਸਰੀ ਨਕਲ ਤਿਆਰ ਕਰਨ ਦਾ ਸਮਾਂ ਹੀ ਨਹੀਂ ਮਿਲਿਆ। ਇਸ ਇਕੋ ਇਕ ਕਾਪੀ ਦੇ ਕਈ ਭਾਗ ਸਨ ਤੇ ਇਹ ਸੰਭਾਲ ਲਈ ਵੱਖ ਵੱਖ ਦੋਸਤਾਂ ਨੂੰ ਦਿੱਤੇ ਗਏ ਸਨ। ਕੁਝ ਭਾਗ ਪਹਿਲਾਂ ਹੀ

ਪੈਰਿਸ ਭੇਜੇ ਜਾ ਚੁੱਕੇ ਸਨ ਤੇ ਉਸ ਸਮੇਂ ਛਪ ਗਏ ਸਨ ਜਦੋਂ ਮੈਂ ਮਾਸਕੋ ਪਹੁੰਚਿਆ ਤਾਂ ਮੈਨੂੰ ਪਤਾ ਲੱਗਾ ਕਿ ਇਹ ਅੰਸ਼ ਜਾਂ ਤੇ ਪੁਲਸ ਨੇ ਜ਼ਬਤ ਕਰ ਲਏ ਸਨ ਜਾਂ ਸਾੜ ਦਿਤੇ ਗਏ ਸਨ। ਕੁਝ ਭਾਗ ਪਹਿਲਾਂ ਹੀ ਪੈਰਿਸ ਭੇਜੇ ਜਾ ਚੁੱਕੇ ਸਨ ਤੇ ਉਸ ਸਮੇਂ ਛਪ ਗਏ ਸਨ ਜਦੋਂ ਮੈਂ ਜੇਲ ਵਿੱਚ ਸੀ।

"66000 ਪੰਗਤੀਆਂ ਵਿਚੋਂ ਇਹੀ ਬਚੀਆਂ ਹਨ। ਕਈ ਸਾਲ ਲੰਘ ਗਏ ਜਦੋਂ 1956 ਵਿਚ ਜਿਹੜੇ ਭਾਗ ਜ਼ਬਤ ਹੋਣੋਂ ਜਾਂ ਸੜਨੋਂ ਬਚੇ ਰਹੇ ਸਨ, ਮਾਸਕੋ ਪਹੁੰਚਣੇ ਆਰੰਭ ਹੋਏ। ਹੁਣ ਮੇਰੇ ਕੋਲ 17000 ਪੰਗਤੀਆਂ ਹਨ। ਜੋ ਹਿੱਸੇ ਮੇਰੇ ਕੋਲ ਨਹੀਂ ਪਹੁੰਚੇ ਉਹ ਹਨ ਫਰਾਂਸ ਉੱਤੇ ਹਿਟਲਰ ਦਾ ਕਬਜ਼ਾ ਤੇ ਮਾਸਕੋ ਅਤੇ ਲੈਨਿਨ ਗ੍ਰੇਡ ਦੇ ਘੇਰੇ।"

ਪਰ ਕਵੀ ਨੇ ਭੁਲੇਖਾ ਖਾਧਾ ਲੱਗਦਾ ਹੈ। ਉੱਚੇ ਤੋਂ ਉੱਚਾ ਅਨੁਮਾਨ 24000 ਪੰਗਤੀਆਂ ਦਾ ਹੈ। ਨਾਜ਼ਿਮ ਆਪਣੇ ਇਕ ਖ਼ਤ ਵਿੱਚ ਲਿਖਦਾ ਹੈ ਕਿ ਜਦੋਂ ਉਹ ਇਸ ਕਵਿਤਾ 'ਤੇ ਕੰਮ ਕਰ ਰਿਹਾ ਸੀ ਤਾਂ ਉਸ ਵੇਲੇ 40000 ਸਤਰਾਂ ਮੁਕੰਮਲ ਹੋ ਚੁਕੀਆਂ ਸਨ। ਸਪਸ਼ਟ ਹੈ ਕਿ ਵੱਡੇ ਹਿੱਸੇ ਜਾਂ ਤੇ ਸੈਂਸਰਸ਼ਿਪ 'ਤੇ ਪੁਲਿਸ ਕਾਰਵਾਈ ਤੇ ਜਾਂ ਹੋਰ ਕਈ ਤਰ੍ਹਾਂ ਦੀਆਂ ਭਾਜੜਾਂ ਕਾਰਨ ਗਵਾਚ ਗਏ ਸਨ। ਇੱਕ ਭਾਗ ਨਾਜ਼ਿਮ ਦੀ ਪਤਨੀ ਮੁਨੱਵਰ ਦੀ ਇਕ ਨਾਵਲਕਾਰ ਦੋਸਤ ਹਿਦਾਇਤ ਸੀਲਾਲ ਨੂੰ ਸੰਭਾਲ ਲਈ ਦਿੱਤਾ ਗਿਆ ਸੀ ਤੇ ਉਸਨੇ ਪੁਲਿਸ ਦੇ ਡਰੋਂ ਇਹ ਜਲਾ ਦਿੱਤੇ। ਇਟਾਲੀਅਨ, ਫਰਾਂਸੀਸੀ ਤੇ ਰੂਸੀ ਐਡੀਸ਼ਨਾਂ ਵੀ ਅਧੂਰੇ ਰੂਪ ਵਿੱਚ ਛਪੀਆਂ। ਬਾਅਦ ਦੀ ਤੁਰਕੀ ਭਾਸ਼ਾ ਵਾਲੀ ਮੌਲਿਕ ਐਡੀਸ਼ਨ ਵੀ ਸੰਪੂਰਨ ਨਹੀਂ ਹੈ।

ਖੋਜੀਆਂ ਅਨੁਸਾਰ ਅਜੇ ਵੀ ਸੰਭਵ ਹੈ ਕਿ ਟਾਈਪ ਕੀਤੇ ਮੁੱਢਲੇ ਅਸਲੀ ਹਿੱਸੇ ਲੱਭ ਪੈਣ। ਇਹ ਪੁਲਸ ਕੋਲੋਂ ਜਾਂ ਪ੍ਰਾਈਵੇਟ ਹੱਥਾਂ ਵਿੱਚੋਂ ਮਿਲਣ ਦੀ ਸੰਭਾਵਨਾ ਹੈ। ਪ੍ਰਾਪਤ ਐਡੀਸ਼ਨ ਵਿੱਚ ਇਕ ਵੱਡਾ ਨੁਕਸ ਹੈ ਕਿ ਕਿਸੇ ਵਿੱਚ ਵੀ ਆਲੋਚਨਾਤਮਿਕ ਤੌਰ 'ਤੇ ਇਹ ਦੱਸਣ ਤੇ ਪ੍ਰਭਾਵਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਕਈ ਵੰਨ-ਸੁਵੰਨੇ ਖਰੜਿਆਂ ਵਿੱਚ ਜੋ ਤਬਦੀਲੀਆਂ ਵਾਪਰਦੀਆਂ ਰਹੀਆਂ, ਉਹ ਕਿਹੜੀਆਂ ਤੇ ਕਿੱਥੇ ਕਿੱਥੇ ਹਨ।

ਵਿਦਵਾਨਾਂ ਤੇ ਖੋਜੀਆਂ ਨੇ ਸਮੁੱਚੇ ਮਹਾਕਾਵਿ ਵਿਚਲੇ ਪੰਜਵੇਂ ਤੇ ਆਖਰੀ ਜਿਲਦ 'ਤੇ ਵਧੇਰੇ ਕਿੰਤੂ-ਪ੍ਰੰਤੂ ਕੀਤੇ ਹਨ। ਇਹਨਾਂ ਮਜਬੂਰੀਆਂ ਤੇ ਬੇਵਸੀਆਂ ਤੇ ਘਾਟਾਂ ਦੇ ਬਾਵਜੂਦ ਜੇ 'ਮਨੁੱਖੀ ਧਰਤ-ਦ੍ਰਿਸ਼' ਮਹਾਕਾਵਿ ਨੂੰ ਨਾਜ਼ਿਮ ਦੀ ਸ਼ਾਹਕਾਰ ਰਚਨਾ ਮੰਨਿਆ ਜਾਂਦਾ ਹੈ, ਤਾਂ ਇਸ ਦੇ ਕਾਰਨ ਲੱਭਣੇ ਔਖੇ ਨਹੀਂ ਹਨ। ਨਾਜ਼ਿਮ ਨੇ ਬੜੀ ਵੱਡੀ ਜਦੋ-ਜਹਿਦ ਤੋਂ ਬਾਅਦ ਇਸ ਰਚਨਾ ਦੀ ਵਿਧੀ ਤੇ ਸ਼ੈਲੀ ਤਲਾਸ਼ ਕੀਤੀ ਸੀ, ਜਿਸ ਵਿੱਚ ਉਸ ਨੇ ਸਾਧਾਰਨ ਕਿਸਾਨਾਂ, ਔਰਤਾਂ, ਕੈਦੀਆਂ ਤੇ ਮੁਸ਼ੱਕਤੀਆਂ ਨੂੰ ਨਾਇਕ/ਨਾਇਕਾਵਾਂ ਦੇ ਉੱਚੇ ਦਰਜੇ ਤੀਕ ਪਹੁੰਚਾ ਦਿੱਤਾ ਹੈ ਤੇ ਇਹ ਸਾਰਾ ਕੁਝ ਕਮਾਲ ਦੀ ਸਾਦਗੀ, ਕਲਾਤਮਿਕਤਾ ਤੇ ਸਹਿਜਕਤਾ ਨਾਲ ਸਿਰੇ ਚਾੜ੍ਹਿਆ ਹੈ। ਆਜ਼ਾਦੀ ਤੇ ਇਨਸਾਫ਼ ਲਈ ਤਾਂਘਦੇ ਤੁਰਕੀ ਦੇ ਆਮ-ਲੋਕੀਂ, ਨਿੱਕੇ ਨਗੂਣੇ ਦੋਸ਼ਾਂ ਲਈ ਕੈਦਾਂ ਭੁਗਤਦੇ ਮੁਜਰਮ, ਸਿਆਸੀ ਵਿਚਾਰਾਂ ਬਦਲੇ ਲੰਮੀਆਂ ਸਜ਼ਾਵਾਂ ਕੱਟ ਰਹੇ ਬੁੱਧੀਜੀਵੀ, ਚਿਤਰਕਾਰ ਤੇ ਹੋਰ ਕਲਾਕਾਰ, ਉਸ ਦੇ ਪਾਤਰ ਹਨ, ਜਿਹਨਾਂ ਦੀ ਨਿਰਛਲਤਾ, ਸਾਦਗੀ, ਦਲੇਰੀ, ਕੋਮਲਤਾ ਆਦਿ ਮਨੁੱਖੀ ਗੁਣਾਂ ਨੂੰ ਪੇਸ਼ ਕਰਦਾ ਨਾਜ਼ਿਮ ਹਿਕਮਤ ਆਪਣੇ ਦੌਰ ਦੇ ਨਕਸ਼ਾਂ ਨੂੰ ਸਦੀਵੀ ਚਿਤਰਾਂ ਰਾਹੀਂ ਰੂਪਮਾਨ ਕਰਦਾ ਹੈ। ਏਸੇ ਸਾਦਗੀ ਵਿਚੋਂ ਸੁੰਦਰਤਾ ਸਿਰਜਦਾ ਹੋਇਆ ਉਹ ਆਖਦਾ ਹੈ,

"ਮੈਂ ਚਾਹੁੰਦਾ ਹਾਂ ਕਿ ਮੇਰੀਆਂ ਕਵਿਤਾਵਾਂ ਪਾਠਕਾਂ ਦੀਆਂ ਸਮੱਸਿਆਵਾਂ ਨੂੰ ਸੰਬੋਧਨ ਹੋਣ। ਜੇ ਕੋਈ ਨੌਜਵਾਨ ਕਿਸੇ ਕੁੜੀ ਨਾਲ ਪਿਆਰ ਕਰਨ ਲੱਗਦਾ ਹੈ ਤਾਂ ਉਹ ਆਪਣੀ ਪਿਆਰੀ ਨੂੰ ਮੇਰੀਆਂ ਕਵਿਤਾਵਾਂ ਪੜ੍ਹ ਕੇ ਸੁਣਾਉਣ ਦੇ ਕਾਬਲ ਹੋ ਸਕੇ। ਉਹ ਬੁੱਢਾ ਆਦਮੀ, ਜੋ ਨੇੜੇ ਆ ਰਹੀ ਮੌਤ ਕਾਰਨ ਉਦਾਸੀ ਦੀ ਅਵਸਥਾ ਵਿਚ ਹੈ, ਮੇਰੀਆਂ ਕਵਿਤਾਵਾਂ ਪੜ੍ਹੇ। ਜਦੋਂ ਕੋਈ ਨੌਕਰਸ਼ਾਹ



ਤੰਗ ਕਰਦਾ ਹੈ ਤਾਂ ਮੇਰੀਆਂ ਕਵਿਤਾਵਾਂ ਪੜ੍ਹੇ। ਇਕ ਕਮਿਊਨਿਸਟ ਲੇਖਕ ਨੂੰ ਸਾਰੀਆਂ ਮਨੁੱਖੀ ਭਾਵਨਾਵਾਂ ਨੂੰ ਪਸ਼ ਕਰਨਾ ਚਾਹੀਦਾ ਹੈ।"

ਨਾਜ਼ਿਮ ਨੇ ਇਸ ਮਹਾਕਾਵਿ ਵਿੱਚ ਆਜ਼ਾਦੀ ਤੇ ਇਨਸਾਫ ਤੇ ਤਾਂਘਦੇ, ਤੜਪਦੇ ਸਾਧਾਰਨ ਪਾਤਰਾਂ ਦੀ ਦਰਦ-ਭਰੀ ਦਾਸਤਾਨ ਨੂੰ ਕਲਮ ਬੰਦ ਕੀਤਾ ਹੈ ਤੇ ਗੋਰਕੀ ਵਾਂਗ ਇਹ ਗੱਲ ਪ੍ਰਮਾਣਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਤਿਹਾਸ ਦੇ ਸਿਰਜਣ ਹਾਰੇ ਰਾਜੇ ਮਹਾਰਾਜੇ ਨਹੀਂ, ਸਗੋਂ ਆਮ-ਲੋਕ ਹੁੰਦੇ ਹਨ। ਆਜ਼ਾਦੀ ਤੇ ਇਨਸਾਫ ਵਰਗੇ ਮਹੱਤਵਪੂਰਨ ਸੁਪਨਿਆਂ ਦੀ ਅੱਕਾਸੀ ਕਰਦੇ ਹੋਏ ਨਾਜ਼ਿਮ ਨੇ ਇੱਕ ਸ਼ਾਹਕਾਰ ਦੀ ਸਿਰਜਣਾ ਕਰ ਵਿਖਾਲੀ ਹੈ।

ਨਾਜ਼ਿਮ ਦੀ ਰਚਨਾ ਦੀ ਸਿਰਜਣਾ ਦੀ ਗਾਥਾ ਪੜ੍ਹਦਿਆਂ ਤੇ ਇਸ ਦੇ ਆਮ ਪਾਠਕਾਂ ਤੇ ਦੁਨੀਆ ਦੇ ਇਨਸਾਫ, ਮੁਕਤੀ ਤੇ ਬਰਾਬਰੀ ਲਈ ਤਾਂਘਦੇ ਕਵਿਤਾ ਪ੍ਰੇਮੀਆਂ ਦੇ ਹੱਥਾਂ ਤੀਕ ਅਪੜਨ ਦੇ ਰਾਹ ਵਿੱਚ ਆਈਆਂ ਦੁਸ਼ਵਾਰੀਆਂ ਦੇ ਪ੍ਰਸੰਗ ਜਾਣਦਿਆਂ ਸਾਨੂੰ ਚੈੱਕ ਲੇਖਕ ਜੂਲੀਅਸ ਫਿਊਚਕ ਦੀ ਅਮਰ ਰਚਨਾ 'ਫਾਂਸੀ ਦੇ ਤਖਤੇ' ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸ ਮਹਾ-ਕਾਵਿ ਦੇ ਲੋਕਾਂ ਦੇ ਹੱਥਾਂ ਤੀਕ ਅਪੜਨ ਦੀ ਕਹਾਣੀ ਕਿਸੇ ਵੀ ਬੀਰ-ਗਾਥਾ ਤੋਂ ਘੱਟ ਨਹੀਂ।

ਆਰੰਭ ਤੋਂ ਅੰਤ ਤੀਕ ਪਹੁੰਚਦੇ ਪਹੁੰਚਦੇ ਇਸ ਮਹਾ-ਕਾਵਿ ਦੀ ਸੁਰਚਨਾ, ਸ਼ੈਲੀ, ਵਿਧੀ ਤੇ ਸਾਹਿਤਕ ਮਨੋਰਥ ਵਿੱਚ ਏਨੇ ਮੋੜ ਤੇ ਪ੍ਰੀਵਰਤਨ ਆਏ ਕਿ ਰੂਸੀ ਐਡੀਸ਼ਨ ਦੀ ਭੂਮਿਕਾ ਵਿੱਚ ਨਾਜ਼ਿਮ ਨੂੰ ਲਿਖਣਾ ਪਿਆ ਕਿ ;

"ਮਨੁੱਖੀ ਧਰਤ-ਦ੍ਰਿਸ਼ਾ ਕਵਿਤਾ ਦੀ ਕਿਤਾਬ ਨਹੀਂ ਹੈ। ਇਸ ਵਿੱਚ ਕਵਿਤਾ ਦੇ ਤੱਤ ਹਨ ਅਤੇ ਕਦੇ ਕਦੇ ਤੁਕਬੰਦੀ ਵਾਲਾ ਤਕਨੀਕੀ ਵਸਤੂ ਆਦਿ ਵੀ ਹੈ, ਪਰ ਇਸ ਵਿੱਚ ਵਾਰਤਕ ਦੇ ਤੱਤ ਵੀ ਹਨ ਤੇ ਨਾਟਕ ਅਰਥਾਤ ਸਿਨੇਮੇ ਦੀ ਦ੍ਰਿਸ਼ਾਵਲੀ ਵੀ ਹੈ, ਤੇ ਜਿਹੜੀ ਗੱਲ ਸਮੁੱਚੇ ਰੂਪ ਵਿੱਚ, ਅਰਥਾਤ ਭਾਰੂ ਵਿਸ਼ੇਸ਼ਤਾਈ ਹੈ, ਉਹ ਕਵਿਤਾ ਦੇ ਤੱਤ ਨਹੀਂ ਹਨ, ਪਰ ਇਹ ਕੋਈ ਹੋਰਨਾਂ ਚੀਜ਼ਾਂ ਵਿਚੋਂ ਵੀ ਨਹੀਂ। ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਮੈਂ ਹੁਣ ਕਵੀ ਨਹੀਂ ਰਿਹਾ, ਕੋਈ ਹੋਰ ਚੀਜ਼ ਬਣ ਗਿਆ ਹਾਂ।"

ਮੂਤਲੂ ਕੋਨੂਕ (ਮਹਾਕਾਵਿ ਦਾ ਅੰਗ੍ਰੇਜ਼ੀ ਅਨੁਵਾਦਕ) ਦੇ ਅਨੁਸਾਰ 'ਧਰਤ-ਦ੍ਰਿਸ਼ਾਵਲੀ' ਨਾਵਲਕਾਰ, ਕਵੀ, ਸਮਾਜੀ ਇਤਿਹਾਸਕਾਰ, ਲੋਕ-ਯਾਨ ਵਿਗਿਆਨੀ, ਨਾਟਕਕਾਰ, ਲੇਖਕ, ਪਾਤਰਾਂ ਤੇ ਸਰੋਤਿਆਂ ਕਾਰਨ ਕੋਈ ਸਾਂਝੀ ਰਚਨਾ ਬਣ ਗਈ ਹੈ।

ਮਨੁੱਖੀ ਧਰਤ-ਦ੍ਰਿਸ਼ ਵਿੱਚ ਵੀਹਵੀਂ ਸਦੀ ਦਾ ਇਤਿਹਾਸਕ ਤੇ ਕਲਾਤਮਕ ਚਿਤਰ ਪੇਸ਼ ਕੀਤਾ ਗਿਆ ਹੈ। ਰੂਸੀ ਐਡੀਸ਼ਨ ਵਿੱਚ ਆਪਣੇ ਅਨੁਭਵ ਤੇ ਫਿਕਰਮੰਦੀ ਵਿੱਅਕਤ ਕਰਦਿਆਂ ਕਵੀ ਨੇ ਬੜੀ ਨਿਮਰਤਾ ਨਾਲ ਕਿਹਾ ਸੀ,

"ਮੈਂ ਸਿਰਫ ਇੱਕ ਗੱਲ ਬਾਰੇ ਫਿਕਰਮੰਦ ਹਾਂ। ਜਦੋਂ ਤੁਸੀਂ ਇਹ ਬੀਤੇ ਦੇ ਗੁਜ਼ਰ ਰਹੇ ਝਲਕਾਰੇ ਵੇਖਦੇ ਹੋ, ਕੀ ਤੁਸੀਂ ਅੱਕੇ ਤਾਂ ਨਹੀਂ ਅਨੁਭਵ ਕਰੋਗੇ ?"

ਇਤਿਹਾਸ ਦਾ ਕੇਹਾ ਦੁਖਾਂਤ ਸੀ ਕਿ ਕਵੀ ਦੀ ਇਹ ਮਹੱਤਵਪੂਰਨ ਰਚਨਾ, ਉਸ ਦੇ ਜੀਉਂਦੇ-ਜੀ ਤੁਰਕੀ ਵਿੱਚ ਨਹੀਂ ਸੀ ਛਪ ਸਕਦੀ ਪਰ ਅੱਜ ਦੁਨੀਆ ਦੀਆਂ ਕਈ ਪ੍ਰਮੁੱਖ ਭਾਸ਼ਾਵਾਂ ਵਿੱਚ ਅਨੁਵਾਦ ਰੂਪ ਵਿੱਚ ਛਪ ਕੇ ਡੂੰਘੀ ਚਰਚਾ ਦਾ ਕੇਂਦਰ ਬਣ ਰਹੀ ਹੈ। ਵਿਚਾਰਾਂ ਦੇ ਵਖਰੇਵੇਂ ਕਾਰਨ ਅਜੇਹੇ ਦੁਖਾਂਤ ਸ਼ਾਇਦ ਅਜੋਕੇ ਮਨੁੱਖ ਦੀ ਹੋਣੀ ਬਣ ਗਈ ਹੈ। ਪਰ ਨਾਜ਼ਿਮ ਦੀ ਰਚਨਾ ਮਨੁੱਖ-ਜਾਤੀ ਦੀ ਵੱਡਮੁੱਲੀ ਇਤਿਹਾਸਕ ਪ੍ਰਾਪਤੀ ਵੀ ਹੈ।

●●●

*ਨੋਟ—ਸ਼ੈਮੀ ਗੋਕਸ਼ੂ ਤੇ ਐਡਵਲਡ ਟਿਮਜ਼ ਦੀ ਲਿਖੀ ਨਾਜ਼ਿਮ ਹਿਕਮਤ ਦੀ ਜੀਵਨੀ 'ਰੋਮਾਂਟਿਕ ਕਮਿਊਨਿਸਟ' ਪੁਸਤਕ ਦੀ ਖੋਜ ਉੱਤੇ ਆਧਾਰਿਤ ਲੇਖ*

# ਪੰਜਾਬੀ ਸਾਹਿਤ ਦਾ ਮਾਰਕਸਵਾਦੀ-ਚਿੰਤਨ */ਸੁਰਜੀਤ ਗਿੱਲ*

ਪੰਜਾਬੀ ਸਾਹਿਤ ਦਾ ਮੁੱਢ ਸਦੀਆਂ ਪਹਿਲਾਂ ਬੱਝਿਆ ਸੀ। ਸ਼ੇਖ ਫ਼ਰੀਦ ਦੀ ਬਾਣੀ ਤੇ ਨਾਥਾਂ ਦੀ ਬਾਣੀ ਸਦੀਆਂ ਪੁਰਾਣੀ ਹੈ ਅਤੇ ਪੰਜਾਬੀ ਸਾਹਿਤ ਦਾ ਬਹੁਮੁੱਲਾ ਖ਼ਜ਼ਾਨਾ ਹੈ। ਉਸ ਉਪਰੰਤ ਕਿੱਸਾ ਸਾਹਿਤ ਨੇ ਪੰਜਾਬੀ ਸਾਹਿਤ ਨੂੰ ਬਹੁਮੁੱਲੀ ਦੇਣ ਦਿੱਤੀ ਹੈ ; ਪਰੰਤੂ ਅਜੋਕਾ ਸਾਹਿਤ ਪੱਛਮੀ ਸਾਹਿਤ ਦੇ ਪ੍ਰਭਾਵ ਹੇਠ ਖ਼ਾਸ ਕਰਕੇ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਉਪਜਿਆ ਹੈ। ਅਜੋਕੇ ਸਾਹਿਤ ਦੀਆਂ ਕਈ ਵਿਧਾਵਾਂ ਛੋਟੀ ਕਵਿਤਾ, ਨਾਵਲ, ਨਾਟਕ, ਕਹਾਣੀ ਤੇ ਅਜੋਕੀ ਵਾਰਤਕ ਨਿਰੋਲ ਅੰਗਰੇਜ਼ੀ ਸਾਹਿਤ ਦੀ ਦੇਣ ਹਨ। ਮੁੱਢਲੀਆਂ ਕਹਾਣੀਆਂ ਤੇ ਵਾਰਤਕ ਬਹੁਤੀ ਵੇਰ ਅੰਗਰੇਜ਼ੀ ਸਾਹਿਤ ਦਾ ਉਲੱਥਾ ਹੀ ਸਨ। ਹਕੀਕਤ ਵਿੱਚ ਅਜੋਕੇ ਪੰਜਾਬੀ ਸਾਹਿਤ ਦਾ ਮੁੱਢ ਤੀਹਵਿਆਂ ਵਿੱਚ ਬੱਝਿਆ ਹੈ। ਇਸਦਾ ਰੂਪ ਚਾਲੀਵਿਆਂ ਵਿੱਚ ਨਿਖਰਨਾ ਆਰੰਭ ਹੋਇਆ। ਇਸੇ ਸਮੇਂ ਵਿੱਚ ਨਾਵਲ, ਕਹਾਣੀ, ਨਾਟਕ, ਕਵਿਤਾ ਤੇ ਵਾਰਤਕ ਲਿਖੀ ਜਾਣ ਲੱਗੀ। ਇਹ ਸਮਾਂ ਉਹ ਸੀ ਜਦੋਂ ਸੰਸਾਰ ਪੱਧਰ 'ਤੇ 1917 ਵਿੱਚ ਰੂਸ ਵਿੱਚ ਹੋਏ ਸੋਵੀਅਤ ਇਨਕਲਾਬ ਦਾ ਪ੍ਰਭਾਵ ਪੜ੍ਹੇ ਲਿਖੇ ਵਰਗ ਤੇ ਬੁੱਧੀਜੀਵੀਆਂ 'ਤੇ ਪੈਣ ਲੱਗਿਆ। ਇਸ ਸਮੇਂ ਦੌਰਾਨ ਅੰਗਰੇਜ਼ੀ ਦੀ ਪੜ੍ਹਾਈ ਮੱਧ ਸ੍ਰੇਣੀ ਤੇ ਨਿਮਨ ਮੱਧ ਸ੍ਰੇਣੀ ਦੀ ਪਹੁੰਚ ਵਿੱਚ ਆਉਣ ਲੱਗੀ। ਇਸਦੇ ਨਾਲ ਹੀ ਸੰਸਾਰ ਪੱਧਰ 'ਤੇ ਸਮਾਜਵਾਦੀ ਸਾਹਿਤ ਤੇ ਉਸਦਾ ਚਿੰਤਨ ਵੱਡੀ ਪੱਧਰ ਤੇ ਆਰੰਭ ਹੋਇਆ। ਸੋਵੀਅਤ ਯੂਨੀਅਨ ਦੇ ਲੇਖਕਾਂ ਮੈਕਸਮ ਗੋਰਕੀ ਤੇ ਹੋਰਨਾਂ ਨੇ ਨਵੇਂ ਚਿੰਤਨ ਯਥਾਰਥਵਾਦੀ, ਸਮਾਜਵਾਦੀ ਚਿੰਤਨ ਦਾ ਮੁੱਢ ਬੰਨ੍ਹਿਆ ਅਤੇ ਸੰਸਾਰ ਦੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਪ੍ਰਭਾਵਿਤ ਕੀਤਾ। ਖਾਸ ਕਰਕੇ ਭਾਰਤ ਵਰਗੇ ਬਸਤੀਵਾਦੀ ਦੇਸ਼ਾਂ ਤੇ ਇਸਦਾ ਬਹੁਤ ਡੂੰਘਾ ਪ੍ਰਭਾਵ ਪਿਆ। ਉਹਨਾਂ ਨੇ ਇਸ ਸਥਿਤੀ ਅਧੀਨ ਸਾਹਿਤ ਰਚਨਾ ਤੇ ਇਸਦਾ ਚਿੰਤਨ ਆਰੰਭ ਕੀਤਾ। ਪੰਜਾਬੀ ਸਾਹਿਤ ਵਿੱਚ ਪ੍ਰੋ: ਸੰਤ ਸਿੰਘ ਸੇਖੋਂ ਇਸ ਨਵੇਂ ਸਾਹਿਤ ਦਾ ਰਚੇਤਾ ਤੇ ਚਿੰਤਕ ਮੰਨਿਆ ਜਾ ਸਕਦਾ ਹੈ। ਦੇਸ਼ ਪੱਧਰ 'ਤੇ 1936 ਵਿੱਚ ਅਗਾਂਹਵਧੂ ਲੇਖਕਾਂ ਦੀ ਜਥੇਬੰਦੀ ਕਾਇਮ ਹੋਈ ਤੇ ਪੰਜਾਬੀ ਵਿੱਚੋਂ ਵੀ ਕਈ ਉੱਘੇ ਉਰਦੂ ਲੇਖਕ ਇਸ ਜਥੇਬੰਦੀ ਦਾ ਅੰਗ ਬਣੇ। ਉਹਨਾਂ ਦੇ ਚਿੰਤਨ ਤੇ ਉਹਨਾਂ ਦੀਆਂ ਲਿਖਤਾਂ ਨੇ ਪੰਜਾਬੀ ਸਾਹਿਤ ਦੀ ਰਚਨਾ ਤੇ ਚਿੰਤਨ ਨੂੰ ਪ੍ਰਭਾਵਿਤ ਕੀਤਾ। ਇਸੇ ਪ੍ਰਭਾਵ ਅਧੀਨ ਸੰਤ ਸਿੰਘ ਸੇਖੋਂ ਨੇ ਕਹਾਣੀ, ਨਾਟਕ ਤੇ ਨਾਵਲ ਲਿਖੇ। ਇਸਦੇ ਨਾਲ ਹੀ ਸਾਹਿਤ ਦਾ ਮਾਰਕਸਵਾਦੀ ਦ੍ਰਿਸ਼ਟੀ ਤੋਂ ਚਿੰਤਨ ਵੀ ਆਰੰਭ ਕੀਤਾ। ਉਹਨੇ ਆਪਣੇ ਸਮਕਾਲੀ ਸਾਹਿਤ ਤੇ ਮੱਧ ਕਾਲੀਨੀ ਸਾਹਿਤ ਨੂੰ ਨਵੀਂ ਮਾਰਕਸਵਾਦੀ ਦ੍ਰਿਸ਼ਟੀ ਤੋਂ ਜੋਖਣ ਦਾ ਯਤਨ ਕੀਤਾ ਤੇ ਕਈ ਨਵੇਂ ਨਿਸ਼ਕਰਸ਼ ਕੱਢੇ। ਸੰਤ ਸਿੰਘ ਸੇਖੋਂ ਦੇ ਚਿੰਤਨ ਨੂੰ ਦੋਸ਼ ਮੁਕਤ ਕਹਿਣਾ ਦਰੁਸਤ ਨਹੀਂ ਹੋਵੇਗਾ। ਇਸ ਵਿੱਚ ਢੇਰ ਖਾਮੀਆਂ ਹੋ ਸਕਦੀਆਂ ਹਨ, ਪਰੰਤੂ ਉਸਦੇ ਚਿੰਤਨ ਦੀ ਇਤਿਹਾਸਕ ਮਹਾਨਤਾ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਪੰਜਾਬੀ ਸਾਹਿਤ ਚਿੰਤਨ ਵਿੱਚ ਲੰਮਾ ਸਮਾਂ ਪ੍ਰੋ: ਸੰਤ ਸਿੰਘ ਸੇਖੋਂ ਦਾ ਬੋਲਬਾਲਾ ਰਿਹਾ ਹੈ। ਕੁਝ ਸਮਾਂ ਉਪਰੰਤ ਪ੍ਰੋ: ਕਿਸ਼ਨ ਸਿੰਘ ਨੇ ਉਹਨੂੰ ਵੰਗਾਰਨ ਦਾ ਯਤਨ ਕੀਤਾ। ਉਹਨੇ ਆਪਣੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਤੇ ਸਿੱਖ ਧਰਮ ਦਾ ਮਾਰਕਸਵਾਦੀ ਚਿੰਤਨ ਕਰਨ ਦਾ ਦਾਅਵਾ ਕੀਤਾ ਤੇ ਕਈ ਪੁਸਤਕਾਂ ਤੇ ਕਾਫੀ ਸਾਰੇ ਲੇਖ ਇਸ ਸਬੰਧ ਵਿੱਚ ਲਿਖੇ। ਇਸੇ ਸਮੇਂ ਦੌਰਾਨ ਪੱਛਮੀ ਪੰਜਾਬ ਦੇ ਵਿਦਵਾਨ, ਚਿੰਤਕ ਨਜ਼ਮ ਹੁਸੈਨ ਸੱਯਦ ਨੇ



ਵੀ ਪੰਜਾਬੀ ਸਾਹਿਤ ਦਾ ਮਾਰਕਸਵਾਦੀ ਦ੍ਰਿਸ਼ਟੀ ਤੋਂ ਚਿੰਤਨ ਆਰੰਭ ਕੀਤਾ। ਉਹਨੇ ਬਹੁਤਾ ਜ਼ੋਰ ਮੱਧ-ਕਾਲੀਨ ਪੰਜਾਬੀ ਸਾਹਿਤ ਦੇ ਚਿੰਤਨ 'ਤੇ ਲਾਇਆ ਅਤੇ ਨਵੇਂ ਸਿਰੇ ਤੋਂ ਉਸ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ। ਇਹਨਾਂ ਤਿੰਨਾਂ ਨੂੰ ਪੰਜਾਬੀ ਸਾਹਿਤ ਦੇ ਮਾਰਕਸਵਾਦੀ ਚਿੰਤਨ ਦੇ ਮੋਢੀ ਕਿਹਾ ਜਾ ਸਕਦਾ ਹੈ ਜਾਂ ਇਹਨਾਂ ਨੂੰ ਪੰਜਾਬੀ ਸਾਹਿਤ ਦੇ ਮਾਕਸਵਾਦੀ ਚਿੰਤਕਾਂ ਦੀ ਪਹਿਲੀ ਪੀੜ੍ਹੀ ਦੇ ਤੌਰ 'ਤੇ ਮੰਨਿਆ ਜਾ ਸਕਦਾ ਹੈ। ਇਹਨਾਂ ਤਿੰਨਾਂ ਵਿਦਵਾਨਾਂ ਦੇ ਚਿੰਤਨ ਨੂੰ ਕੁਝ ਨਵੇਂ ਚਿੰਤਕਾਂ ਨੇ ਆਪਣੇ ਚਿੰਤਨ ਦਾ ਅਧਾਰ ਬਣਾ ਕੇ ਕੁਝ ਸਿੱਟੇ ਕੱਢਣ ਦਾ ਯਤਨ ਕੀਤਾ ਹੈ, ਜਿਨ੍ਹਾਂ ਵਿੱਚੋਂ ਮੇਰੀ ਪਹੁੰਚ ਵਿੱਚ ਡਾ: ਸੁਰਜੀਤ ਸਿੰਘ ਭੱਟੀ ਦਾ ਚਿੰਤਨ ਹੈ, ਜਿਸਨੇ ਤਿੰਨੇ ਲੇਖਕਾਂ ਦੀਆਂ ਲਿਖਤਾਂ ਨੂੰ ਅਧਾਰ ਬਣਾ ਕੇ ਅਤੇ ਟਾਕਰਾ ਕਰਕੇ ਕੁਝ ਸਿੱਟੇ ਕੱਢੇ ਹਨ। ਜਿਨ੍ਹਾਂ ਨੂੰ ਉਸੇ ਤਰ੍ਹਾਂ ਕਬੂਲਣਾ ਸੰਭਵ ਨਹੀਂ, ਕਿਉਂਕਿ ਡਾਕਟਰ ਭੱਟੀ ਪ੍ਰੋ: ਸੰਤ ਸਿੰਘ ਸੇਖੋਂ ਦੇ ਚਿੰਤਨ ਨਾਲੋਂ ਨਜ਼ਮ ਹੁਸੈਨ ਸੱਯਦ ਤੇ ਪ੍ਰੋ: ਕਿਸ਼ਨ ਸਿੰਘ ਦੇ ਚਿੰਤਨ ਨੂੰ ਬਿਹਤਰ ਕਹਿੰਦਾ ਹੈ। ਕਿਸੇ ਡੂੰਘੇ ਚਿੰਤਨ ਤੋਂ ਬਿਨਾਂ ਇਸ ਚਿੰਤਨ ਨੂੰ ਕਬੂਲਣਾ ਸੰਭਨ ਨਹੀਂ ਹੈ। ਉਪਰੋਕਤ ਤਿੰਨੇ ਚਿੰਤਕਾਂ ਪ੍ਰੋ: ਸੰਤ ਸਿੰਘ ਸੇਖੋਂ, ਨਜ਼ਮ ਹੁਸੈਨ ਸੱਯਦ ਤੇ ਪ੍ਰੋ: ਕਿਸ਼ਨ ਸਿੰਘ ਦੇ ਚਿੰਤਨ ਦੀਆਂ ਘਾਟਾਂ ਕਮਜ਼ੋਰੀਆਂ ਨੂੰ ਪਾਸੇ ਰੱਖ ਕੇ ਇਹ ਗੱਲ ਨੂੰ ਅਵੱਸ਼ ਮੰਨਣਾ ਪਵੇਗਾ ਕਿ ਇਹਨਾਂ ਵਿਦਵਾਨਾਂ ਨੇ ਪੰਜਾਬੀ ਸਾਹਿਤ ਦੇ ਮਾਰਕਸਵਾਦੀ ਚਿੰਤਨ ਦਾ ਮੁੱਢ ਬੰਨ੍ਹਿਆ। ਉਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਇਸ ਸਮੇਂ ਦੌਰਾਨ ਇਸ ਚਿੰਤਨ ਤੋਂ ਬਿਨਾਂ ਪੰਜਾਬੀ ਸਾਹਿਤ ਅੰਦਰ ਹੋਰ ਕੋਈ ਚਿੰਤਨ ਨਿੱਖਰ ਕੇ ਸਾਹਮਣੇ ਨਹੀਂ ਆਇਆ। ਇਹਨਾਂ ਚਿੰਤਕਾਂ, ਖ਼ਾਸ ਕਰਕੇ ਪ੍ਰੋ: ਸੰਤ ਸਿੰਘ ਸੇਖੋਂ ਦੇ ਚਿੰਤਨ ਨੇ ਹੋਰਨਾਂ ਵਿਦਵਾਨਾਂ ਨੂੰ ਸਾਹਿਤ ਦੇ ਮਾਰਕਸਵਾਦੀ ਚਿੰਤਨ ਲਈ ਪ੍ਰੇਰਿਆ ਤੇ ਉਤਸਾਹਿਤ ਕੀਤਾ। ਇਸ ਪ੍ਰਭਾਵ ਅਧੀਨ ਨਵੇਂ ਚਿੰਤਕ ਉੱਭਰ ਕੇ ਸਾਹਮਣੇ ਆਏ, ਜਿਨ੍ਹਾਂ ਵਿੱਚ ਗਿਣਨਯੋਗ ਨਾਂਅ ਡਾ: ਰਵਿੰਦਰ ਸਿੰਘ ਰਵੀ, ਡਾ: ਕੇਸਰ ਸਿੰਘ ਕੇਸਰ, ਡਾ: ਟੀ. ਆਰ. ਵਿਨੋਦ, ਡਾ: ਅਤਰ ਸਿੰਘ, ਡਾ: ਜੋਗਿੰਦਰ ਸਿੰਘ ਰਾਹੀਂ, ਡਾ: ਜਗਬੀਰ ਸਿੰਘ, ਡਾ: ਗੁਰਬਖਸ਼ ਸਿੰਘ ਫਰੈਂਕ, ਡਾ: ਜਸਵਿੰਦਰ ਸਿੰਘ, ਡਾ: ਰਘਬੀਰ ਸਿੰਘ ਆਦਿ ਦੇ ਨਾਂਅ ਹਨ। ਇਹਨਾਂ ਚਿੰਤਕਾਂ ਨੇ ਮਾਰਕਸਵਾਦੀ ਚਿੰਤਨ ਵਿਧੀ ਨੂੰ ਪਹਿਲੀ ਪੀੜ੍ਹੀ ਨਾਲੋਂ ਹੋਰ ਨਿਖੇਰਿਆ ਤੇ ਅੱਗੇ ਵਧਾਇਆ ਹੈ ਅਤੇ ਆਪਣੇ ਸਮੇਂ ਵਿੱਚ ਉੱਠੀਆਂ ਉਲਾਰ ਸਾਹਿਤਕ ਪ੍ਰਵਿਰਤੀਆਂ ਦਾ ਡਟ ਕੇ ਟਾਕਰਾ ਕੀਤਾ ਹੈ। ਇਹਨਾਂ ਵਿਦਵਾਨਾਂ ਦਾ ਸਮਾਂ ਉਹ ਸੀ ਜਦੋਂ ਸੰਸਾਰ ਪੱਧਰ 'ਤੇ ਸੋਵੀਅਤ ਰੂਸ ਤੇ ਸਮਾਜਵਾਦੀ ਕੈਂਪ ਕਾਇਮ ਸੀ ਜਿਹੜਾ ਸਰਵਪੱਖੀ ਵਿਕਾਸ ਰਾਹੀਂ ਸੰਸਾਰ ਦੇ ਵਿਦਵਾਨਾਂ ਨੂੰ ਪ੍ਰਭਾਵਿਤ ਕਰ ਰਿਹਾ ਸੀ। ਇਹਨਾਂ ਵਿਦਵਾਨਾਂ ਨੇ ਆਪਣੇ ਸਮੇਂ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀਆਂ ਵੱਖੋ-ਵੱਖਰੀਆਂ ਵਿਧਾਵਾਂ ਦਾ ਚਿੰਤਨ ਕਰਕੇ ਉਹਨਾਂ ਦਾ ਨਿਰੀਖਣ ਕੀਤਾ। ਇਸ ਸਮੇਂ ਦੌਰਾਨ ਜੇ ਕਿਸੇ ਹੋਰ ਚਿੰਤਨ ਵਿਧੀ ਨੇ ਸਿਰ ਚੁੱਕਿਆ ਤਾਂ ਸਫਲ ਨਹੀਂ ਹੋ ਸਕੀ। ਸਾਹਿਤ ਦੇ ਸਾਰੇ ਖੇਤਰਾਂ ਵਿੱਚ ਖਾਸ ਕਰਕੇ ਅਕਾਦਮਿਕ ਖੇਤਰਾਂ ਵਿੱਚ ਬੋਲਬਾਲਾ ਇਸੇ ਵਿਧੀ ਦਾ ਰਿਹਾ। ਇਸੇ ਦੌਰਾਨ ਕੁਝ ਵਿਦਵਾਨਾਂ ਨੇ ਸਾਹਿਤ ਦਾ ਵਿਵਹਾਰਕ ਚਿੰਤਨ ਵੀ ਕੀਤਾ, ਜਿਹੜਾ ਅਕਾਦਮਿਕ ਵਿਧੀ ਨਾਲੋਂ ਵੱਖਰਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਚਿੰਤਨ ਵੱਡੀ ਪੱਧਰ 'ਤੇ ਪੰਜਾਬੀ ਸਾਹਿਤ ਦੇ ਚਿੰਤਨ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ, ਪਰੰਤੂ ਸਾਹਿਤ ਚਿੰਤਨ ਦੀ ਨਵੀਂ ਵਿਧੀ ਦਾ ਅਧਾਰ ਸਿਰਜਣ ਦਾ ਯਤਨ ਕੀਤਾ। ਸਾਹਿਤ ਦੀ ਵਿਵਹਾਰਕ ਚਿੰਤਨ ਵਿਧੀ ਦੇ ਅਰਥ ਇਹ ਹਨ ਕਿ ਸਾਹਿਤ ਦਾ ਚਿੰਤਨ ਲੇਖਕ ਤੇ ਪਾਠਕ ਵਿਚਕਾਰ ਇਕ ਦੁਭਾਸ਼ੀਏ ਦਾ ਕੰਮ ਕਰੇ ਅਤੇ ਪਾਠਕ ਨੂੰ ਇਹ ਦੱਸਣ ਦਾ ਯਤਨ ਕਰੇ ਕਿ ਲੇਖਕ ਦੀ

ਕਿਰਤ ਦੇ ਸਮਾਜਿਕ ਅਰਥ ਕੀ ਹਨ ? ਇਹ ਚਿੰਤਨ ਲਾਜ਼ਮੀ ਨਹੀਂ ਕਿ ਉਹੀ ਸਿੱਟੇ ਕੱਢੇ ਜਿਹੜੇ ਲੇਖਕ ਨੇ ਅਚੇਤ ਜਾਂ ਸੁਚੇਤ ਤੌਰ 'ਤੇ ਪਾਠਕ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਵਿਦਵਾਨ ਚਿੰਤਕ ਮਾਰਕਸਵਾਦੀ ਵਿਧੀ ਰਾਹੀਂ ਪਾਤਰਾਂ ਦੇ ਜਮਾਤੀ ਕਿਰਦਾਰ ਨੂੰ ਪਾਠਕਾਂ ਸਾਹਮਣੇ ਪੇਸ਼ ਕਰਕੇ ਕਿਰਤ ਦੇ ਅਰਥ ਦੱਸ ਸਕਦਾ ਹੈ। ਦਰੁਸਤ ਹੈ ਇਹ ਵਿਵਹਾਰਕ ਵਿਧੀ ਬਹੁਤੀ ਅੱਗੇ ਨਹੀਂ ਵਧ ਸਕੀ, ਪਰੰਤੂ ਲੇਖਕ ਦਾ ਸੁਨੇਹਾ ਪਾਠਕ ਤੱਕ ਪਹੁੰਚਾਉਣ ਲਈ ਅਤੇ ਸਾਹਿਤ ਨੂੰ ਸਮਾਜਿਕ ਪਰੀਵਰਤਨ ਦਾ ਇਕ ਹਥਿਆਰ ਬਨਾਉਣ ਲਈ ਇਸ ਵਿਧੀ ਦਾ ਵਿਕਾਸ ਜ਼ਰੂਰੀ ਹੈ। ਕਿਉਂਕਿ ਜਮਾਤੀ ਸੰਘਰਸ਼ ਵਿੱਚ ਮੁੱਢਲੇ ਵਿਚਾਰਧਾਰਕ ਸੰਘਰਸ਼ ਸਮੇਂ ਸਾਹਿਤ ਇਕ ਅਹਿਮ ਰੋਲ ਅਦਾ ਕਰ ਸਕਦਾ ਹੈ। ਇਸ ਰੋਲ ਨੂੰ ਸਿਰੇ ਚੜ੍ਹਾਉਣ ਵਿੱਚ ਵਿਵਹਾਰਕ ਆਲੋਚਨਾ ਵਿਧੀ ਸਾਹਿਤ ਦੇ ਕਰਤੱਵ ਨੂੰ ਹੋਰ ਵੀ ਸਾਰਥਿਕ ਬਣਾ ਸਕਦੀ ਹੈ। ਉਪਰੋਕਤ ਵਿਦਵਾਨਾਂ ਦੇ ਕੰਮ ਨੂੰ ਹਾਲੇ ਪਰਖਣ-ਪੜਚੋਲਣ ਤੇ ਤੋਲਣ ਦੀ ਲੋੜ ਹੈ, ਪਰੰਤੂ ਅੱਜ ਤੀਕਰ ਜੋ ਕੁਝ ਵੀ ਹੈ ਉਸਦੇ ਕਰਤੱਵ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਖੁਸ਼ੀ ਦੀ ਗੱਲ ਹੈ ਉਪਰੋਕਤ ਚਿੰਤਕਾਂ ਤੋਂ ਉਪਰੰਤ ਪੰਜਾਬੀ ਸਾਹਿਤ ਦੇ ਮਾਰਕਸਵਾਦੀ ਚਿੰਤਕਾਂ ਦਾ ਇਕ ਨਵਾਂ ਪੂਰ ਬੜੀ ਤੇਜ਼ੀ ਨਾਲ ਉੱਭਰ ਕੇ ਸਾਹਮਣੇ ਆਇਆ ਹੈ। ਇਸ ਨਵੇਂ ਪੂਰ ਦੀ ਪਹਿਲੀਆਂ ਪੀੜ੍ਹੀਆਂ ਨਾਲੋਂ ਕਈ ਪੱਖਾਂ ਤੋਂ ਵਿਲੱਖਣਤਾ ਹੈ। ਪਹਿਲੇ ਚਿੰਤਕਾਂ ਵਿੱਚੋਂ ਸਾਰਿਆਂ ਨੇ ਹੀ ਮਾਰਕਸਵਾਦ ਦਾ ਚਿੰਤਨ ਸਿਧਾਂਤਕ ਤੇ ਸਾਹਿਤਕ ਪੱਧਰ 'ਤੇ ਹੀ ਕੀਤਾ ਸੀ। ਪਰੰਤੂ ਮਾਰਕਸਵਾਦ ਦੀ ਬੁਨਿਆਦੀ ਧਾਰਨਾ ਤੇ ਮਾਰਕਸਵਾਦ ਇੱਕ ਅਮਲੀ ਵਿਗਿਆਨ ਹੈ, ਜਿਸਨੂੰ ਅਮਲ ਵਿਚੋਂ ਹੀ ਸਿੱਖਿਆ ਜਾ ਸਕਦਾ ਹੈ। ਉਕਤ ਵਿਦਵਾਨਾਂ ਨੇ ਇਸ ਗੱਲ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਮਿਸਾਲ ਵਜੋਂ ਪ੍ਰੋ: ਕਿਸ਼ਨ ਸਿੰਘ ਨੇ ਕਿਸੇ ਆਰਥਿਕ ਜਾਂ ਰਾਜਨੀਤਿਕ ਜਮਾਤੀ ਸੰਘਰਸ਼ ਨਾਲ ਕਦੇ ਕੋਈ ਵਾਸਤਾ ਨਹੀਂ ਰੱਖਿਆ ਸੀ। ਉਹ ਕਦੇ ਟੀਚਰ ਯੂਨੀਅਨ ਦਾ ਸਧਾਰਨ ਮੈਂਬਰ ਵੀ ਨਹੀਂ ਬਣਿਆ ਸੀ। ਸੰਘਰਸ਼ ਕਰਨ ਦੀ ਗੱਲ ਤਾਂ ਵੱਖਰੀ ਹੈ, ਪਰੰਤੂ ਨਵੀਂ ਪੀੜੀ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ ਹੈ। ਇਹਨਾਂ ਵਿਚੋਂ ਬਹੁਤੇ ਉਹ ਵਿਦਵਾਨ ਹਨ ਜਿਹੜੇ ਨਕਸਲਵਾਦੀ ਲਹਿਰ ਵਿੱਚ ਹਿੱਸਾ ਲੈਂਦੇ ਰਹੇ ਹਨ ਜਾਂ ਬਹੁਤ ਨੇੜੇ ਤੋਂ ਉਸਨੂੰ ਵਾਚਦੇ ਰਹੇ ਹਨ। ਉਹ ਉਸ ਲਹਿਰ ਦੇ ਲੋਕਾਂ ਲਈ ਮਰ-ਮਿਟਣ ਦੀ ਭਾਵਨਾ ਤੋਂ ਤੇ ਉਸ ਸਮੇਂ ਰਚੇ ਗਏ ਸਾਹਿਤ ਤੋਂ ਪ੍ਰਭਾਵਿਤ ਹਨ। ਦੂਜੇ ਇਹਨਾਂ ਵਿਦਵਾਨਾਂ ਨੇ ਮਾਰਕਸਵਾਦੀ ਸਾਹਿਤ ਚਿੰਤਨ ਦੀ ਜ਼ੁੰਮੇਵਾਰੀ ਆਪਣੇ ਮੋਢਿਆਂ ਉੱਤੇ ਉਸ ਸਮੇਂ ਚੁੱਕੀ ਹੈ, ਜਦੋਂ ਸੰਸਾਰ ਪੱਧਰ 'ਤੇ ਮਾਰਕਸਵਾਦੀ ਚਿੰਤਨ ਨਿਘਾਰ ਵੱਲ ਜਾ ਰਿਹਾ ਹੈ। ਸੋਵੀਅਤ ਯੂਨੀਅਨ ਤੇ ਸਮਾਜਵਾਦੀ ਕੈਂਪ ਦੇ ਵਿਗਠਨ ਉਪਰੰਤ ਮੱਧ ਵਰਗੀ ਬੁੱਧੀ-ਜੀਵੀਆਂ ਦੀ ਵੱਡੀ ਗਿਣਤੀ ਮਾਰਕਸਵਾਦ ਦੇ ਸਾਹਿਤ ਚਿੰਤਨ ਤੋਂ ਉਪਰਾਮ ਹੋ ਗਈ ਸੀ। ਉਹ ਸੋਵੀਅਤ ਤਰਜ਼ ਦੇ ਸਮਾਜਵਾਦ ਦੀ ਅਸਫਲਤਾ ਨੂੰ ਬੁਰਜੂਆ ਚਿੰਤਕਾਂ ਦੇ ਪ੍ਰਭਾਵ ਅਧੀਨ ਮਾਰਕਸਵਾਦ ਦੀ ਅਸਫਲਤਾ ਮੰਨਣ ਤੇ ਕਹਿਣ ਤੱਕ ਪੁੱਜ ਗਏ ਹਨ। ਉਹ ਇਹ ਗੱਲ ਭੁੱਲ ਗਏ ਹਨ ਕਿ ਕਿਸੇ ਦੇਸ਼ ਵਿੱਚ ਕਾਇਮ ਕੀਤੇ ਰਾਜ ਪ੍ਰਬੰਧ, ਜਿਸਨੂੰ ਬੇਸ਼ੱਕ ਸਮਾਜਵਾਦ ਦਾ ਨਾਂਅ ਦਿੱਤਾ ਹੋਵੇ, ਦੀ ਅਸਫਲਤਾ ਦਾ ਮਾਰਕਸਵਾਦ ਦੀ ਅਸਫਲਤਾ ਨਾਲ ਕੋਈ ਸਬੰਧ ਨਹੀਂ। ਮਾਰਕਸਵਾਦ ਇਕ ਵਿਗਿਆਨ ਹੈ, ਜਿਹੜਾ ਸਮੇਂ ਅਨੁਕੂਲ ਸਮਾਜ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਪ੍ਰਣਾਲੀਆਂ ਦਾ ਨਿਰੀਖਣ ਕਰਕੇ ਉਸਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਕਰਦਾ ਹੈ। ਮਾਰਕਸਵਾਦ ਸਦਾ ਹੀ ਸਮਾਜ ਦੇ ਵਿਕਾਸ ਨੂੰ ਮਜ਼ਦੂਰ ਜਮਾਤ ਤੇ ਸਾਧਨ-ਹੀਣਾਂ ਦੀ ਦ੍ਰਿਸ਼ਟੀ ਤੋਂ ਪਰਖਦਾ ਹੈ। ਜੇ ਕੋਈ ਸਮਾਜਿਕ, ਆਰਥਿਕ ਤੇ ਰਾਜਨੀਤਿਕ ਪ੍ਰਣਾਲੀ ਮਜ਼ਦੂਰ



ਜਮਾਤ ਨੂੰ ਉਹਦੀ ਕਿਰਤ ਦਾ ਪੂਰਾ ਮੁੱਲ ਦਿੰਦੀ ਹੈ ਤੇ ਉਹਨੂੰ ਖੁਸ਼ਹਾਲ ਬਣਾਉਂਦੀ ਹੈ, ਤਾਂ ਮਾਰਕਸਵਾਦ ਉਸਨੂੰ ਸਵੀਕਾਰ ਕਰਨ ਲਈ ਤਿਆਰ ਹੈ. ਪਰੰਤੂ ਜਿਹੜਾ ਸਮਾਜਿਕ ਵਿਕਾਸ ਅਜਿਹਾ ਨਹੀਂ ਕਰਦਾ ਤੇ ਭੁੱਖ, ਨੰਗ ਤੇ ਜਮਾਤੀ ਪਾੜੇ ਨੂੰ ਹੋਰ ਵਧਾਉਂਦਾ ਹੈ ਮਾਰਕਸਵਾਦ ਉਹਨੂੰ ਨਹੀਂ ਸਵੀਕਾਰਦਾ, ਬਲਕਿ ਮਜ਼ਦੂਰ ਜਮਾਤ ਦਾ ਵਿਰੋਧੀ ਹੋਣ ਕਾਰਨ ਉਹਨੂੰ ਰੱਦ ਕਰਨ ਦੀ ਗੱਲ ਕਰਦਾ ਹੈ। ਇਸ ਲਈ ਸੋਵੀਅਤ ਯੂਨੀਅਨ ਦੇ ਵਿਗਠਨ ਉਪਰੰਤ ਜਦੋਂ ਸੰਸਾਰ ਪੱਧਰ 'ਤੇ ਸਮਾਜ ਦੇ ਸਾਰੇ ਖੇਤਰਾਂ ਸਮਾਜਿਕ, ਆਰਥਿਕ ਤੇ ਰਾਜਨੀਤਿਕ ਖੇਤਰਾਂ ਵਿੱਚ ਹੋਰ ਨਿਘਾਰ ਆਇਆ ਹੈ, ਜਮਾਤੀ ਪਾੜਾ ਹੋਰ ਵਧਿਆ ਹੈ। ਭੁੱਖ ਨੰਗ ਤੇ ਬੇਕਾਰੀ ਵਿੱਚ ਵਾਧਾ ਹੋਇਆ; ਮਜ਼ਦੂਰ ਜਮਾਤ ਤੇ ਹੋਰ ਕਿਰਤੀਆਂ ਦਾ ਜੀਵਨ ਪੱਧਰ ਹੋਰ ਡਿੱਗਿਆ ਹੈ ਤਾਂ ਮਾਰਕਸਵਾਦ ਦੀ ਸਾਰਥਿਕਤਾ ਕਾਇਮ ਹੈ। ਜੀਵਨ ਦੇ ਸਾਰੇ ਖੇਤਰਾਂ ਵਿੱਚ ਅਗਵਾਈ ਮਾਰਕਸਵਾਦ ਤੋਂ ਲੈਣੀ ਜ਼ਰੂਰੀ ਹੈ, ਕਿਉਂਕਿ ਹੋਰ ਕੋਈ ਵਿਧੀ ਉੱਭਰ ਕੇ ਸਾਹਮਣੇ ਨਹੀਂ ਆਈ, ਜਿਹੜੀ ਉਕਤ ਸਮਾਜਿਕ ਸਵਾਲਾਂ ਨੂੰ ਸਫਲਤਾ ਨਾਲ ਹੱਲ ਕਰ ਸਕੇ।

ਇਸ ਲਈ ਸੋਵੀਅਤ ਯੂਨੀਅਨ ਤੇ ਸਮਾਜਵਾਦੀ ਕੈਂਪ ਦੇ ਵਿਗਠਨ ਉਪਰੰਤ ਮਾਰਕਸਵਾਦ ਦੀ ਸਾਰਥਕਤਾ ਹੋਰ ਵੀ ਵਧ ਗਈ ਹੈ ਅਤੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਇਸਤੋਂ ਅਗਵਾਈ ਲੈਣੀ ਜ਼ਰੂਰੀ ਹੋ ਗਈ ਹੈ। ਸਾਹਿਤ ਕਿਉਂਕਿ ਵਿਚਾਰਧਾਰਕ ਸੰਘਰਸ਼ ਵਿੱਚ ਆਪਣਾ ਅਹਿਮ ਰੋਲ ਅਦਾ ਕਰ ਸਕਦਾ ਹੈ ਤਾਂ ਉਸ ਸਮੇਂ ਜਮਾਤੀ ਸੰਘਰਸ਼ ਦੇ ਪਹਿਲੇ ਪੜਾਅ ਵਿਚਾਰਧਾਰਕ ਪੜਾਅ ਲਈ ਜਨਵਾਦੀ ਸਾਹਿਤ ਦਾ ਰਚੇ ਜਾਣਾ ਤੇ ਉਸਦੇ ਮਾਰਕਸਵਾਦੀ ਚਿੰਤਨ ਦੀ ਲੋੜ ਹੋਰ ਵੀ ਵਧ ਜਾਂਦੀ ਹੈ। ਇਸ ਮੰਤਵ ਲਈ ਵਿਦਵਾਨਾਂ ਤੇ ਚਿੰਤਕਾਂ ਦੇ ਇਕ ਪੂਰ ਦੀ ਆਵਸ਼ੱਕਤਾ ਹੈ, ਜਿਹੜਾ ਚਿੰਤਨ ਦੇ ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹ ਸਕੇ। ਚੰਗੀ ਗੱਲ ਇਹ ਹੈ ਕਿ ਇਸ ਸਮੇਂ ਪੰਜਾਬੀ ਸਾਹਿਤ ਨੂੰ ਅਜਿਹੇ ਚਿੰਤਕ ਪ੍ਰਾਪਤ ਹਨ ਅਤੇ ਉਹ ਆਪਣਾ ਕਾਰਜ ਪੂਰੀ ਤਨਦੇਹੀ ਤੇ ਸਮਰਪਣ ਨਾਲ ਕਰ ਰਹੇ ਹਨ। ਅੱਜ ਰਸਾਲਿਆਂ, ਪੁਸਤਕਾਂ, ਅਖ਼ਬਾਰਾਂ ਤੇ ਮੀਡੀਆ ਤੇ ਵੱਡੀ ਪੱਧਰ ਤੇ ਸਾਹਿਤ ਦਾ ਮਾਰਕਸਵਾਦੀ ਚਿੰਤਨ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬੀ ਸਾਹਿਤ ਵਿੱਚ ਇਕ ਸਮਾਂ ਉਹ ਸੀ ਜਦੋਂ ਕਿਸੇ ਕਿਰਤ ਦਾ ਨਿਰੀਖਣ ਜਾਂ ਪੜਚੋਲ ਕਰਾਉਣ ਲਈ ਵਿਦਵਾਨ ਪ੍ਰਾਪਤ ਨਹੀਂ ਸਨ। ਜਿਹੜੇ ਵਿਦਵਾਨ ਸਨ ਉਹਨਾਂ ਨੂੰ ਵਾਰ-ਵਾਰ ਬੇਨਤੀਆਂ ਕਰਕੇ ਕਿਸੇ ਕਿਰਤ ਦੀ ਨਿਰੀਖਣ ਕਰਵਾਇਆ ਜਾਂਦਾ ਸੀ ਤੇ ਜੋ ਕੁਝ ਵੀ ਉਹ ਵਿਦਵਾਨ ਲਿਖਦਾ ਸੀ, ਉਹਨੂੰ ਕਬੂਲ ਕਰਨਾ ਪੈਂਦਾ ਸੀ। ਪਰੰਤੂ ਅੱਜ ਅਜਿਹਾ ਨਹੀਂ, ਅਜੋਕੇ ਚਿੰਤਕ ਆਪ ਕਿਰਤ ਪ੍ਰਾਪਤ ਕਰਕੇ ਉਹਦਾ ਚਿੰਤਨ ਕਰਦੇ ਹਨ ਅਤੇ ਉਹਦਾ ਅਬਜੈਕਟਿਵ ਚਿੰਤਨ ਕਰਕੇ ਲੇਖਕ ਤੇ ਪਾਠਕ ਦੋਨਾਂ ਦੀ ਸੰਤੁਸ਼ਟੀ ਕਰੌਣ ਦਾ ਯਤਨ ਕਰਦੇ ਹਨ। ਗੋਸ਼ਟੀਆਂ ਸਮੇਂ ਪੇਪਰ ਲਿਖਦੇ ਹਨ। ਸਰੋਤਿਆਂ ਤੇ ਪਾਠਕਾਂ ਦੇ ਸ਼ੰਕੇ ਨਵਿਰਤ ਕਰਦੇ ਹਨ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਦਾ ਚਿੰਤਨ ਹਾਲੇ ਵਿਵਹਾਰਕ ਪੱਧਰ ਤੱਕ ਨਹੀਂ ਅੱਪੜਿਆ, ਪਰੰਤੂ ਇਹ ਚਿੰਤਨ ਗੂੜ੍ਹ ਅਕਾਦਮਿਕ ਵੀ ਨਹੀਂ ਹੈ, ਜਿਹੜਾ ਪਾਠਕ ਦੇ ਪੱਲੇ ਕੁਝ ਵੀ ਨਾ ਪਾਉਂਦਾ ਹੋਵੇ। ਦੂਜੀ ਅਹਿਮ ਗੱਲ ਇਹ ਹੈ ਕਿ ਇਹ ਚਿੰਤਨ ਛੋਟੇ-ਛੋਟੇ ਅੰਤਰਾਂ ਤੋਂ ਬਿਨਾਂ ਆਪਸੀ ਬੁਨਿਆਦੀ ਵਿਰੋਧ ਦਾ ਪ੍ਰਗਟਾਵਾ ਨਹੀਂ ਕਰਦਾ। ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਚਿੰਤਨ ਦੀਆਂ ਬੁਨਿਆਦਾਂ ਵਿੱਚ ਕੋਈ ਵਿਰੋਧ ਨਹੀਂ, ਭਾਵ ਅਧਾਰ ਵਿੱਚ ਕੋਈ ਅੰਤਰ ਨਹੀਂ। ਜੇ ਕਿਤੇ ਵਿਰੋਧ ਹਨ ਉਹ ਕੇਵਲ ਉਸਾਰ ਵਿੱਚ ਹਨ, ਜਿਹੜੇ ਦੂਰ ਕਰਨੇ ਅਸੰਭਵ ਨਹੀਂ ਹਨ। ਇਸ ਵਿਧੀ ਦੇ ਨਵੇਂ ਚਿੰਤਕਾਂ ਵਿੱਚ ਅਹਿਮ ਰੋਲ ਡਾ: ਸੁਖਦੇਵ ਸਿੰਘ ਸਿਰਸਾ, ਡਾ: ਗੁਰਇਕਬਾਲ ਸਿੰਘ, ਡਾ: ਸੁਖਵਿੰਦਰ ਸਿੰਘ

ਰੰਧਾਵਾ, ਡਾ: ਸੁਖਪਾਲ ਥਿੰਦ, ਡਾ: ਸੁਰਜੀਤ ਬਰਾੜ, ਸੁਰਜੀਤ ਸਿੰਘ ਮੁਕਤਸਰ, ਡਾ: ਜਸਪਾਲ ਸਿੰਘ ਨਕੋਦਰ, ਡਾ: ਰਜਨੀਸ਼ ਬਹਾਦਰ ਸਿੰਘ, ਡਾ. ਭੀਮਇੰਦਰ ਸਿੰਘ, ਡਾ: ਅਨੂਪ ਸਿੰਘ, ਡਾ: ਕਰਮਜੀਤ ਸਿੰਘ, ਡਾ: ਸਵਰਨ ਚੰਦਨ, ਡਾ: ਤੇਜਵੰਤ ਮਾਨ, ਡਾ: ਜਸਪਾਲ ਮਾਨ, ਡਾ: ਸਰਬਜੀਤ ਸਿੰਘ, ਹਰਵਿੰਦਰ ਭੰਡਾਲ, ਡਾ: ਹਰਭਜਨ ਭਾਟੀਆ, ਡਾ: ਲਾਭ ਸਿੰਘ ਖੀਵਾ ਆਦਿ ਹਨ। ਜਿਹੜੇ ਦਿਨੋ-ਦਿਨ ਇਸ ਵਿਧੀ ਦਾ ਵਿਕਾਸ ਕਰ ਰਹੇ ਹਨ। ਇਹਨਾਂ ਚਿੰਤਕਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਨੇ ਮੁੱਢਲੇ ਮਾਰਕਸਵਾਦੀ ਸਾਹਿਤ ਚਿੰਤਕਾਂ ਤੋਂ ਅੱਜ ਤਕ ਦੇ ਸਾਰੇ ਚਿੰਤਕਾਂ ਦਾ ਗੰਭੀਰ ਚਿੰਤਨ ਕੀਤਾ ਹੈ ਅਤੇ ਅੱਜ ਵੀ ਚਿੰਤਨ ਕਰ ਰਹੇ ਹਨ। ਇਹ ਇਸ ਚਿੰਤਨ ਨਾਲ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੇ ਹਨ ਅਤੇ ਆਪ ਕੀਤੇ ਚਿੰਤਨ ਵਿੱਚ ਵੀ ਘਾਟਾਂ ਲੱਭਣ ਤੇ ਦੂਰ ਕਰਨ ਵਿੱਚ ਵੀ ਕੋਈ ਪਰਹੇਜ਼ ਨਹੀਂ ਕਰਦੇ। ਸੰਸਾਰ ਪ੍ਰਸਿੱਧ ਮਾਰਕਸਵਾਦੀ ਸਾਹਿਤ ਚਿੰਤਕ ਜਾਰਜ ਲੁਕਾਚ ਨੇ ਵੀ ਆਪਣੇ ਚਿੰਤਨ ਬਾਰੇ ਇਹੋ ਪਹੁੰਚ ਅਪਣਾਈ ਸੀ। ਉਹਨੇ ਵਾਰ-ਵਾਰ ਆਪਣੇ ਚਿੰਤਨ ਤੇ ਨਿਸ਼ਕਰਸ਼ਨ ਨੂੰ ਮੁੜ-ਮੁੜ ਘੋਖਿਆ ਤੇ ਲੋੜ ਪੈਣ ਤੇ ਉਹਨੂੰ ਸੋਧਣ ਵਿੱਚ ਕੋਈ ਹਿਚਕਿਚਾਹਟ ਨਹੀਂ ਦਿਖਾਈ।

ਇਹਨਾਂ ਚਿੰਤਕਾਂ ਦਾ ਚਿੰਤਨ ਹਾਲੇ ਜਾਰੀ ਹੈ। ਇਹਨਾਂ ਦੇ ਮੁਲਾਂਕਣ ਦਾ ਹਾਲੇ ਸਮਾਂ ਨਹੀਂ ਆਇਆ, ਪਰੰਤੂ ਉਹ ਸਮਾਂ ਬਹੁਤੀ ਦੂਰ ਨਹੀਂ ਜਦੋਂ ਇਹਨਾਂ ਚਿੰਤਕਾਂ ਦੇ ਚਿੰਤਨ ਨੂੰ ਘੋਖਣ ਦੀ ਲੋੜ ਪਵੇਗੀ। ਅਸੀਂ ਜਾਣਦੇ ਹਾਂ ਕਿ ਸੰਸਾਰ ਵਿੱਚ ਸਦੀਵੀ ਸੱਚ ਨਾਂ ਦੀ ਕੋਈ ਚੀਜ਼ ਨਹੀਂ। ਸੱਚ ਹਮੇਸ਼ਾ ਸਮੇਂ ਦਾ ਹੁੰਦਾ ਹੈ, ਜਿਹੜਾ ਸਮੇਂ ਦੇ ਬਦਲਣ ਨਾਲ ਬਦਲਦਾ ਰਹਿੰਦਾ ਹੈ। ਇਸ ਲਈ ਉਕਤ ਚਿੰਤਕਾਂ ਦੇ ਚਿੰਤਨ 'ਤੇ ਵੀ ਇਹੋ ਫਾਰਮੂਲਾ ਲਾਗੂ ਹੁੰਦਾ ਹੈ।

ਪੰਜਾਬੀ ਸਾਹਿਤ ਦੇ ਚਿੰਤਕਾਂ ਸਿਰ ਲੰਮੇ ਸਮੇਂ ਦਾ ਇਕ ਉਲਾਂਭਾ ਹੈ ਕਿ ਉਹ ਹਾਲੇ ਤੱਕ ਪੰਜਾਬੀ ਸਾਹਿਤ ਦਾ ਸੁਹਜ-ਸ਼ਾਸਤਰ ਨਹੀਂ ਸਿਰਜ ਸਕੇ। ਆਸ ਬੱਝਦੀ ਹੈ ਕਿ ਉਪਰੋਕਤ ਚਿੰਤਕ ਆਪਣੀ ਕਰੜੀ ਸਾਧਨਾਂ ਤੇ ਘਾਲਣਾ ਨਾਲ ਉਪਰੋਕਤ ਉਲਾਂਭਾ ਵੀ ਲਾਹ ਦੇਣਗੇ ਤੇ ਉਹ ਦਿਨ ਦੂਰ ਨਹੀਂ ਕਿ ਪੰਜਾਬੀ ਸਾਹਿਤ ਦੇ ਚਿੰਤਨ ਦਾ ਸੁਹਜ-ਸ਼ਾਸਤਰ ਅਵੱਸ਼ ਸਿਰਜਿਆ ਜਾਵੇਗਾ ਤੇ ਮੈਂ ਅਜਿਹੀ ਆਸ ਕਰਦਾ ਹਾਂ ਕਿ ਸ਼ੀਘਰ ਹੀ ਸਿਰਜਿਆ ਜਾਵੇ। ▲▲

### ਅੱਜ ਦੀ ਕਵਿਤਾ

ਕਵਿਤਾ ਆਦਮੀ ਦੇ ਅੰਦਰੋਂ ਆਇਆ ਡੂੰਘਾ ਬੁਲਾਵਾ ਹੈ। ਇਸ ਵਿਚੋਂ ਹੀ ਪ੍ਰਾਰਥਨਾ, ਭਜਨ ਬੰਦਗੀ ਦੇ ਸ਼ਬਦ ਤੇ ਸਭ ਧਰਮਾਂ ਦੇ ਵਿਸ਼ੇ ਉਤਪੰਨ ਹੋਏ ਹਨ। ਕਵੀ ਨੇ ਕੁਦਰਤ ਦੇ ਵਰਤਾਰੇ ਨਾਲ ਟੱਕਰ ਲਈ ਤੇ ਮੁਢਲੀਆਂ ਸਦੀਆਂ ਵਿਚ ਆਪਣੇ ਪੇਸ਼ੇ ਦੇ ਬਚਾਅ ਲਈ ਆਪਣੇ ਆਪ ਨੂੰ ਇਕ ਪੁਜਾਰੀ ਆਖਿਆ। ਇਸੇ ਹੀ ਤਰ੍ਹਾਂ ਆਪਣੀ ਕਵਿਤਾ ਦੀ ਰਾਖੀ ਲਈ ਅਜੋਕੇ ਸਮੇਂ ਦਾ ਕਵੀ ਗਲੀ ਵਿਚ, ਲੋਕਾਂ ਵਲੋਂ ਦਿੱਤੀ ਅਪਾਰ ਬਖਸ਼ਿਸ਼ ਨੂੰ ਪ੍ਰਵਾਨ ਕਰਦਾ ਹੈ। ਅੱਜ ਦਾ ਸਮਾਜਿਕ ਕਵੀ ਹਾਲੀ ਵੀ ਮੁਢਲਿਆਂ ਸਮਿਆਂ ਦੇ ਪੁਜਾਰੀ ਪ੍ਰਬੰਧ ਦਾ ਇਕ ਅੰਗ ਹੈ। ਪੁਰਾਣੇ ਸਮਿਆਂ ਵਿਚ ਉਹ ਹਨੇਰੇ ਨਾਲ ਸਮਝੌਤਾ ਕਰਦਾ ਸੀ। ਹੁਣ ਉਸ ਨੂੰ ਰੋਸ਼ਨੀ ਦੀ ਵਿਆਖਿਆ ਕਰਨੀ ਚਾਹੀਦੀ ਹੈ।

*—ਪਾਬਲੋ ਨੇਰੂਦਾ*



*ਆਲੋਚਨਾ*

# ਦਲਿਤ ਪੰਜਾਬੀ ਕਹਾਣੀ : ਵਸਤੂ-ਸਥਿਤੀ ਅਤੇ ਸ਼ਿਲਪ

*—ਡਾ. ਸੁਖਵਿੰਦਰ ਸਿੰਘ ਰੰਧਾਵਾ*

ਮੂਲਧਾਰਾ ਦੇ ਸਾਹਿਤ ਦੇ ਸਮਾਨੰਤਰ ਦਲਿਤ ਸਾਹਿਤ ਦੀ ਆਪਣੀ ਨਿਵੇਕਲੀ ਪਛਾਣ/ਵੱਖਰਤਾ, ਸਰੂਪ, ਸਿਧਾਂਤ ਤੇ ਸਾਰਥਕਤਾ ਦਾ ਮੁੱਦਾ ਅਕਾਦਮਿਕ ਹਲਕਿਆਂ ਵਿਚ ਖ਼ੂਬ ਚਰਚਿਤ ਹੋਣ ਉਪਰੰਤ ਹੁਣ ਇਹ ਚਰਚਾ ਸਾਹਿਤ ਦੀਆਂ ਭਿੰਨ-ਭਿੰਨ ਵਿਧਾਵਾਂ ਦੇ ਪ੍ਰਸੰਗ ਵਿਚ ਵੀ ਹੋਣ ਲੱਗੀ ਹੈ। ਵੱਖ-ਵੱਖ ਭਾਸ਼ਾਵਾਂ ਦੇ ਵੱਖ-ਵੱਖ ਭੂਗੋਲਿਕ ਖੇਤਰਾਂ ਵਿਚ ਇਕ ਸ਼ਕਤੀਸ਼ਾਲੀ ਪ੍ਰਵਿਰਤੀ ਦੇ ਰੂਪ ਵਿਚ ਦਲਿਤ ਸਾਹਿਤ ਦੀ ਸਥਾਪਤੀ ਜਾਂ ਅਸਥਾਪਤੀ ਬਾਰੇ ਵਿਦਵਾਨਾਂ ਦੀਆਂ ਭਿੰਨ-ਭਿੰਨ ਰਾਵਾਂ ਹੋ ਸਕਦੀਆਂ ਹਨ ਕਿਉਂਕਿ ਕੋਈ ਵੀ ਲਹਿਰ ਹਰ ਸਮਾਜ ਤੇ ਹਰ ਭੂਗੋਲਿਕ ਖੇਤਰ ਵਿਚ ਕਦੇ ਵੀ ਇਕਸਾਰ ਤੇ ਇਕਸੁਰ ਰੂਪ ਵਿਚ ਬੱਝਵੇਂ ਪ੍ਰਭਾਵ ਵਾਲੀ ਨਹੀਂ ਹੋ ਸਕਦੀ ਪ੍ਰੰਤੂ ਪਿਛਲੇ ਦੋ-ਢਾਈ ਦਸ਼ਕਾਂ ਤੋਂ, ਪਹਿਲਾਂ ਮਹਾਂਰਾਸ਼ਟਰ, ਫਿਰ ਪੂਰੀ ਦੀ ਪੂਰੀ ਹਿੰਦੀ ਪੱਟੀ ਅਤੇ ਇਸ ਤੋਂ ਉਪਰੰਤ ਹੁਣ ਪੰਜਾਬੀ ਵਿਚ ਇਸ ਕਿਸਮ ਦੇ ਸਾਹਿਤ ਦੀ ਭਰਪੂਰ ਤੇ ਮਹੱਤਵਪੂਰਨ ਹੋਂਦ ਨੂੰ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਸੁਭਾਵਿਕ ਹੈ ਕਿ ਇਸ ਸਾਹਿਤ ਦੀ ਨਿਵੇਕਲੀ ਪ੍ਰਕਿਰਤੀ, ਪ੍ਰਯੋਜਨ, ਪ੍ਰਕਾਰਜ ਤੇ ਪ੍ਰਾਪਤੀ/ਅਪ੍ਰਾਪਤੀ ਨੂੰ ਜਿਥੇ ਇਕ ਪਾਸੇ ਇਸ ਲਹਿਰ ਦੇ ਵਿਚਾਰਧਾਰਾਈ ਸਿਧਾਂਤਕ ਪਰਿਪੇਖ ਦੇ ਸੰਦਰਭ ਵਿਚ ਦੇਖਣਾ ਪਵੇਗਾ, ਉਥੇ ਦੂਜੇ ਪਾਸੇ, ਇਸ ਨੂੰ ਯਥਾਰਥ ਦੀ ਉਸ ਪ੍ਰਾਪਤ ਇਤਿਹਾਸਕ ਸਥਿਤੀ ਦੇ ਪ੍ਰਸੰਗ ਵਿਚ ਸੂਤਰਬੱਧ ਕਰਨ ਦਾ ਮਸਲਾ ਇਕ ਅਹਿਮ ਚਿੰਤਨੀ ਸਰੋਕਾਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਸ ਵਿਚੋਂ ਇਕ ਵਿਸ਼ੇਸ਼ ਭਾਂਤ ਦਾ ਵਸਤੂ ਅਨੁਭਵ ਤੇ ਪਰਿਵੇਸ਼ ਆਪਣੇ ਕਲਾਤਮਿਕ ਨਿਕਾਸ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਦਾ ਦਿਸਦਾ ਹੈ। ਇਸ ਤਰ੍ਹਾਂ ਮੂਲਧਾਰਾ ਦੇ ਸਾਹਿਤ ਦੇ ਮੂਲ ਦਾਇਰੇ ਦੇ ਅੰਦਰ ਤੇ ਬਾਹਰ ਕਾਰਜਸ਼ੀਲ ਇਸ ਸਾਹਿਤ ਦੀ ਨਿਵੇਕਲੀ ਹੋਂਦ, ਪਛਾਣ ਨੂੰ ਇਸ ਸਿਰਜਣਾ ਨਾਲ ਜੁੜੀ ਮੂਲ ਭੂਤ ਵਸਤੂ-ਸਥਿਤੀ ਅਤੇ ਇਸ ਸਥਿਤੀ ਦੇ ਇਕ ਨਿਵੇਕਲੇ ਕਲਾਤਮਿਕ ਪ੍ਰਗਟਾ ਦੇ ਰੂਪ ਵਿਚ ਗ੍ਰਹਿਣ ਕਰਕੇ ਸਮਝਿਆ ਜਾ ਸਕਦਾ ਹੈ।

ਦਲਿਤ ਸਾਹਿਤ ਦੇ ਪ੍ਰਸੰਗ ਵਿਚ ਸਭ ਤੋਂ ਪਹਿਲਾਂ 'ਦਲਿਤ' ਤੇ 'ਦਲਿਤ ਚੇਤਨਾ' ਦੀ ਪਰਿਭਾਸ਼ਾ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਆਮ ਤੌਰ ਤੇ 'ਦਲਿਤ' ਦਾ ਕੋਸ਼ਗਤ ਅਰਥ ਦਲਿਆ ਹੋਇਆ, ਕੁਚਲਿਆ ਹੋਇਆ, ਸ਼ੋਸ਼ਿਤ, ਵੰਚਿਤ, ਪਿਛੜਿਆ ਹੋਇਆ ਆਦਿ ਦੇ ਰੂਪ ਵਿਚ ਲਿਆ ਜਾਂਦਾ ਹੈ। ਪ੍ਰੰਤੂ ਦਲਿਤ ਸਿਧਾਂਤਕਾਰ ਇਸ ਨੂੰ ਵਰਣ-ਵੰਡ ਅਨੁਸਾਰ ਸ਼ੂਦਰ ਜਾਂ ਨੀਵੀਂ ਜਾਤੀ ਦੇ ਵਿਅਕਤੀ ਦੇ ਰੂਪ ਵਿਚ ਲੈਂਦੇ ਹਨ ਪ੍ਰੰਤੂ ਕਾਫੀ ਝਿਜਕ ਤੇ ਹਿਚਕਿਚਾਹਟ ਤੋਂ ਬਾਅਦ ਇਹ ਗੱਲ ਸਵੀਕਾਰੀ ਜਾਣ ਲੱਗੀ ਹੈ ਕਿ 'ਦਲਿਤ' ਸ਼ਬਦ ਦੀ ਵਿਆਖਿਆ ਕੇਵਲ ਅਛੂਤ ਜਾਤੀ ਦਾ ਉਲੇਖ ਕਰਨ ਨਾਲ ਨਹੀਂ ਹੋਵੇਗੀ। ਇਸ ਵਿਚ ਆਰਥਿਕ ਦ੍ਰਿਸ਼ਟੀ ਤੋਂ ਪੱਛੜੇ ਲੋਕਾਂ ਦਾ ਸਮਾਵੇਸ਼ ਵੀ ਕਰਨਾ ਹੋਵੇਗਾ।[1]

ਦਲਿਤ ਚੇਤਨਾ ਸਿਧਾਂਤਕ ਰੂਪ ਵਿਚ ਡਾ. ਬੀ.ਆਰ. ਅੰਬੇਦਕਰ ਦੇ ਵਿਚਾਰਾਂ ਤੋਂ ਹੀ ਪ੍ਰੇਰਿਤ ਤੇ ਉਤੇਜਿਤ ਹੈ ਭਾਵੇਂ ਇਸ ਵਿਚ ਮਾਰਕਸਵਾਦ ਦੀ ਵਰਗ-ਚੇਤਨਾ ਨਾਲ ਜੁੜੀ ਸੰਘਰਸ਼-ਚੇਤਨਾ ਵੀ ਇਕ ਮਹੱਤਵਪੂਰਨ ਪ੍ਰੇਰਕ ਦੇ ਰੂਪ ਵਿਚ ਸਮਾਈ ਹੋਈ ਹੈ। ਡਾ. ਅੰਬੇਦਕਰ ਨੇ ਇਹ ਗੱਲ ਜ਼ੋਰਦਾਰ ਰੂਪ ਵਿਚ ਕਹੀ ਕਿ ਦਲਿਤਾਂ ਦੀ ਪ੍ਰਤਿਸ਼ਠਾ ਸਨਮਾਨ ਦੀ ਲੜਾਈ ਲੜਨਾ ਭਾਰਤੀ ਪ੍ਰਸਥਿਤੀਆਂ ਵਿਚ ਜ਼ਰੂਰੀ ਹੈ। ਉਨ੍ਹਾਂ ਦਾ ਇਹ ਮੱਤ ਸੀ ਕਿ ਕੇਵਲ ਆਰਥਿਕ ਲੜਾਈ ਦਲਿਤਾਂ ਦੇ ਸਮਾਜਿਕ ਸਤਰ ਉੱਤੇ ਕੋਈ ਬਹੁਤਾ ਪ੍ਰਭਾਵ ਪਾਉਣ ਵਾਲੀ ਨਹੀਂ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਰਾਜਨੀਤਕ ਜਾਂ

ਆਰਥਿਕ ਸਵਤੰਤਰਤਾ ਦੀ ਬਨਿਸਬਤ ਸਮਾਜਿਕ ਕ੍ਰਾਂਤੀ ਨੂੰ ਸਰਬੋਤਮ ਪਹਿਲ ਤੇ ਮਹੱਤਵ ਦਿੱਤਾ। ਸਮਾਜਿਕ ਕ੍ਰਾਂਤੀ ਨੂੰ ਪ੍ਰਾਥਮਿਕਤਾ ਦੇਣ ਵਾਲਾ ਇਹ ਵਿਚਾਰਧਾਰਾਈ ਸੂਤਰ ਹੀ ਡਾ. ਅੰਬੇਦਕਰ ਦੇ ਵਿਚਾਰਾਂ ਨੂੰ ਆਜ਼ਾਦੀ ਦੀ ਲਹਿਰ ਦੀ ਮੂਲ ਵਿਚਾਰਧਾਰਕ ਸਥਿਤੀ, ਮਹਾਤਮਾ ਗਾਂਧੀ ਦੇ ਛੂਤ ਉੱਧਾਰ ਪ੍ਰੋਗਰਾਮ, ਆਰਥਿਕਤਾ ਨੂੰ ਮੰਨਕੇ ਕਿਰਿਆਸ਼ੀਲ ਹੋਣ ਲਈ ਮਾਰਕਸਵਾਦੀ ਵਰਗ-ਸੰਘਰਸ਼ ਚੇਤਨਾ ਜਾਂ ਸਮਕਾਲ ਵਿਚ ਉਭਰ ਰਹੀਆਂ ਹੋਰ ਵਿਚਾਰਧਾਰਕ ਸਥਿਤੀਆਂ ਨਾਲੋਂ ਇਕਦਮ ਵੱਖਰਾ ਤੇ ਭਿੰਨ ਕਰ ਦਿੰਦੀ ਹੈ। ਡਾ. ਅੰਬੇਦਕਰ ਦੀ ਵਿਚਾਰਧਾਰਾ ਜਾਤ ਪਾਤੀ ਪ੍ਰਬੰਧ ਵਿਚ ਗੁਣਮੂਲਕ ਸੀਮਤ ਤਬਦੀਲੀ ਲਿਆਉਣ ਦੀ ਥਾਂ ਇਸ ਵਿਵਸਥਾ ਨੂੰ ਮੂਲੋਂ ਰੱਦ ਕਰਕੇ ਜਾਤ ਪਾਤ ਦੇ ਮੁਕੰਮਲ ਖ਼ਾਤਮੇ ਦਾ ਇਕ ਸਪੱਸ਼ਟ ਆਦਰਸ਼ ਤੇ ਉਦੇਸ਼ ਮਿਥਦੀ ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿਚ ਦਲਿਤ ਚਿੰਤਕਾਂ ਨੇ ਦਲਿਤ-ਚੇਤਨਾ ਦੇ ਜਿਸ ਸਿਧਾਂਤਕ ਸਰੂਪ ਦੀ ਸੰਕਲਪਣਾ ਕੀਤੀ, ਉਹ ਵਰਣ-ਵਿਵਸਥਾ ਦੇ ਆਧਾਰ 'ਤੇ ਕੁਝ ਲੋਕਾਂ ਉੱਤੇ ਸਦੀਆਂ ਤੋਂ ਠੋਸੀ ਹੋਈ ਗੁਲਾਮੀ ਵਿਰੁੱਧ ਸਵਤੰਤਰਤਾ ਦੀ ਅਕਾਂਖਿਆ ਨਾਲ ਵਿਦਰੋਹ ਕਰ ਉੱਠਣ ਵਾਲੀ ਚੇਤਨਾ ਵਾਲਾ ਹੈ। ਇਸ ਦੀ ਪ੍ਰੇਰਨਾ ਦਾ ਮੁਖ ਸੋਮਾ ਜਾਤੀ ਗੌਰਵ ਦੀ ਥਾਂ 'ਜਾਤੀ ਅੰਤ' ਵਾਲਾ ਅੰਬੇਦਕਰੀ ਵਿਚਾਰ ਹੈ। ਭਾਵੇਂ ਕਿ ਦਲਿਤ ਲਹਿਰ ਪ੍ਰਤਿ ਕੱਟੜਤਾ ਪੂਰਨ ਸ਼ਰਧਾਮੂਲਕ ਰਵੱਈਏ ਕਾਰਨ ਕਦੇ-ਕਦੇ ਇਸ ਚੇਤਨਾ ਦਾ ਅਜਿਹਾ ਵਿਗੜ-ਰੂਪ ਵੀ ਸਾਹਮਣੇ ਆਉਂਦਾ ਹੈ ਜੋ ਅੰਤਮ ਰੂਪ ਵਿਚ ਜਾਤੀਵਾਦ ਜਾਂ ਦਲਿਤਵਾਦ ਵਰਗੇ ਨਾਂਹਮੁਖੀ ਵਰਤਾਰੇ ਦਾ ਪ੍ਰਤੀਕ ਬਣ ਜਾਂਦਾ ਹੈ।

ਦਲਿਤ ਸਾਹਿਤ ਦੀ ਉਕਤ ਸਿਧਾਂਤਕ ਪ੍ਰਿਸ਼ਠਭੂਮੀ ਵਿਚ ਸਾਹਿਤ ਵਿਚ ਪੇਸ਼ ਕਰਨ ਹਿਤ ਇਕ ਵਿਸ਼ੇਸ਼ ਪ੍ਰਕਾਰ ਦੇ ਦਲਿਤ ਵਸਤੂ-ਅਨੁਭਵ ਦੀ ਇਕ ਲੇਖਕ ਕੋਲ ਤਵੱਕੋ ਕੀਤੀ ਜਾਂਦੀ ਹੈ। ਇਸ ਅਨੁਭਵ ਦੀਆਂ ਮੁਖ ਖਾਸੀਅਤਾਂ ਇਹ ਨਿਰਧਾਰਿਤ ਕੀਤੀਆਂ ਗਈਆਂ ਹਨ—

ੳ) ਆਤਮ ਸਨਮਾਨ ਦੀ ਅਨੁਭੂਤੀ ਵਿਚ ਆਤਮਸ਼ੋਧ ਕਰਨਾ।

ਅ) ਆਤਮ ਸਨਮਾਨ ਦੇ ਵਿਰੋਧ ਵਿਚ ਆਉਣ ਵਾਲੀਆਂ ਪ੍ਰੰਪਰਾਵਾਂ ਅਤੇ ਧਰਮ ਨੂੰ ਨਕਾਰਨਾ।

ੲ) ਧਰਮ ਅਤੇ ਪ੍ਰੰਪਰਾ ਦੀ ਜ਼ਬਰਦਸਤੀ ਦੇ ਖ਼ਿਲਾਫ਼ ਵਿਦਰੋਹ ਕਰਨਾ।

ਸ) ਸਵਤੰਤਰਤਾ ਅਥਵਾ ਜਨਤੰਤਰ ਮੋਹਕ ਨਾਵਾਂ ਦੇ ਬਹਾਨੇ ਦੰਭ ਨਜ਼ਰ ਆਏ ਤਾਂ ਉਸ ਦੇ ਵਿਰੁੱਧ ਵੀ ਬਗਾਵਤ ਕਰਨਾ।

ਹ) ਮਨੁੱਖ ਨਾਲ ਮਨੁੱਖ ਤੌਰ 'ਤੇ ਵਰਤਾਵ ਨਾ ਕੀਤੇ ਜਾਣ ਦੀ ਵੇਦਨਾ ਦੀ ਅਭਿਵਿਅਕਤੀ ਕਰਨਾ।

ਕ) ਮਨੁੱਖ ਨਾਲ ਮਨੁੱਖ ਦੇ ਤੌਰ 'ਤੇ ਵਰਤਾਵ ਕਰਨਾ, ਆਦਰਨੀਯ ਹੋਣਾ।

ਖ) ਡਾ. ਅੰਬੇਦਕਰ ਅਤੇ ਮਹਾਤਮਾ ਫੂਲੇ ਪ੍ਰਤਿ ਅਸੀਮ ਕਿਰੱਤਗਤਾ ਦੀ ਭਾਵਨਾ ਦਾ ਪ੍ਰਸਫੁਟਨ।[2]

ਅਜਿਹਾ ਵਿਸ਼ੇਸ਼ੀਕ੍ਰਿਤ ਅਨੁਭਵ ਤੇ ਦ੍ਰਿਸ਼ਟੀ ਹੀ ਦਲਿਤ ਸਾਹਿਤ ਦੀ ਵਿਸ਼ੇਸ਼ ਪਛਾਣ ਨਹੀਂ ਬਣਦੇ ਸਗੋਂ ਇਹ ਜਿਸ ਸ਼ਿਲਪ ਵਿਚ ਢਲਦੇ ਇਕ ਸਮਰੱਥ ਕਲਾ-ਇਕਾਈ ਦਾ ਰੂਪ ਧਾਰਨ ਕਰਦੇ ਹਨ, ਇਹ ਸ਼ਿਲਪ ਯੋਗਤਾ ਵੀ ਇਕ ਆਪਣੀ ਹੀ ਤਰ੍ਹਾਂ ਦੀ ਕਲਾਤਮਿਕ ਵੱਖਰਤਾ ਸਥਾਪਿਤ ਕਰਦੀ ਹੈ। ਪੰਜਾਬੀ ਵਿਚ ਅਜਿਹੇ ਵਿਲੱਖਣ ਅਨੁਭਵ, ਦ੍ਰਿਸ਼ਟੀ ਤੇ ਕਲਾ ਜੁਗਤਾਂ ਨਾਲ ਓਤਪੋਤ ਕਥਾ-ਸਿਰਜਣਾ ਦੀ ਹੋਂਦ ਹੁਣ ਤੀਬਰਤਾ ਨਾਲ ਮਹਿਸੂਸ ਕੀਤੀ ਜਾਣ ਲੱਗੀ ਹੈ ਭਾਵੇਂ ਕਿ ਸਾਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਪੰਜਾਬ ਦੇ ਸਿਆਸੀ-ਸਮਾਜੀ ਪ੍ਰਸੰਗ ਵਿਚ ਦਲਿਤ ਲਹਿਰ ਦੇ ਆਏ



ਉਭਾਰ ਦੇ ਸਮਵਿਥ ਸਾਹਿਤਕ ਖੇਤਰ ਵਿਚ ਅਜਿਹੀ ਹਲਚਲ ਭਰਪੂਰ ਪ੍ਰਵਿਰਤੀ ਦਾ ਉਭਰਨਾ ਹਾਲਾਂ ਬਾਕੀ ਹੈ। ਸੋ, ਦਲਿਤ ਪੰਜਾਬੀ ਕਹਾਣੀ ਦੀ ਨਿਵੇਕਲੀ ਵਸਤੂ -ਸਥਿਤੀ ਤੇ ਸ਼ਿਲਪ ਦੀ ਪਛਾਣ-ਨਿਰਧਾਰਣ ਦਾ ਮਸਲਾ ਮੂਲ ਰੂਪ ਵਿਚ ਦਲਿਤ ਸਾਹਿਤ ਦੀ ਭਿੰਨ ਪਛਾਣ ਤੇ ਸਰੂਪ ਦੇ ਮੁੱਦੇ ਵੱਲ ਹੀ ਸੰਕੇਤ ਕਰਦਾ ਹੈ ਜੋ ਵਸਤੂ-ਅਨੁਭਵ ਅਤੇ ਅਭਿਵਿਅਕਤੀ-ਸੁਭਾਅ ਕਾਰਨ ਮੂਲ ਧਾਰਾ ਦੇ ਸਾਹਿਤ ਨਾਲੋਂ ਅਵੱਸ਼ ਹੀ ਵੱਖਰਾ ਹੈ।

ਪੰਜਾਬੀ ਵਿਚ ਦਲਿਤ-ਚੇਤਨਾ ਨਾਲ ਭਰਪੂਰ ਜਿਸ ਪ੍ਰਕਾਰ ਦੀ ਕਹਾਣੀ ਦੀ ਹੋਂਦ ਹੁਣ ਮਹਿਸੂਸ ਕੀਤੀ ਜਾ ਰਹੀ ਹੈ, ਇਹ ਪ੍ਰਵਿਰਤੀ ਵਸਤੂਗਤ ਰੂਪ ਵਿਚ ਪੂਰਬਲੀ ਕਥਾ-ਪ੍ਰੰਪਰਾ ਨਾਲੋਂ ਬਿਲਕੁਲ ਕੱਟੀ ਹੋਈ ਨਹੀਂ ਸਗੋਂ ਇਸ ਦੀਆਂ ਬੀਜ ਰੂਪੀ ਜੜ੍ਹਾਂ ਨੂੰ ਪ੍ਰਗਤੀਵਾਦੀ ਧਾਰਾ ਦੇ ਅੰਤਰਗਤ ਲਿਖੀ ਗਈ ਕਹਾਣੀ ਵਿਚੋਂ ਸਹਿਜੇ ਹੀ ਤਲਾਸ਼ਿਆ ਜਾ ਸਕਦਾ ਹੈ। ਸਾਡੇ ਮੱਤ ਅਨੁਸਾਰ ਸਾਹਿਤ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਹ ਕਥਾ ਪ੍ਰਵਿਰਤੀ ਪੂਰਬਲੀ ਕਥਾ-ਪ੍ਰੰਪਰਾ ਤੋਂ ਭਿੰਨ ਹੁੰਦੀ ਹੋਈ ਵੀ ਉਸ ਨਾਲ ਜੁੜੀ ਹੋਈ ਹੈ। ਪ੍ਰੰਪਰਾ ਨਾਲ ਅਜਿਹਾ ਜੋੜ ਮੇਲ ਦਲਿਤ ਸਾਹਿਤ ਦੇ ਮੂਲ ਕੇਂਦਰ ਮਹਾਂਰਾਸ਼ਟਰ ਜਾਂ ਹਿੰਦੀ ਵਿਚ ਵੀ ਦੇਖਿਆ ਜਾ ਸਕਦਾ ਹੈ। ਹਿੰਦੀ ਵਿਚ ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਅਤੇ ਪੰਜਾਬੀ ਵਿਚ ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ ਤੇ ਗੁਰਦਿਆਲ ਸਿੰਘ ਆਦਿ ਦੀਆਂ ਕਹਾਣੀਆਂ ਦਾ ਉਸਾਰ ਇਕ ਵਿਸ਼ੇਸ਼ ਪ੍ਰਕਾਰ ਦੇ ਵਸਤੂ-ਧਰਾਤਲ ਉੱਤੇ ਉਸਰਦਾ ਹੈ। ਜਿਸ ਨੂੰ ਸਮਕਾਲੀਨ ਯੁੱਗ-ਚੇਤਨਾ ਦੇ ਸੰਦਰਭ ਵਿਚ ਸਮਝ ਕੇ, ਇਸ ਵਿਚਲੇ ਦਲਿਤ ਪੱਖੀ ਮੁਹਾਵਰੇ ਨੂੰ ਪਛਾਣ ਕੇ, ਇਸ ਰਚਨਾ ਦੇ ਸਾਹਿਤਕ ਤੇ ਮਾਨਵੀ ਮੁੱਲ ਨੂੰ ਆਂਕਣਾ ਚਾਹੀਦਾ ਹੈ। ਅਜਿਹੀਆਂ ਕਹਾਣੀਆਂ ਨੂੰ ਅਜੋਕੀ ਦਲਿਤ-ਚੇਤਨਾ ਦੀਆਂ ਸੁਹਜ ਸ਼ਾਸਤਰੀ ਧਾਰਨਾਵਾਂ ਤੇ ਮਾਪਦੰਡਾਂ ਦੇ ਆਧਾਰ 'ਤੇ ਮੁਲਾਂਕਿਤ ਕਰਨਾ ਬਿਲਕੁਲ ਗੈਰ ਵਾਜਿਬ ਗੱਲ ਹੋਵੇਗੀ। ਇਸ ਤਰ੍ਹਾਂ ਸਾਹਿਤ ਇਤਿਹਾਸ ਦੀ ਦ੍ਰਿਸ਼ਟੀ ਤੋਂ ਭਿੰਨ ਭਿੰਨ ਕਥਾ ਪ੍ਰਵਿਰਤੀਆਂ ਦੇ ਪ੍ਰਸਪਰ ਦਵੰਦਾਤਮਿਕ ਸੰਬੰਧਾਂ ਦੇ ਸੂਤਰਾਂ ਨੂੰ ਵੀ ਤਲਾਸ਼ਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਲਿਖੀਆਂ ਗਈਆਂ ਕੁਝ ਇਕ ਕਹਾਣੀਆਂ ਦਾ ਉਲੇਖ ਕੀਤਾ ਜਾ ਸਕਦਾ ਹੈ ਜਿਵੇਂ ਬਾਗਾਂ ਦਾ ਰਾਖਾ, ਪ੍ਰਾਹੁਣਾ (ਸੁਜਾਨ ਸਿੰਘ), ਸਾਬਣ ਦੀ ਚਿੱਪਰ, ਤੂੜੀ ਦੀ ਪੰਡ, ਸਾਂਝ (ਕੁਲਵੰਤ ਸਿੰਘ ਵਿਰਕ), ਕੰਮ ਕਿ ਚੰਮ (ਸੰਤ ਸਿੰਘ ਸੇਖੋਂ), ਕੋਈ ਇਕ ਸਵਾਰ (ਸੰਤੋਖ ਸਿੰਘ ਧੀਰ), ਚਾਰੇ ਦੀ ਪੰਡ, ਗਧੀਵਾਲਾ (ਗੁਰਦਿਆਲ ਸਿੰਘ), ਹੁੰਗਾਰਾ (ਦਲੀਪ ਕੌਰ ਟਿਵਾਣਾ) ਆਦਿ। ਇਨ੍ਹਾਂ ਕਥਾਵਾਂ ਦੇ ਪ੍ਰਸੰਗ ਵਿਚ ਇਕ ਖਾਸ ਧਿਆਨਯੋਗ ਤੱਥ ਇਹ ਹੈ ਕਿ ਇਥੇ ਦਲਿਤ ਜੀਵਨ ਨੂੰ ਜਾਤ ਦੀ ਬਜਾਇ ਜਮਾਤੀ ਦ੍ਰਿਸ਼ਟੀ ਤੋਂ ਹੀ ਮੁੱਖ ਤੌਰ 'ਤੇ ਦੇਖਿਆ ਗਿਆ ਹੈ ਪਰ ਇਸ ਦੇ ਨਾਲ ਹੀ ਨਿਮਨ ਜਾਤੀਆਂ ਦੇ ਆਰਥਿਕ ਪਛੜੇਵੇਂ ਦੇ ਯਥਾਯੋਗ ਪ੍ਰਸੰਗਕ ਵੇਰਵਿਆਂ ਨਾਲ ਜੋੜ ਕੇ ਕਿਤੇ ਕਿਤੇ ਜਾਤੀ ਵਿਵਸਥਾ ਪ੍ਰਤਿ ਇਕ ਖਾਸ ਤਰ੍ਹਾਂ ਦੀ ਘਿਰਣਾ, ਨਫ਼ਰਤ, ਰੋਹ ਤੇ ਅਕ੍ਰੋਸ਼ ਦੀ ਭਾਵਨਾ ਪੈਦਾ ਕੀਤੀ ਮਿਲਦੀ ਹੈ ਅਤੇ ਇਹ ਭਾਵਨਾ ਕਿਤੇ ਉਗਰ ਤੇ ਕਿਤੇ ਸੰਕੇਤਕ ਰੂਪ ਵਿਚ ਵਿਦਰੋਹੀ ਸੁਰ ਵਿਚ ਵੀ ਪਰਿਵਰਤਿਤ ਹੋ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਬਹੁਤ ਵਾਰ ਇਹ ਵਿਦਰੋਹੀ ਚੇਤਨਾ ਵਸਤੂ-ਸਥਿਤੀ ਦੀ ਸਤਹੀ ਸਮਝ ਵਿਚੋਂ ਉਪਜੀ ਹੋਣ ਕਾਰਨ ਨਾ ਤਾਂ ਇਹ ਯਥਾਰਥ ਦੀ ਜਮੂਦਪੂਰਨ ਸਥਿਤੀ ਨੂੰ ਤੋੜਨ ਵਿਚ ਬਹੁਤੀ ਕਾਰਗਰ ਸਿੱਧ ਹੁੰਦੀ ਹੈ ਅਤੇ ਨਾ ਹੀ ਸ਼ਿਲਪੀ ਮੁਹਾਵਰੇ ਦੇ ਪੱਖ ਤੋਂ ਇਹ ਬਹੁਤੀ ਪ੍ਰਭਾਵੀ ਸਿੱਧ ਹੁੰਦੀ ਹੈ। ਇਸ ਸੰਦਰਭ ਵਿਚ 'ਬਾਗਾਂ ਦਾ ਰਾਖਾ' ਕਹਾਣੀ ਦੀ ਉਦਾਹਰਣ ਬਹੁਤ ਪ੍ਰਸੰਗਕ ਪ੍ਰਤੀਤ ਹੁੰਦੀ ਹੈ।

ਨਿੱਕੀ ਕਹਾਣੀ ਦੇ ਤਕਾਜ਼ਿਆਂ ਨੂੰ ਪੂਰਦੀ ਸੁਜਾਨ ਸਿੰਘ ਦੀ ਕਹਾਣੀ 'ਬਾਗਾਂ ਦਾ ਰਾਖਾ' ਵਿਚ

ਦਲਿਤ ਜੀਵਨ ਵਿਚਲੇ ਤ੍ਰਿਸਕਾਰ ਭਰਪੂਰ, ਘੋਰ ਅਮਾਨਵੀ, ਨੀਚ ਤੇ ਸ਼ੋਸ਼ਕੀ ਵਤੀਰੇ ਨਾਲ ਜੁੜੇ ਦੁਖਾਂਤ-ਵੇਰਵੇ ਭਰਪੂਰ ਰੂਪ ਵਿੱਚ ਪੰਜਾਬੀ ਕਥਾ-ਸਿਰਜਣਾ ਦਾ ਮਹੱਤਵਪੂਰਨ ਅੰਗ ਬਣਦੇ ਹਨ। ਜਾਤ ਤੇ ਜਮਾਤ ਦੀ ਸਮਾਜਿਕ ਦਰਜਾਬੰਦੀ ਦੇ ਪੱਖ ਤੋਂ ਇਸ ਕਹਾਣੀ ਦਾ ਨਾਇਕ ਬਾਰੂ ਪੌੜੀ ਦੇ ਸਭ ਤੋਂ ਨਿਚਲੇ ਡੰਡੇ ਉੱਤੇ ਖੜੋਤਾ ਹੈ। ਕੁਲੀਨ ਜਾਤ ਦੀ ਆਰਥਿਕ ਦ੍ਰਿਸ਼ਟੀ ਤੋਂ ਉਚ ਦਰਜਾ ਪ੍ਰਾਪਤ ਧਿਰ ਸੇਠ ਲਾਲੂ ਸ਼ਾਹ ਨੇ ਤਾਂ ਉਸ ਪ੍ਰਤਿ ਸ਼ੋਸ਼ਕੀ ਤੇ ਅਣਮਨੁੱਖੀ ਵਤੀਰਾ ਰੱਖਣਾ ਹੀ ਹੋਇਆ, ਪਰ ਸਮਾਜ ਵਿਚ 'ਕਲਰਕਾਂ ਦੇ ਟੋਲੇ' ਦੇ ਰੂਪ ਵਿਚ ਉਭਰੀ ਨਵੀਂ ਮੱਧਵਰਗੀ ਜਮਾਤ ਵੀ ਉਸ ਦੀ ਦਰਦ ਭਰੀ ਵੇਦਨਾ ਤੋਂ ਕੋਹਾਂ ਦੂਰ ਖਲੋਤੀ ਹੈ। ਬਾਰੂ ਦੀ ਇਹ ਵੇਦਨਾ ਜਿਉਂਦੇ ਜੀਅ ਉਸ ਵਲੋਂ ਭੋਗੇ ਕਰੂਰ ਯਥਾਰਥ ਵਿਚੋਂ ਵੀ ਉਜਾਗਰ ਹੁੰਦੀ ਹੈ। ਪਰ ਇਸ ਦਾ ਅਤਿ ਮਾਰਮਿਕ ਸਰੂਪ ਭੁੱਖ ਨਾਲ ਹੋਈ ਬਾਰੂ ਦੀ ਮੌਤ ਹੈ। ਬਾਰੂ ਦੇ ਪਰਿਵਾਰ ਦਾ ਆਤਮ ਸਨਮਾਨ ਜਾਂ ਮਨੁੱਖ ਹੋਣ ਦਾ ਅਹਿਸਾਸ ਏਨਾ ਖੀਣ ਹੋ ਚੁੱਕਾ ਹੈ ਕਿ ਸਾਡੇ ਸੱਭਿਆਚਾਰ ਵਿਚਲੀ ਅਪਸ਼ਬਦੀ ਘਿਰਣਿਤ ਇਕਾਈ 'ਗਾਲ੍ਹ' ਨੂੰ ਵੀ ਇਹ ਪਰਿਵਾਰ ਬਹੁਤ ਸਹਿਜ ਰੂਪ ਵਿਚ ਲੈਣ ਲਈ ਮਜਬੂਰ ਹੈ—

"ਤੇ ਤੇਰੀ ਕਿਹੜੀ ਗਾਲ੍ਹਾਂ ਨਾਲ ਲੱਤ ਭੱਜ ਗਈ ਸੀ ? ਤੂੰ ਕਿਹੜੀ ਗੱਲੋਂ ਉਸ ਦੀਆਂ ਗਾਲ੍ਹਾਂ ਟੋਕਣੀਆਂ ਸਨ ? ਕੱਢੀ ਜਾਣ ਦੇਨੋਂ।"

"ਬੇਬੇ, ਉਹ ਗਾਲ੍ਹਾਂ ਤੈਨੂੰ ਕੱਢਦਾ ਸੀ।"

"ਤੇ ਫੇਰ ਕੀ ਹੋਇਆ ਜੇ ਮੈਨੂੰ ਗਾਲ੍ਹ ਕੱਢੀ ਸੀ ਤੇ ? ਮੈਨੂੰ ਕਿਤੇ ਲੱਗ ਗਈ ਏ ?"[3]

ਇਸ ਕਹਾਣੀ ਵਿਚ ਆਰੀਆ ਸਭਿਅਤਾ ਤੋਂ ਲੈ ਕੇ ਹੁਣ ਤੱਕ ਨਿਮਨ ਜਾਤੀਆਂ ਨਾਲ ਹੋਏ ਧੋਖੇ-ਫਰੇਬ ਅਤੇ ਇਸ ਸੰਦਰਭ ਵਿਚ ਇਤਿਹਾਸ, ਮਿਥਿਹਾਸ, ਧਰਮ ਤੇ ਰਾਜਨੀਤੀ ਦੀ ਭੂਮਿਕਾ ਨੂੰ ਬਹੁਤ ਕਟਾਖਸ਼ੀ ਅੰਦਾਜ਼ ਵਿਚ ਇਕ ਲੰਮੇ ਵਸਤੂ-ਵੇਰਵੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਵਸਤੂ-ਵੇਰਵਾ ਜਾਤਪਾਤੀ ਪ੍ਰਬੰਧ ਪ੍ਰਤਿ ਤੀਬਰ ਰੋਹ-ਵਿਦਰੋਹ, ਨਫ਼ਰਤ, ਗੁੱਸਾ, ਘਿਰਣਾ ਆਦਿ ਭਾਵਾਂ ਨਾਲ ਭਰਪੂਰ ਹੈ ਪ੍ਰੰਤੂ ਜਿਸ ਪ੍ਰਕਾਰ ਬਿਰਤਾਂਤ ਨੂੰ ਰੋਕ ਕੇ, ਕਥਾ-ਵਕਤਾ ਦੀ ਹੋਂਦ ਵਿਚ ਅਭੇਦ ਹੋਏ ਕਥਾਕਾਰ ਰਾਹੀਂ ਇਹ ਵੇਰਵਾ ਭਾਸ਼ਣ ਸਰੂਪ ਵਿਚ ਸਾਹਮਣੇ ਆਉਂਦਾ ਹੈ, ਇਹ ਆਧੁਨਿਕ ਬਿਰਤਾਂਤ ਸ਼ਾਸਤਰੀ ਸੂਹਜ ਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਕਥਾ ਨੂੰ ਕਮਜ਼ੋਰ ਕਰ ਦਿੰਦਾ ਹੈ। ਇਸ ਕਰਕੇ ਕਿਰਤ ਦਾ ਅੰਤਮ ਪ੍ਰਭਾਵ ਵਿਦਰੋਹ-ਧੁਨੀ ਨੂੰ ਉਭਾਰਨ ਦੀ ਥਾਂ ਬਾਰੂ ਤੇ ਉਸ ਦੇ ਪਰਿਵਾਰ ਪ੍ਰਤਿ ਤਰਸ, ਕਰੁਣਾ, ਰਹਿਮ, ਦਇਆ, ਹਮਦਰਦੀ/ਸਹਾਨਭੂਤੀ ਆਦਿ ਭਾਵਾਂ ਨੂੰ ਉਪਜਾਉਣ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ।

'ਬਾਗਾਂ ਦਾ ਰਾਖਾ' ਕਥਾ ਵਿਚ ਪ੍ਰਗਟ ਹੁੰਦੀ ਦਲਿਤ ਮਨੁੱਖ ਦੀ ਵੇਦਨਾ ਸੰਵੇਦਨਾ ਵਸਤੂ, ਸ਼ਿਲਪ ਤੇ ਦ੍ਰਿਸ਼ਟੀ ਦੇ ਪੱਖ ਤੋਂ 'ਚਾਰੇ ਦੀ ਪੰਡ'[4] (ਗੁਰਦਿਆਲ ਸਿੰਘ) ਵਿਚ ਵਧੇਰੇ ਵਿਕਸਿਤ, ਪਰੌੜ੍ਹ ਤੇ ਠੋਸ ਆਕਾਰ ਗ੍ਰਹਿਣ ਕਰਦੀ ਹੈ ਕਿਉਂਕਿ ਗੁਰਦਿਆਲ ਸਿੰਘ ਦੀ ਯਥਾਰਥਵਾਦੀ ਦ੍ਰਿਸ਼ਟੀ ਪ੍ਰਗਤੀਵਾਦ ਨਾਲ ਜੁੜੇ ਮਕਾਨਕੀ ਸਿਰਜਨਾਤਮਕ ਮਾਡਲ ਤੋਂ ਪ੍ਰੇਰਿਤ ਹੋਣ ਦੀ ਥਾਂ ਵਸਤੂ-ਸਥਿਤੀ ਅੰਦਰਲੇ ਵਿਰੋਧਾਂ, ਤਣਾਵਾਂ, ਦਬਾਵਾਂ, ਵਿਸ਼ੇਸ਼ਤਾਵਾਂ ਤੇ ਕਰੂਰਤਾਵਾਂ ਉੱਤੇ ਵੱਧ ਆਸ਼ਰਿਤ ਹੈ। ਕਥਾਕਾਰ ਨੇ ਚੰਦੇ ਦੇ ਪਰਿਵਾਰ ਦੀ ਹੀਣੀ ਜਾਤੀ ਸਥਿਤੀ ਦੇ ਨਾਲ-ਨਾਲ ਜਮਾਤੀ ਦ੍ਰਿਸ਼ਟੀ ਤੋਂ ਇਸ ਦੇ ਬਹੁਪੱਖੀ ਸ਼ੋਸ਼ਣ ਨੂੰ ਵਿਸ਼ੇਸ਼ ਰੂਪ ਵਿਚ ਫੋਕਸ ਢੱਹ ਕਰਦਿਆਂ ਸ਼ੋਸ਼ਿਤ ਧਿਰ ਦੇ ਪ੍ਰਤਿਕਰਮਾਂ ਨੂੰ ਬਹੁਤ ਡੂੰਘੇ ਪ੍ਰਤੀਕਾਂ ਤੇ ਸੰਕੇਤਾਂ ਨਾਲ ਗਲਪਬੱਧ ਕੀਤਾ ਹੈ। ਸ਼ੋਸ਼ਿਤ ਧਿਰ ਦੇ ਇਹ ਪ੍ਰਤਿਕਰਮ ਯਥਾਰਥ ਦੀ ਪ੍ਰਾਪਤ ਇਤਿਹਾਸਿਕ ਸਥਿਤੀ ਦੇ ਐਨ ਸੁਭਾਵਿਕ ਪਰਿਣਾਮ ਸਰੂਪ ਸਾਹਮਣੇ ਆਉਂਦੇ ਹਨ। ਯਥਾਰਥ ਨੂੰ ਇੰਜ ਡੂੰਘੇ ਪ੍ਰਤੀਕਾਂ ਤੇ ਸੰਕੇਤਾਂ ਰਾਹੀਂ ਗਲਪਬੱਧ ਕਰਨ ਦੀ ਇਹ ਜੁਗਤ ਮਗਰੋਂ ਜਾ ਕੇ ਅਤਰਜੀਤ,



ਕਿਰਪਾਲ ਕਜ਼ਾਕ ਜਾਂ ਕੁਝ ਨਵੇਂ ਕਥਾਕਾਰਾਂ ਦੀਆਂ ਰਚਨਾਵਾਂ ਵਿਚ ਵਸਤੂ-ਸਥਿਤੀ ਦੇ ਚਿਹਨੀਕਰਣ (Signification) ਦੇ ਰੂਪ ਵਿਚ ਪਰਿਵਰਤਿਤ ਹੋ ਜਾਂਦੀ ਹੈ। ਕਥਾ ਵਿਚ ਭੀਲੀ ਦੀ ਬੀਬੀ ਦਿਹਾੜੀਆਂ ਦੇ ਲਾਲਚ, ਹਰੇ ਬਰਸੀਮ ਦੇ ਪੱਠਿਆਂ ਜਾਂ 'ਟਾਟਾਂ ਦੇ ਥੱਬਿਆਂ' ਦੀ ਖਾਤਰ ਸਾਧੂ ਦੇ ਬਦਮਾਸ਼ ਮੁੰਡੇ ਤੋਂ ਆਪਣਾ ਜਿਨਸੀ ਸ਼ੋਸ਼ਣ ਕਰਵਾਉਣ ਲਈ ਮਜਬੂਰ ਹੈ, ਪਰ ਆਪਣੀ ਧੀ ਭੀਲੀ ਨੂੰ ਇਸ ਗਲੀਜ਼ ਸਥਿਤੀ ਤੋਂ ਬਚਾਉਣ ਲਈ ਉਹ ਪ੍ਰਤੀਕੀ ਵਿਦਰੋਹ ਵੀ ਕਰਦੀ ਹੈ। ਅਜਿਹਾ ਹੀ ਪ੍ਰਤੀਕੀ ਵਿਦਰੋਹ ਚੰਦੇ ਵਲੋਂ ਵੀ ਕੀਤਾ ਜਾਂਦਾ ਹੈ ਪਰ ਗੌਰਤਲਬ ਗੱਲ ਇਹ ਹੈ ਕਿ ਦੋਨਾਂ ਦਾ ਇਹ ਵਿਦਰੋਹ ਅਰਧ-ਚੇਤਨ ਜਾਂ ਨੀਮ ਪਾਗਲ ਅਵਸੱਥਾ ਰਾਹੀਂ ਹੀ ਸਾਹਮਣੇ ਆਉਂਦਾ ਹੈ। ਅਰਧ ਚੇਤਨ, ਨੀਮ ਪਾਗਲਪਨ ਜਾਂ ਵਿਗੜੇ ਮਾਨਸਿਕ ਸੰਤੁਲਨ ਰਾਹੀਂ ਯਥਾਰਥ ਦੀ ਕਰੂਰਤਾ ਤੇ ਵਿਸ਼ਮਤਾ ਨੂੰ ਉਘਾੜਨ ਦਾ ਇਹ ਗਲਪੀ ਤਰਕ ਮਗਰੋਂ ਜਾ ਕੇ ਨਵੀਂ ਪੰਜਾਬੀ ਕਹਾਣੀ ਵਿਚ ਕਈ ਰੂਪਾਂ ਤੇ ਕਈ ਵਿਧੀਆਂ/ਜੁਗਤਾਂ ਦੇ ਰੂਪ ਵਿਚ ਅਰਥ ਵਿਸਤਾਰ ਗ੍ਰਹਿਣ ਕਰਦਾ ਹੈ।

'ਚਾਰੇ ਦੀ ਪੰਡ' ਵਿਚ ਪ੍ਰਗਟ ਹੋਈ ਨਕਾਰ ਤੇ ਵਿਦਰੋਹ ਦੀ ਚੇਤਨਾ ਬਾਅਦ ਦੀ ਪੰਜਾਬੀ ਕਹਾਣੀ ਵਿਚ ਕਈ ਰੂਪਾਂ, ਯਥਾਰਥ ਦੀਆਂ ਕਈ ਨਵੀਆਂ ਪਰਤਾਂ, ਕਈ ਜਟਿਲ ਵਰਤਾਰਿਆਂ ਤੇ ਕਈ ਧੁਨੀਆਂ ਸਹਿਤ ਉਭਰਦੀ ਹੈ। ਇਹ ਚੇਤਨਾ ਦਲਿਤ ਭਾਈਚਾਰੇ ਵਿਚ ਉਪਜੇ ਇਕ ਵਿਸ਼ੇਸ਼ ਤਰ੍ਹਾਂ ਦੇ ਸਵੈ ਮਾਣ ਤੇ ਜਾਗ੍ਰਿਤੀ ਕਾਰਨ ਸੰਭਵ ਹੋਈ ਹੈ। ਇਸ ਆਤਮ ਸਨਮਾਨ ਤੇ ਜਾਗ੍ਰਿਤੀ ਦੀ ਭਾਵਨਾ ਨੇ ਜਿਥੇ ਦਲਿਤ ਜਾਤੀਆਂ ਨੂੰ ਆਪਣੇ ਹੱਕਾਂ-ਅਧਿਕਾਰਾਂ ਪ੍ਰਤਿ ਸੁਜੱਗ ਤੇ ਚੇਤਨ ਕੀਤਾ, ਉਥੇ ਨਿਰੋਲ ਵੋਟਾਂ ਦੀ ਖਾਤਰ ਉਨ੍ਹਾਂ ਦੀ ਜਾਤੀ ਪਛਾਣ ਨੂੰ ਗੂੜ੍ਹੀ ਕਰਨ ਵਾਲੇ ਸਿਆਸੀ ਛੜਯੰਤਰਾਂ ਨੂੰ ਵੀ ਇਹ ਭਲੀ ਭਾਂਤ ਸਮਝਣ ਲੱਗੇ। ਅਜਿਹੀ ਸਿਆਸੀ ਪੈਂਤੜੇਬਾਜ਼ੀ ਨੂੰ ਸਮਝਣ ਤੇ ਨਕਾਰਨ ਦੀ ਰੁਚੀ ਇਕ ਤਰ੍ਹਾਂ ਜਾਤ ਦੀ ਥਾਂ ਜਮਾਤ ਦੇ ਆਧਾਰ 'ਤੇ ਸਥਾਪਿਤ ਹੋਣ ਦੀ ਆਂਤਰਿਕ ਭਾਵਨਾ ਵਿਚੋਂ ਪੈਦਾ ਹੋਈ ਹੈ। ਇਸ ਸੰਬੰਧ ਵਿਚ ਐਸ. ਤਰਸੇਮ ਦੀ ਕਹਾਣੀ 'ਛਤਰੀ ਵਾਲਾ ਖੂਹ' ਇਕ ਵਿਲੱਖਣ ਕਿਰਤ ਦੇ ਤੌਰ 'ਤੇ ਸਾਹਮਣੇ ਆਉਂਦੀ ਹੈ।

ਲੇਕਿਨ, ਪਿਛਲੇ ਕੁਝ ਸਮੇਂ ਤੋਂ ਪੰਜਾਬੀ ਕਹਾਣੀ ਦਾ ਦਲਿਤ ਪਰਿਪੇਖ ਜਿਵੇਂ ਇਕ ਨਿਸ਼ਚਿਤ ਵਿਚਾਰਧਾਰਾਈ ਅਧਾਰ ਅਤੇ ਅਭਿਵਿਅਕਤੀ ਦੇ ਇਕ ਵਿਸ਼ੇਸ਼ ਮਾਡਲ ਨੂੰ ਲੈ ਕੇ ਸਿਰਜਣ-ਸੰਸਾਰ ਵਿਚ ਦਾਖਿਲ ਹੁੰਦਾ ਹੈ, ਇਹ ਇਕ ਵੱਖਰਾ ਹੀ ਰਚਨਾਵੀ ਸੰਸਾਰ ਹੈ ਜਿਸ ਵਿਚ ਦਲਿਤ ਜੀਵਨ ਦੇ ਕਰੂਰ ਵੇਰਵੇ ਨਿੱਖੜੇ ਤੇ ਵਿਕੋਲਿਤਰੇ ਰੂਪ ਵਿਚ ਪੇਸ਼ ਹੋ ਕੇ ਵੇਦਨਾ, ਵਿਸ਼ਾਦ, ਰੁਦਨ, ਤਰਸ ਜਾਂ ਰੋਹ-ਵਿਦਰੋਹ ਦੀਆਂ ਇਕਹਿਰੀਆਂ ਸੁਰਾਂ ਗੁੰਜਾਣ ਦੀ ਥਾਂ ਯਥਾਰਥ ਦੀ ਕਸੂਤੀ ਸਥਿਤੀ ਵਿਚ ਫਸੀ ਹੋਈ ਦਲਿਤ ਹੋਂਦ ਦੇ ਸਨਮੁਖ ਪਏ ਭਿੰਨ-ਭਿੰਨ ਵਸਤੂ ਬਦਲਾਂ ਪ੍ਰਤਿਬਦਲਾਂ ਨੂੰ ਅਲੱਗ-ਅਲੱਗ ਕੋਣਾਂ ਤੋਂ ਜਾਂਚਣ-ਪਰਖਣ ਦਾ ਕਾਰਨ ਬਣਦੇ ਹਨ। ਇਹ ਕਥਾ-ਬਿੰਬ ਸਵਰਣ ਤੇ ਗੈਰ ਸਵਰਣ ਜਾਤੀਆਂ ਦੇ ਸਾਮਾਨਯ ਤੌਰ 'ਤੇ ਦ੍ਰਿਸ਼ਟੀਗੋਚਰ ਟਕਰਾਵਾਂ, ਤਣਾਵਾਂ ਤੋਂ ਪਾਰ ਜਾ ਕੇ ਨਿਮਨ ਜਾਤੀਆਂ ਦੇ ਆਂਤਰਿਕ ਟਕਰਾਵਾਂ, ਭ੍ਰਾਂਤੀਪੂਰਨ ਦ੍ਰਿਸ਼ਟੀਆਂ, ਜਾਤ ਨੂੰ ਲੁਕਾਉਣ ਪ੍ਰਗਟਾਉਣ ਨਾਲ ਜੁੜੀਆਂ ਮਨੋ ਗੁੰਝਲਾਂ, ਜਾਤ ਤੇ ਕਿਰਤ ਦੇ ਆਪਸੀ ਸੰਬੰਧਾਂ ਨਾਲ ਜੁੜੀਆਂ ਖੋਖਲੀਆਂ ਮਿੱਥਾਂ, ਜਾਤ ਤੇ ਕਿਰਤ ਦੇ ਪਰਸਪਰ ਸੰਬੰਧਾਂ ਦੇ ਨਵੀਆਂ ਸਮਾਜੀ-ਆਰਥਿਕ ਸਥਿਤੀਆਂ ਵਿਚ ਬਦਲਦੇ ਸੰਦਰਭ, ਆਰਥਿਕ ਉਥਾਨ ਦੇ ਨਾਲ ਜਾਤਪਾਤੀ ਪ੍ਰਬੰਧ ਨੂੰ ਕਿਤੇ ਢਿੱਲਾ ਤੇ ਕਿਤੇ ਕਸਦੀਆਂ ਹੋਈਆਂ ਵਸਤੂ-ਸਥਿਤੀਆਂ, ਜਾਤੀ ਵਿਵਸਥਾ ਨੂੰ ਪੱਕਾ ਕਰਨ ਲਈ ਓਹਲਾ ਤੇ ਪਰਦਾ ਬਣਦਾ ਧਰਮ ਦਾ ਸੰਸਥਾਈ ਸਰੂਪ, ਸਿਖਿਆ, ਸੰਗਠਨ ਤੇ ਰਾਜਨੀਤਕ ਚੇਤਨਾ ਦੇ ਬਲ ਤੇ ਦਲਿਤ ਯੁਵਕਾਂ ਵਿਚ ਆ ਰਿਹਾ ਮਹੱਤਵਪੂਰਨ ਬਦਲਾਵ, ਪੂੰਜੀਵਾਦੀ ਵਪਾਰਕ ਰੁਚੀਆਂ ਦੇ ਪਨਪਣ ਨਾਲ ਮਰੇ ਪਸ਼ੂ ਢੋਣ ਤੋਂ

ਖੱਲ ਲਾਹੁਣ ਵਰਗੇ ਗਲੀਜ਼ ਜਾਤੀ ਕਿੱਤਿਆਂ ਦਾ ਵੀ ਖੁੱਲ੍ਹੀ ਮੰਡੀ ਦੀ ਇਕ ਵਸਤ ਬਣ ਜਾਣਾ, ਜਾਤੀ ਹੈਂਕੜ ਤੇ ਜਾਤੀ ਹੀਣਤਾ ਦੇ ਇਕ ਦੂਜੇ ਵਿਚ ਮਿਸ਼ਰਤ ਹੁੰਦੇ ਜਟਿਲ ਭਾਵ, ਮੀਡੀਏ ਰਾਹੀਂ ਉਭਰ ਰਹੇ ਖਪਤ ਸਭਿਆਚਾਰ ਕਾਰਨ ਨਿਮਨ ਸ਼੍ਰੇਣੀਆਂ ਦੇ ਸਾਧਾਰਨ ਕਿਰਤੀ ਮਨਾਂ ਵਿਚ ਵੀ ਉਚ ਜਾਤੀ ਲੋਕਾਂ ਵਾਲੇ ਹੁਸੀਨ ਸੁਪਨੇ ਪੈਦਾ ਹੋਣੇ ਪ੍ਰੰਤੂ ਠੋਸ ਵਾਸਤਵਿਕਤਾ ਨਾਲ ਟਕਰਾ ਕੇ ਇਨ੍ਹਾਂ ਦੇ ਚੂਰ-ਚੂਰ ਹੋਣ ਦਾ ਦੁਖਾਂਤ ਆਦਿ ਕਿੰਨਾ ਕੁਝ ਉਸ ਵਸਤੂ-ਅਨੁਭਵ ਦੇ ਰੂਪ ਵਿਚ ਪੰਜਾਬੀ ਕਥਾ-ਸਾਹਿਤ ਵਿਚ ਪ੍ਰਵੇਸ਼ ਪਾ ਰਿਹਾ ਹੈ ਜੋ ਪਹਿਲਾਂ ਸਾਡੀ ਕਹਾਣੀ ਤੋਂ ਇਕ ਵਿੱਥ 'ਤੇ ਖਲੋਤਾ ਸੀ। ਇਹ ਕਥਾ-ਬਿੰਬ ਅਜੋਕੇ ਦਲਿਤ ਜੀਵਨ ਦੇ ਪ੍ਰਮਾਣਿਕ ਦੁਖਾਂਤ-ਵੇਰਵਿਆਂ ਦੇ ਨਾਲ ਹੀ ਉਸ ਸਮੁੱਚੀ ਬ੍ਰਾਹਮਣਵਾਦੀ ਪ੍ਰਸਥਿਤੀਆ ਨੂੰ ਸਮਾਜਿਕ-ਇਤਿਹਾਸਕ ਰੂਪ ਵਿਚ ਫੋਕਸ ਵਿਚ ਲਿਆਉਂਦਾ ਹੈ, ਜੋ ਅਜੋਕੀ ਦਲਿਤ ਚੇਤਨਾ ਦੇ ਉਭਾਰ ਲਈ ਆਧਾਰ ਭੂਮੀ ਬਣਦੀ ਹੈ। ਇਸ ਪ੍ਰਕਿਰਿਆ ਵਿਚ ਇਤਿਹਾਸ ਦਾ ਪੁਨਰ ਮੁਲਾਂਕਣ ਤੇ ਸੰਸ਼ੋਧਨ ਵੀ ਇਕ ਸਹਿਜ ਰਚਨਾਵੀ ਅਮਲ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਹਿੰਦੀ ਦਾ ਪ੍ਰਸਿੱਧ ਕਥਾਕਾਰ ਕਮਲੇਸ਼ਵਰ ਤਾਂ ਦਲਿਤ ਲੇਖਕ ਦੀ ਅਜਿਹੀ ਵਸਤੂ-ਦ੍ਰਿਸ਼ਟੀ ਨੂੰ 'ਨਵੇਂ ਇਤਿਹਾਸ ਦਾ ਸੂਤਰਪਾਤ' ਕਹਿੰਦਾ ਹੈ। ਉਸ ਅਨੁਸਾਰ ਦਲਿਤ ਲੇਖਕ ਦੀ ਤਿੱਖੀ ਸਮਾਜਿਕ ਦ੍ਰਿਸ਼ਟੀ ਉੱਤਰ ਯਥਾਰਥਵਾਦ ਅਤੇ ਉੱਤਰ ਆਧੁਨਿਕਵਾਦ ਤੋਂ ਬਹੁਤ ਅਲੱਗ ਉਤਰ ਇਤਿਹਾਸਵਾਦੀ ਹੈ ਜੋ ਮੌਜੂਦਾ ਇਤਿਹਾਸ ਦਾ ਸੰਸ਼ੋਧਨ ਨਹੀਂ ਕਰਦੀ ਬਲਕਿ ਖੁਦ ਇਕ ਨਵੇਂ ਇਤਿਹਾਸ ਦਾ ਸੂਤਰਪਾਤ ਕਰਦੀ ਹੈ।[5] ਅਜਿਹੀ ਦ੍ਰਿਸ਼ਟੀ ਤੇ ਚੇਤਨਾ ਨੂੰ ਘੱਟ ਜਾਂ ਵੱਧ, ਸੁਚੇਤ ਜਾਂ ਅਚੇਤ ਰੂਪ ਵਿਚ ਉਭਾਰਨ ਵਾਲੀਆਂ ਅਨੇਕ ਕਥਾ ਰਚਨਾਵਾਂ ਸਾਡੇ ਸਾਹਮਣੇ ਆਈਆਂ ਹਨ ਜਿਵੇਂ ਹੁੰਮਸ, ਸੈਲਾਬ (ਕਿਰਪਾਲ ਕਜ਼ਾਕ), ਨੂੰਹਾਂ, ਅਦਨਾ ਇਨਸਾਨ, ਸਬੂਤੇ ਕਦਮ (ਅਤਰਜੀਤ), ਨੌਂ ਬਾਰਾਂ ਦਸ (ਵਰਿਆਮ ਸੰਧੂ), ਸਿਦਕ, ਜਿਸ ਤਨ ਲਾਗੇ, ਮੰਤਰੀ, ਕੁੜੀ ਤੇ ਦਾਤੀ (ਬਲਦੇਵ ਸਿੰਘ), ਬੋ (ਮੁਖਤਿਆਰ ਸਿੰਘ), ਅੱਧੇ ਅਧੂਰੇ (ਲਾਲ ਸਿੰਘ), ਵਿੱਥ, ਜੀਣ ਮਰਨ, ਸੰਸਕਾਰ (ਪ੍ਰੇਮ ਗੋਰਖੀ), ਇਕਬਾਲੀਆ ਬਿਆਨ (ਦਲਬੀਰ ਚੇਤਨ), ਬੈਲੰਸ ਸ਼ੀਟ, ਸੌਰੀ, ਆਤਮ ਹੱਤਿਆ (ਜਿੰਦਰ), ਰੂਪਾਂਤਰਣ, ਰਾਣੀ ਰਾਜਵੰਤ, ਉਦਾਂਬਰਾ, ਰਿਕਵ, ਮੂਲ ਸਥਾਨ ਦੀ ਦੇਵਦਾਸੀ, ਸਤੀ ਭੂਮੇਸ਼ਵਰੀ ਆਦਿ (ਮਨਮੋਹਨ ਬਾਵਾ), ਹਾਰ ਜਿੱਤ, ਹੱਥ (ਨਛੱਤਰ), ਪੈਂਡਾ (ਤਲਵਿੰਦਰ ਸਿੰਘ), ਅੱਖ ਦੀ ਲਿਸ਼ਕ, ਕੁਰੂਖੇਤਰ ਦੇ ਅੰਦਰ (ਤ੍ਰਿਲੋਚਨ ਸਿੰਘ ਭਾਟੀਆ), ਹੱਡਾ ਰੋੜੀ (ਬਲਜਿੰਦਰ ਨਸਰਾਲੀ), ਗੌਰਜਾਂ (ਅਜਮੇਰ ਸਿੱਧੂ), ਊਣੇ, ਹੱਡਾ ਰੋੜੀ ਤੇ ਰੇਹੜੀ (ਗੁਰਮੀਤ ਕੜਿਆਲਵੀ), ਕਲਾਣ (ਸਰਵਮੀਤ), ਕਸੂਰਵਾਰ, ਫੈਸਲਾ (ਭਗਵੰਤ ਰਸੂਲਪੁਰੀ), ਦਿੱਲੀ ਦੂਰ (ਗੁਰਨਾਮ ਸਿੰਘ ਮੁਕਤਸਰ), ਜਖਮਾਂ ਦੇ ਰਸਤਿਓਂ (ਦੇਸ ਰਾਜ ਕਾਲੀ) ਦਲਿਤ, ਤਣਾਓ, ਜ਼ਿੰਦਗੀ ਦਾ ਦਰਿਆ (ਜੋਗਿੰਦਰ ਸਿੰਘ ਨਿਰਾਲਾ), ਲੋਹ ਹੱਡਾ (ਮੱਖਣ ਮਾਨ), ਮੁਕਤੀ, ਛੋਟੇ ਲੋਕ ਆਦਿ।

ਜੇ ਕਥਾਕਾਰਾਂ ਦੀ ਇਸ ਸੂਚੀ ਨੂੰ ਧਿਆਨ ਨਾਲ ਵੇਖੀਏ ਤਾਂ ਦਲਿਤ ਸਾਹਿਤ ਦੇ ਕੁਝ ਸਿਧਾਂਤਕਾਰਾਂ ਦੀ ਇਹ ਧਾਰਨਾ ਖੁਦ ਬਖੁਦ ਹੀ ਰੱਦ ਹੋ ਜਾਂਦੀ ਹੈ ਕਿ ਕੇਵਲ ਦਲਿਤ ਲੇਖਕ ਹੀ ਦਲਿਤ ਜੀਵਨ ਬਾਰੇ ਪ੍ਰਮਾਣਿਕ ਰੂਪ ਵਿਚ ਲਿਖ ਸਕਦੇ ਹਨ। ਇਹ ਗੱਲ ਸਪੱਸ਼ਟ ਹੈ ਕਿ ਉਕਤ ਕਹਾਣੀਆਂ ਰਾਹੀਂ ਪੰਜਾਬੀ ਦੀ ਦਲਿਤ ਕਹਾਣੀ ਦਾ ਇਕ ਵਿਆਪਕ ਵਿਚਾਰਧਾਰਾਈ ਸੰਦਰਭ ਖੜਾ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਹ ਤੱਥ ਵੀ ਧਿਆਨਯੋਗ ਹੈ ਕਿ ਇਹਨਾਂ ਕਥਾਵਾਂ ਦਾ ਇਕ ਵੱਡਾ ਭਾਗ ਵਸਤੂ-ਵਿਵੇਕ ਤੇ ਸ਼ਿਲਪੀ ਮੁਹਾਵਰੇ ਦੇ ਪੱਖ ਤੋਂ ਪ੍ਰਗਤੀਵਾਦੀ ਰਚਨਾ ਸੂਤਰਾਂ ਨੂੰ ਵੀ ਬਰਾਬਰ ਦ੍ਰਿੜਾ ਰਿਹਾ ਹੈ।

ਦਲਿਤ ਪੰਜਾਬੀ ਕਹਾਣੀ ਮੁੱਖ ਤੌਰ 'ਤੇ ਦਲਿਤਾਂ ਦੇ ਆਤਮ ਸਨਮਾਨ, ਸਵੈਮਾਣ, ਸਵਤੰਤਰਤਾ,



ਇਜ਼ਤ ਤੇ ਸਮਾਜਿਕ ਨਿਆਂ ਨੂੰ ਆਪਣੇ ਪ੍ਰੇਰਕ-ਸੂਤਰਾਂ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ ਪ੍ਰੰਤੂ ਸਦੀਆਂ ਵਿਚ ਵਿਕਸਿਤ ਹੋ ਕੇ ਲੋਕਾਂ ਦੀ ਮਨੋ-ਸਰੰਚਨਾ ਦਾ ਸਥਾਈ ਹਿੱਸਾ ਬਣ ਚੁੱਕੀ ਜਾਤੀ ਵਿਵਸਥਾ ਨੇ ਅਜਿਹੀ ਜੜ੍ਹ ਵਸਤੂ-ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਵਰਨ ਜਾਤੀ ਵਿਅਕਤੀਆਂ ਵਲੋਂ ਨਿਮਨ ਜਾਤੀ ਦੇ ਲੋਕਾਂ ਨੂੰ ਮਨੁੱਖ ਸਮਝ ਕੇ ਮਨੁੱਖਾਂ ਵਰਗਾ ਵਰਤਾਵ ਕਰਨਾ ਤਾਂ ਇਕ ਪਾਸੇ ਰਿਹਾ, ਖੁਦ ਇਨ੍ਹਾਂ ਲੋਕਾਂ ਵਿਚ ਵੀ ਹੀਣਤਾ, ਨਿਮਾਣਾਪਨ, ਆਤਮ ਨਿਰਾਦਰ, ਆਤਮ ਗਿਲਾਨੀ ਅਤੇ ਪੱਥਰਾਂ ਵਰਗੇ ਸਬਰ ਦੇ ਭਾਵ ਬਹੁਤ ਡੂੰਘੇ ਸਮਾਏ ਹੋਏ ਹਨ। ਇਸ ਕਰਕੇ ਜਿਥੇ ਉਤਕ੍ਰਿਸ਼ਟ ਦਲਿਤ ਕਹਾਣੀ ਵਿਚ ਆਤਮ ਸਨਮਾਨ ਦੀ ਅਨੁਭੂਤੀ ਵਿਚ ਆਤਮ ਸ਼ੋਧ ਕਰਨ ਦੀ ਗੱਲ ਹੈ, ਉਥੇ ਇਸ ਸਨਮਾਨ ਤੇ ਇਜ਼ਤਦਾਰੀ ਦੀ ਲੜਾਈ ਵਿਚ ਮੁੱਖ ਅੜਿੱਕਾ ਬਣੀਆਂ ਉਨ੍ਹਾਂ ਜਾਤੀ ਮੂਲਕ-ਧਰਮ ਮੂਲਕ ਸੰਸਕਾਰਕ ਧਾਰਨਾਵਾਂ, ਮਾਨਤਾਵਾਂ, ਰਵਾਇਤਾਂ, ਮਿੱਥਾਂ, ਅੰਧ ਵਿਸ਼ਵਾਸਾਂ, ਰੂੜ੍ਹੀਆਂ-ਰੀਤੀਆਂ ਆਦਿ ਦਾ ਵਿਆਪਕ ਨਕਾਰਨ ਅਤੇ ਇਨ੍ਹਾਂ ਦੀ ਉਤਪਤੀ ਦੇ ਮੁੱਖ ਸਰੋਤਾਂ ਨੂੰ ਨਸ਼ਟ ਕਰਨ ਦਾ ਸਿਰਜਣਾਤਮਕ ਸਰੋਕਾਰ ਵੀ ਮਹੱਤਵਪੂਰਨ ਏਜੰਡੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਸਪੱਸ਼ਟ ਹੈ ਕਿ ਸਦੀਆਂ ਦੇ ਲੰਮੇ ਪੈਂਡੇ ਵਿਚ ਵਿਕਸਿਤ ਤੇ ਸਥਾਪਿਤ ਹੋਈਆਂ ਅਜਿਹੀਆਂ ਧਾਰਨਾਵਾਂ ਨੂੰ ਕੋਈ ਵੀ ਇਕ ਸਾਹਿਤਕ ਕਿਰਤ ਜਾਂ ਸਮੁੱਚੀ ਲਹਿਰ ਇਕਦਮ ਫੂਕ ਮਾਰ ਕੇ ਉਡਾ ਨਹੀਂ ਸਕਦੀ, ਬਦਲ ਨਹੀਂ ਸਕਦੀ ਪਰ ਇਨ੍ਹਾਂ ਦੇ ਮੂਲ ਸਰੋਤਾਂ ਨੂੰ ਨਸ਼ਟ ਕਰਨ ਹਿਤ ਨਕਾਰਨ ਤੇ ਰੱਦਣ ਦਾ ਅਮਲ ਦਲਿਤ ਚੇਤਨਾ ਦੇ ਸੰਚਰਿਤ ਕਰਨ ਵਿਚ ਇਕ ਵੱਡੀ ਭੂਮਿਕਾ ਅਦਾ ਕਰ ਸਕਦਾ ਹੈ। ਇਉਂ, ਨਕਾਰਨ, ਵਿਦਰੋਹ ਤੇ ਸੰਘਰਸ਼ ਵਰਗੇ ਸਵਰ ਜਿਥੇ ਇਸ ਕਹਾਣੀ ਦੀ ਵਸਤੂ-ਸਥਿਤੀ ਵਿਚ ਮਹੱਤਵਪੂਰਨ ਹੋਂਦ ਬਣਾਈ ਬੈਠੇ ਹਨ, ਉਥੇ ਸਿਖਿਆ, ਸੰਗਠਨ ਤੇ ਜਨ ਜਾਗਰਣ ਜਿਹੇ ਵਿਚਾਰਧਾਰਾਈ ਸੂਤਰ ਵੀ ਵਿਵਸਥਾ ਮੂਲਕ ਤਬਦੀਲੀ ਲਿਆਉਣ ਦੇ ਮੁੱਖ ਸਾਧਨ ਬਣਦੇ ਹਨ। ਉਪਰ ਅੰਕਿਤ ਕਥਾਵਾਂ ਦੀ ਸੂਚੀ ਵਿਚੋਂ ਘੱਟੋ ਘੱਟ ਡਿਉਢ ਦਰਜਨ ਅਜਿਹੀਆਂ ਕਹਾਣੀਆਂ ਜ਼ਰੂਰ ਹਨ ਜੋ ਅਜਿਹੀ ਰਚਨਾ ਦ੍ਰਿਸ਼ਟੀ ਦੇ ਉੱਤਮ ਕਲਾਤਮਿਕ ਪਰਿਮਾਣ ਪ੍ਰਸਤੁਤ ਕਰਦੀਆਂ ਹਨ। ਲੇਕਿਨ, ਪੰਜਾਬੀ ਕਹਾਣੀ ਵਿਚ ਇਸ ਸਭ ਕੁਝ ਦਾ ਆਗਾਜ਼ ਪ੍ਰੇਮ ਪ੍ਰਕਾਸ਼ (ਲੱਛਮੀ, ਅਨੁਸ਼ਠਾਨ) ਤੇ ਮੋਹਨ ਭੰਡਾਰੀ (ਗੰਗਾ ਜਲ) ਦੀਆਂ ਕਹਾਣੀਆਂ ਰਾਹੀਂ ਮਨੁੱਖੀ ਅਵਚੇਤਨ ਵਿਚ ਜੜ੍ਹ-ਰੂਪ ਵਿਚ ਵਸੇ ਜਾਤੀ ਮੂਲਕ ਸੰਸਕਾਰਾਂ ਦੀ ਪਛਾਣ ਤੋਂ ਹੁੰਦਾ ਹੈ। ਬਾਅਦ ਵਿਚ ਅਤਰਜੀਤ, ਪ੍ਰੇਮ ਗੋਰਖੀ, ਨਛੱਤਰ, ਜਿੰਦਰ, ਅਜਮੇਰ ਸਿੱਧੂ ਤੇ ਦੇਸ ਰਾਜ ਕਾਲੀ ਵਰਗੇ ਕਥਾਕਾਰ ਅਵਚੇਤਨ ਵਿਚ ਵਸੇ ਇਸ ਜਾਤੀਮੂਲਕ ਸੰਸਕਾਰਾਂ ਨੂੰ ਮੌਜੂਦਾ ਸਿਆਸੀ, ਸਮਾਜੀ ਤੇ ਆਰਥਿਕ ਵਰਤਾਰਿਆਂ ਦੀ ਜਟਿਲਤਾ ਦੇ ਪ੍ਰਸੰਗ ਵਿਚ ਹੋਰ ਨਿਖਰਵੇਂ ਰੂਪ ਵਿਚ ਉਘਾੜਦੇ ਹਨ।

ਮਨੁੱਖ ਦੀ ਜਾਤੀਗਤ ਸੰਸਕਾਰ ਮੂਲਕ ਮਨੋ-ਸੰਰਚਨਾ ਦੇ ਜੋ ਪਛਾਣ ਚਿੰਨ੍ਹ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚੋਂ ਪ੍ਰਾਪਤ ਹੁੰਦੇ ਹਨ, ਇਹ ਆਪਣੇ ਆਪ ਵਿਚ ਕੋਈ ਦਲਿਤ ਚੇਤਨਾ ਨਹੀਂ ਸਮੋਈ ਬੈਠੇ ਅਤੇ ਨਾ ਹੀ ਅਜਿਹੀ ਚੇਤਨਾ ਉਸ ਦੀ ਕਦੇ ਰਚਨਾਤਮਿਕ ਪ੍ਰੇਰਨਾ ਭੂਮੀ ਰਹੀ ਹੈ। ਤਾਂ ਵੀ, ਇਸ ਕਹਾਣੀ ਨੂੰ ਕੇਵਲ 'ਜਾਤੀ ਅਵਚੇਤਨ'[6] ਦੀ ਕਹਾਣੀ ਕਹਿ ਕੇ ਦਲਿਤ ਕਹਾਣੀ ਦੀ ਕੋਟੀ ਵਿਚੋਂ ਖਾਰਿਜ ਨਹੀਂ ਕੀਤਾ ਜਾ ਸਕਦਾ। ਜਾਤੀਗਤ ਮਸਲੇ ਦੀ ਦ੍ਰਿਸ਼ਟੀ ਤੋਂ ਮਨੁੱਖ ਦੀ ਅਵਚੇਤਨੀ ਮਾਨਸਿਕਤਾ ਨੂੰ ਕੁਰੇਦਣ ਵਾਲੀ ਪ੍ਰੇਮ ਪ੍ਰਕਾਸ਼ ਦੀ ਇਹ ਵਸਤੂ-ਦ੍ਰਿਸ਼ਟੀ ਜਾਤੀ ਵੰਡ ਦੇ ਡੂੰਘੇ ਵਰਤਾਰੇ ਨੂੰ ਸਮਝਣ ਵਿਚ ਕਾਫੀ ਸਹਾਇਕ ਸਾਬਿਤ ਹੁੰਦੀ ਹੈ। ਅਗਾਂਹ ਇਸ ਮਾਨਸਿਕਤਾ ਦੀਆਂ ਇਤਿਹਾਸ ਤੇ ਮਿਥਿਹਾਸ ਵਿਚ ਡੂੰਘੀਆਂ ਲੱਥੀਆਂ ਜੜ੍ਹਾਂ ਦੀ ਤਲਾਸ਼ ਮਨਮੋਹਨ ਬਾਵਾ ਦੀਆਂ ਕਥਾਵਾਂ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਜਾਤੀਗਤ ਵੰਡ ਦੀ ਦ੍ਰਿਸ਼ਟੀ ਤੋਂ ਬਾਵਾ ਆਪਣੇ ਇਤਿਹਾਸਕ ਤੇ ਮਿਥਿਹਾਸਕ ਵਿਰਸੇ 'ਚੋਂ ਅਜਿਹੇ ਨਵੇਂ ਅਰਥਾਂ ਦੀ ਤਲਾਸ਼ ਕਰਦਾ ਹੈ ਜਿਨ੍ਹਾਂ ਬਾਰੇ ਸਾਡੇ ਪ੍ਰਾਚੀਨ

ਗ੍ਰੰਥਾਂ ਵਿਚ ਜਾਂ ਚੁੱਪ ਵਰਤੀ ਗਈ ਹੈ ਅਤੇ ਜਾਂ ਫਿਰ ਨਿਖੇਧਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਹ ਵਾਰ-ਵਾਰ ਉਸ ਬ੍ਰਾਹਮਣੀਕਲ ਪ੍ਰਸਥਿਤੀਆਂ ਵੱਲ ਸੰਕੇਤ ਕਰਦਾ ਹੈ ਜਿਸ ਦੇ ਤਹਿਤ ਜਾਤੀ ਵਿਵਸਥਾ ਵਿਕਸਿਤ ਹੋ ਕੇ ਭਾਰਤੀ ਲੋਕ ਮਾਨਸਿਕਤਾ ਦਾ ਸਥਿਰ ਅੰਗ ਬਣ ਗਈ ਉਹ ਬ੍ਰਾਹਮਣੀਕਾਲ ਵਿਵਸਥਾ ਦੇ ਮੂਲ ਸਰੋਤਾਂ ਉੱਤੇ ਵੀ ਕਰਾਰੀ ਸੱਟ ਮਾਰਦਾ ਹੈ। 'ਉਦਾਂਬਰਾ' ਕਹਾਣੀ ਦੇ ਪਾਤਰ ਜੈ ਦੇਵ ਵਲੋਂ ਕਹੇ ਇਹ ਸ਼ਬਦ ਦਲਿਤ ਉਤਪੀੜਨ, ਕੁੰਠਾ ਤੇ ਵੇਦਨਾ ਦਾ ਇਕ ਮਾਰਮਿਕ ਦ੍ਰਿਸ਼ ਸਿਰਜਦੇ ਹਨ :-

ਇਕ ਆਦਮੀ ਨੂੰ ਆਦਮੀ ਨਾ ਸਮਝਣਾ, ਉਸ ਨਾਲ ਬਿਨਾਂ ਕਿਸੇ ਕਾਰਨ ਪਸ਼ੂਆਂ ਤੋਂ ਵੀ ਭੈੜਾ ਵਰਤਾਓ ਕਰਦੇ ਰਹਿਣਾ, ਇਸ ਤੋਂ ਵੱਡਾ ਅਪਰਾਧ ਤੇ ਪਾਪ ਹੋਰ ਕੋਈ ਹੋ ਨਹੀਂ ਸਕਦਾ। ਮੈਨੂੰ ਲੱਗਦਾ ਹੈ ਕਿ ਮੈਂ ਤੁਹਾਡੇ ਪਿਤਾ ਕੋਲ ਪੰਜ ਸਾਲ ਤੱਕ ਸਾਰਾ ਨਹੀਂ ਤਾਂ ਅੱਧੇ ਤੋਂ ਵੱਧ ਝੂਠ ਹੀ ਪੜ੍ਹਿਆ ਹੈ। ਪਤਾ ਨਹੀਂ ਕਿਸ ਵੇਲੇ ਕਿਸ ਤਰ੍ਹਾਂ ਦੇ ਲੋਕਾਂ ਨੇ ਬੈਠ ਕੇ ਇਹ ਛੜਯੰਤਰ ਰਚਿਆ ਕਿ ਅੱਧੇ ਤੋਂ ਵੱਧ ਲੋਕਾਂ ਨੂੰ ਦਾਸ ਬਣਾ ਲਿਆ, ਜਨਮਾਂ ਜਨਮਾਂ ਲਈ।[7]

ਵਸਤੂ ਸਮਗੱਰੀ ਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਇਤਿਹਾਸ-ਮਿਥਿਹਾਸ ਨੂੰ ਆਪਣੀ ਕਥਾਕਾਰੀ ਵਿਚ ਕੇਂਦਰੀ ਸਥਾਨ ਦੇ ਕੇ ਬਾਵਾ ਨੇ ਇਕ ਨਿਵੇਕਲੇ ਕਥਾ-ਪੈਟਰਨ ਦੀ ਸਿਰਜਣਾ ਰਾਹੀਂ ਬਿਰਤਾਂਤਕਾਰੀ ਦੇ ਕੁਝ ਨਵੇਂ ਆਯਾਮ ਸਾਹਮਣੇ ਲਿਆਂਦੇ ਹਨ।

ਪੰਜਾਬੀ ਦੇ ਦਲਿਤ ਕਥਾ-ਪਾਠ ਦੀ ਸਮੁੱਚੀ ਵਸਤੂ ਸਥਿਤੀ ਵਿਚੋਂ ਇਕ ਸਾਮਾਨਯ ਧਾਰਨਾ ਇਹ ਉਭਰਦੀ ਹੈ ਕਿ ਜਾਤੀਮੂਲਕ ਵਿਵਸਥਾ ਨੇ ਇਕ ਅਜਿਹਾ ਸਮਾਜਿਕ ਅਸੰਤੁਲਨ ਸਿਰਜ ਦਿੱਤਾ ਹੈ ਕਿ ਇਸ ਨੂੰ ਕਿਸੇ ਇਕ ਸੂਤਰ/ਨੁਕਤੇ/ਤਰਕ ਜਾਂ ਫਾਰਮੂਲੇ ਨਾਲ ਨਾ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਖਤਮ ਕੀਤਾ ਜਾ ਸਕਦਾ। ਇਹ ਕਹਾਣੀ ਮੂਲ ਰੂਪ ਵਿਚ ਇਸ ਸਮਾਜਿਕ ਅਸੰਤੁਲਨ ਅਤੇ ਇਸ ਦੇ ਬਦਲ ਵਜੋਂ ਕਿਸੇ ਸੰਭਾਵੀ ਸੰਤੁਲਨ ਦੀ ਤਲਾਸ਼ ਨੂੰ ਹੀ ਕਥਾ-ਵਸਤੂ ਦੇ ਰੂਪ ਵਿਚ ਸੰਕਲਪਦੀ ਹੈ। ਇਹ ਸਮਾਜਿਕ ਅਸੰਤੁਲਨ, ਮਾਨਸਿਕ ਅਸੰਤੁਲਨ ਵਿਚ ਪ੍ਰੀਵਰਤਿਤ ਹੋ ਕੇ ਪਾਤਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਸਮਾਜਿਕ ਮਨੋ ਸਥਿਤੀਆਂ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦਾ ਹੈ। ਇਸ ਤਰ੍ਹਾਂ ਅਸੰਤੁਲਿਤ, ਤਣਾਓ ਪੂਰਨ ਤੇ ਦਬਾਓ ਪੂਰਨ ਸਮਾਜਿਕ, ਆਰਥਿਕ, ਰਾਜਨੀਤਕ, ਮਾਨਸਿਕ ਤੇ ਭਾਵੁਕ ਸਥਿਤੀਆਂ ਇਸ ਕਹਾਣੀ ਦੀ ਵਿਸ਼ੇਸ਼ ਪਛਾਣ ਬਣ ਕੇ ਉਭਰਦੀਆਂ ਹਨ। ਅਜਿਹੀਆਂ ਸਥਿਤੀਆਂ ਵਿਚ ਉਲਝੇ ਪਾਤਰ ਵੀ ਅਸੰਤੁਲਿਤ, ਉਲਾਰ, ਨੀਮ ਪਾਗਲ ਤੇ ਅਰਧ ਚੇਤਨੀ ਅਵਸਥਾ ਵਿਚ ਵਿਚਰਨ ਵਾਲੇ ਵਿਅਕਤੀਆਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਅਸਲ ਵਿਚ ਅਜਿਹੇ ਪਾਤਰਾਂ ਤੇ ਸਥਿਤੀਆਂ ਨੂੰ ਇਕ ਪ੍ਰਭਾਵੀ ਸ਼ਿਲਪੀ ਜੁਗਤ ਦੇ ਵਿਚ ਹੀ ਬਦਲ ਦਿੱਤਾ ਜਾਂਦਾ ਹੈ। ਅਜਿਹੇ ਵੇਲੇ ਕਥਾਕਾਰ ਨੂੰ ਬਹੁਤ ਚੇਤੰਨ ਰੂਪ ਵਿਚ ਵਸਤੂ-ਸਥਿਤੀ ਦੀ ਡੂੰਘੀ ਸੂਝ, ਸਮਝ ਤੇ ਪਕੜ ਦਾ ਮੁਜ਼ਾਹਰਾ ਕਰਨਾ ਪੈਂਦਾ ਹੈ, ਨਹੀਂ ਤਾਂ ਪਾਤਰ ਤੇ ਸਥਿਤੀਆਂ ਅਤਾਰਕਿਕ ਤੇ ਅਵਿਵੇਕ ਪੂਰਨ ਕਥਾ ਵਿਵੇਕ ਦੀਆਂ ਧਾਰਨੀ ਹੋ ਕੇ ਰਹਿ ਜਾਂਦੀਆਂ ਹਨ। ਸਬੂਤੇ ਕਦਮ, ਹੁੰਮਸ, ਨੌਂ ਬਾਰਾਂ ਦਸ, ਅੱਧੇ ਅਧੂਰੇ, ਕਸੂਰਵਾਰ, ਅੱਖ ਦੀ ਲਿਸ਼ਕ, ਬੈਲੰਸ ਸ਼ੀਟ, ਗੌਰਜਾਂ, ਜ਼ਖ਼ਮਾਂ ਦੇ ਰਸਤਿਓਂ ਆਦਿ ਕਥਾਵਾਂ ਅਜਿਹੇ ਕਥਾਨਕੀ ਵਤੀਰੇ ਦੀਆਂ ਉਤਕ੍ਰਿਸ਼ਟ ਉਦਾਹਰਣਾਂ ਹਨ। ਇਥੇ ਅਸੰਤੁਲਨ ਤੇ ਸੰਤੁਲਨ ਦੀ ਸਥਿਤੀ ਜਾਤੀਮੂਲਕ ਤੇ ਜਾਤੀ ਰਹਿਤ ਵਿਵਸਥਾ ਦੀ ਸਥਿਤੀ ਵੱਲ ਸੰਕੇਤ ਕਰਦੀ ਹੈ। ਕਥਾਕਾਰ ਇਥੇ ਬਹੁਤੀਆਂ ਸਿਧਾਂਤਕ ਗੱਲਾਂ ਤੇ ਸੂਤਰਾਂ ਦਾ ਪ੍ਰਤਿਪਾਦਨ ਕਰਨ ਦੀ ਥਾਂ ਵਿਵਸਥਾ ਮੂਲਕ ਸੰਭਾਵੀ ਸੰਤੁਲਨ ਉਸਾਰਨ ਦੇ ਰਾਹ ਵਿਚ ਆਉਣ ਵਾਲੀਆਂ ਵਿਹਾਰਕ ਸਮੱਸਿਆਵਾਂ ਨੂੰ ਵੱਖ-ਵੱਖ ਸਥਿਤੀਆਂ ਵਿਚ ਉਨ੍ਹਾਂ ਦੇ ਅੰਦਰਲੇ ਤਰਕਾਂ-ਵਿਤਕਰਾਂ, ਸੰਗਤੀਆਂ ਵਿਸੰਗਤੀਆਂ, ਅੰਤਰ ਸਾਰਾਂ-ਅੰਤਰ ਵਿਰੋਧਾਂ, ਤਣਾਵਾਂ ਤੇ ਦਵੰਦਾਂ ਸਹਿਤ ਪੇਸ਼ ਕਰਨ ਦੀ ਦਿਸ਼ਾ ਵੱਲ ਅਗਰਸਰ ਹੁੰਦਾ ਹੈ।



ਅਜਿਹੀ ਕਹਾਣੀ ਵਿਚ ਰੋਹ, ਵਿਦਰੋਹ, ਸੰਘਰਸ਼, ਬਦਲਾਵ, ਆਜ਼ਾਦੀ, ਸਮਾਨਤਾ, ਸਵਤੰਤਰਤਾ, ਗੁਲਾਮੀ ਆਦਿ ਦੀ ਗੱਲ ਸਥਿਤੀ ਸਾਪੇਖ ਰੂਪ ਵਿਚ ਅਰਥਾਤ ਸਥਿਤੀ ਦੇ ਆਂਤਰਿਕ ਤਰਕ ਤੇ ਵਿਵੇਕ ਅਨੁਸਾਰ ਹੀ ਸਾਹਮਣੇ ਆਉਂਦੀ ਹੈ। ਇਉਂ, ਦਲਿਤ ਪਰਿਪੇਖ ਪੰਜਾਬੀ ਕਹਾਣੀ ਦੀ ਵਸਤੂ-ਸਥਿਤੀ ਤੇ ਸ਼ਿਲਪ ਉੱਤੇ ਚੋਖਾ ਅਸਰ ਅੰਦਾਜ਼ ਸਾਬਿਤ ਹੁੰਦਾ ਹੈ।

ਦਰਅਸਲ, ਨਵੀਂ ਦਲਿਤ ਪੰਜਾਬੀ ਕਹਾਣੀ ਜਿਸ ਅਨੁਭਵ ਸਥਿਤੀ ਨੂੰ ਆਪਣੀ ਕਥਾ-ਵਸਤੂ ਦੇ ਰੂਪ ਵਿਚ ਸੰਕਲਪਦੀ ਹੈ, ਉਸ ਦੇ ਅੰਤਰਗਤ ਜਿਥੇ ਇਕ ਪਾਸੇ ਗਰੀਬੀ ਦੇ ਨਾਸੂਰ ਨੂੰ ਉਸ ਦੀ ਪੂਰੀ ਬਦਸੂਰਤੀ ਤੇ ਕੁਹਜ ਸਮੇਤ ਪੇਸ਼ ਕਰਨ ਦੀ ਗੱਲ ਹੈ, ਉਥੇ ਦੂਜੇ ਪਾਸੇ ਦਲਿਤ ਸਮਾਜ ਵਿਚ ਹੋ ਰਹੇ ਆਂਤਰਿਕ ਪਰਿਵਰਤਨਾਂ ਅਤੇ ਇਸ ਦੇ ਫਲਸਰੂਪ ਉਭਰਦੇ ਸਵੈਮਾਨ ਦੀਆਂ ਗੂੰਜਾਂ ਹਨ। ਕਥਾਕਾਰ ਇਸ ਅਨੁਭਵ ਨੂੰ ਵੱਧ ਤੋਂ ਵੱਧ ਪ੍ਰਮਾਣਿਕ ਤੇ ਸਰਵਜਨਿਕ ਬਨਾਉਣ ਦੀ ਚੇਸ਼ਠਾ ਕਰਦਾ ਹੈ। ਇਸ ਵਿਸ਼ੇਸ਼ ਅਨੁਭਵ ਦੀ ਪ੍ਰਕਿਰਤੀ ਤੇ ਪਰਿਵੇਸ਼ ਹੀ ਭਿੰਨ ਨਹੀਂ ਸਗੋਂ ਇਸ ਅਨੁਭਵ ਦੀ ਤੀਬਰਤਾ, ਇਸ ਅਨੁਭਵ ਦਾ ਸਮਾਜਿਕ-ਰਾਜਨੀਤਕ ਸੰਦਰਭ, ਇਸ ਅਨੁਭਵ ਦੀ ਭਾਸ਼ਾ ਅਤੇ ਇਸ ਅਨੁਭਵ ਦੀਆਂ ਅਭਿਵਿਅਕਤੀਮੂਲਕ ਪ੍ਰਗਟਾ ਜੁਗਤਾਂ ਨੂੰ ਨਿਖੇੜਨਾ ਤੇ ਪਛਾਣਨਾ ਵੀ ਜ਼ਰੂਰੀ ਹੈ। ਇਸ ਅਨੁਭਵ ਵਿਚ ਇਕ ਖਾਸ ਤਰ੍ਹਾਂ ਦਾ ਚੌਂਕਾ ਦੇਣ ਵਾਲਾ ਤੱਤ (Shocking Element) ਹੈ ਜੋ ਪਾਠਕ ਨੂੰ ਦੁਰਬਲਤਾ, ਦਲਿੱਦਰਤਾ ਤੇ ਅਗਿਆਨਤਾ ਭਰੀ ਜਮੂਦਪੂਰਨ ਸਥਿਤੀ ਪ੍ਰਤਿ ਪ੍ਰਤਿਕਰਮਕ ਰੁਖ ਅਖਤਿਆਰ ਕਰਨ ਲਈ ਪ੍ਰੇਰਦਾ ਹੈ। ਵਧੀਕ ਵਰਤੋਂ ਵਿਚ ਲਿਆਂਦਾ ਇਹ ਤੱਤ ਰਚਨਾ ਵਸਤੂ ਨੂੰ ਸਨਸਨੀਖੇਜ਼ ਰੂਪ ਵੀ ਦਿੰਦਾ ਹੈ ਜੋ ਕਿ ਅਣਉਚਿਤ ਹੈ। ਇਸ ਅਲੱਗ ਕਿਸਮ ਦੇ ਯਥਾਰਥ ਨੂੰ ਇਕ ਕਲਾਤਮਿਕ ਸੰਗਠਨ ਵਿਚ ਰੂਪਾਂਤਰਿਕ ਕਰਨ ਲਈ ਇਕ ਵਿਸ਼ੇਸ਼ ਭਾਂਤ ਦੀ ਭਾਸ਼ਾ ਦਰਕਾਰ ਹੈ ਜੋ ਸਭਿਅਕ ਮੁਹਾਵਰੇ, ਸ਼ਿਸ਼ਟ ਸੰਕੇਤਾਂ ਤੇ ਵਿਆਕਰਣ ਦੇ ਨਿਯਮਾਂ ਦੀ ਅਨੁਸਾਰੀ ਨਹੀਂ ਹੋ ਸਕਦੀ। ਇਸ ਭਾਸ਼ਾ ਵਿਚੋਂ ਗੰਵਾਰਤਾ, ਅਨਪੜ੍ਹਤਾ, ਅਗਿਆਨਤਾ, ਵਿਹੜਿਆਂ, ਬਸਤੀਆਂ, ਟੋਲੀਆਂ ਤੇ ਪਿੰਡਾਂ ਦਾ ਯਥਾਰਥ ਝਲਕਣਾ ਅਵੱਸ਼ਕ ਹੈ ਜਿਸ ਵਿਚ ਗਾਲ੍ਹਾਂ ਵੀ ਇਕ ਸਹਿਜ ਭਾਸ਼ਕ ਮੁਹਾਵਰੇ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਪੰਜਾਬੀ ਦੇ ਕਈ ਸਮਰੱਥ ਕਥਾਕਾਰਾਂ ਨੇ ਅਜਿਹੀ ਨਿਵੇਕਲੀ ਭਾਸ਼ਾ ਦੀ ਸਿਰਜਣਾ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਸਭਿਅਕ ਤੇ ਮਿਆਰੀ ਭਾਸ਼ਾ ਦੀ ਬਜਾਇ 'ਵਿਹੜਿਆਂ' ਜਾਂ ਪਿੰਡਾਂ ਦੀ ਭਾਸ਼ਾ ਰਾਹੀਂ ਦਲਿਤ ਜੀਵਨ ਦੀ ਕਰੂਰ ਵਸਤੂ-ਸਥਿਤੀ ਦੇ ਯਥਾਰਥ ਨੂੰ ਬਹੁਤ ਉਤਕ੍ਰਿਸ਼ਟ ਰੂਪ ਵਿਚ ਪੇਸ਼ ਕੀਤਾ ਗਿਆ ਹੈ :-

ੳ) "ਉਇ ਕੰਜਰਾ ਰੱਬਾ! ਤੂੰ ਸਾਥੋਂ ਗਰੀਬਾਂ ਤੋਂ ਈ ਬਦਲੇ ਲੈਣੇ ਸੀ ਉਇ.... ਮੈਂ ਈ ਤੇਰਾ ਕੋਈ ਅਗਲੇ ਪਿਛਲੇ ਜਨਮਾਂ ਦਾ ਲੇਖਾ ਦੇਣਾ ਸੀ .... ਉਇ ਕੰਜਰ ਦਿਆ ਕੰਜਰਾ।"[8]

ਅ) ਉਹਨਾਂ ਦੱਬਣਿਆਂ ਨੂੰ ਕਹੀਂ ਬਈ ਕਰ ਲੋ ਬੋਲੀ ਲਾ ਲੋ ਜਿਹੜਾ ਜੋਰ ਲਾਉਣਾ। ਜੈ ਖਾਣੇ ਚੂਹੜੇ ਦੀ ਰੋਟੀ ਪੱਕਦੀ ਨੀ ਬੋਲੀ ਦੇ ਲੈਣਗੇ ਏਹੇ। ਕੁੜੀ ਉਹੋ ਨਰਸ ਜਿਹੀ ਬਾਹਮਣਾਂ ਦੇ ਖੇਹ ਖਾਂਦੀ ਫਿਰਦੀ ਐ.....ਚੋਦਿਆ ਬੋਲੀ ਕਰਾਉਣ ਦਾ....।[9]

ੲ) "ਭੈਂ ਚੋ ਸ਼ਦਾਈ ਨਾ ਹੋਵੇ ਤਾਂ ..... ਚੜੱਤ!....ਤੇਰੇ ਨਾਲ ਵਿਆਹ ਕਿਵੇਂ ਕਰਵਾ ਲਊ ਉਹ ? ਉਹ ਉੱਚੀ ਜਾਤ ਦੀ, ਤੂੰ ਮਜ਼ਬੀ।[10]

ਇਹ ਭਾਸ਼ਾ ਵਿਚ ਪੌਰਾਣਿਕ ਪ੍ਰਤਿਮਾਨਾਂ ਤੇ ਪ੍ਰਤੀਕਾਂ ਦੀ ਵਰਤੋਂ ਦੀ ਬਹੁਤੀ ਗੁੰਜਾਇਸ਼ ਨਹੀਂ। ਜਿਥੇ ਅਜਿਹੇ ਪ੍ਰਤਿਮਾਨਾਂ ਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਵੀ ਗਈ ਹੈ, ਉਥੇ ਇਨ੍ਹਾਂ ਦੇ ਅਰਥਾਂ ਨੂੰ

ਵਰਤਮਾਨ ਪ੍ਰਸੰਗ ਵਿਚ ਪੁਨਰ ਸਿਰਜਿਆ ਗਿਆ ਹੈ।

ਸਮੁੱਚੀ ਪੰਜਾਬੀ ਨਵੀਂ ਕਹਾਣੀ, ਵਾਂਗ ਨਵੀਂ ਦਲਿਤ ਕਹਾਣੀ ਮੈਂ ਮੂਲਕ ਸਿਰਜਣ-ਜੁਗਤ ਵੱਲ ਸਪੱਸ਼ਟ ਝੁਕੀ ਹੋਈ ਦਿੱਸਦੀ ਹੈ ਭਾਵੇਂ ਕਿ ਅਨਯ ਪੁਰਖ ਵਿਚ ਚੰਗੀ ਕਹਾਣੀ ਬਰਾਬਰ ਲਿਖੀ ਜਾ ਰਹੀ ਹੈ। ਡਾ. ਜਸਵਿੰਦਰ ਸਿੰਘ ਨੇ ਤਾਂ ਸ਼ਿਲਪ ਪੱਖੋਂ ਨਵੀਂ ਕਹਾਣੀ ਨੂੰ 'ਬਹੁ-ਸੁਰ ਅਤੇ ਮੈਂ ਮੂਲਕਤਾ ਦੀ ਜਟਿਲ ਕਹਾਣੀ ਦਾ ਨਾਂ ਦਿੱਤਾ ਹੈ। ਮੈਂ ਮੂਲਕ ਜੁਗਤ ਰਾਹੀਂ ਕਥਾਕਾਰ ਆਤਮ-ਅਨੁਭਵ ਦੀ ਅਨੁਭੂਤੀ ਦਾ ਇਕ ਪ੍ਰਮਾਣਿਕ ਸਰੂਪ, ਇਕ ਪ੍ਰਮਾਣਿਕ ਸੱਚ ਪੇਸ਼ ਕਰਨ ਦਾ ਭੁਲਾਂਦਰਾ ਖੜਾ ਕਰਦਾ ਹੈ ਤਾਂ ਕਿ ਇਹ ਅਨੁਭਵ ਵਧੇਰੇ ਗ੍ਰਹਿਣਯੋਗ, ਵਧੇਰੇ ਪ੍ਰਵਾਨਯੋਗ ਹੋ ਸਕੇ। ਵੈਸੇ ਵੀ ਸਮੁੱਚੇ ਦਲਿਤ ਸਾਹਿਤ ਵਿਚ ਆਤਮਾ-ਕਥਾ ਦੀ ਵਿਧੀ ਵਿਸ਼ੇਸ਼ ਰੂਪ ਵਿਚ ਕਾਰਜਸ਼ੀਲ ਦਿਖਾਈ ਦਿੰਦੀ ਹੈ। ਦਲਿਤ ਜੀਵਨ ਦੇ ਉਕਤ ਅਨੁਭਵ-ਸਰੂਪ ਪਿੱਛੇ ਦਲਿਤ ਸਾਹਿਤ ਦੀ ਇਹ ਵਿਵਾਦ ਗ੍ਰਸਤ ਧਾਰਨਾ ਹੈ ਕਿ 'ਜਿਨ੍ਹਾਂ ਨੇ ਭੋਗਿਆ ਨਹੀਂ ਹੈ-ਉਹ ਸਿਰਫ ਸੰਵੇਦਨਸ਼ੀਲਤਾ ਦੇ ਆਧਾਰ 'ਤੇ ਹੀ ਲਿਖ ਸਕਦੇ ਹਨ ਜਾਂ ਆਪਣਾ ਸਮਰਥਨ ਦੇ ਸਕਦੇ ਹਨ। ਆਤਮ ਅਨੁਭਵ ਪ੍ਰਮਾਣਿਕ ਸੱਚ ਤਾਂ ਉਹੀ ਲਿਖੇਗਾ ਜਿਸ ਨੇ ਭੋਗਿਆ ਹੈ'....[12] ਲੇਕਿਨ, ਕਹਾਣੀ ਵਿਚ ਭਾਵੇਂ ਮੈਂ ਮੂਲਕਤਾ ਦੀ ਜੁਗਤ ਰਾਹੀਂ ਵੇਦਨਾ 'ਮੈਂ' ਦੀ ਹੀ ਪੇਸ਼ ਹੋ ਰਹੀ ਹੋਵੇ, ਅੰਤ ਵਿਚ ਇਸ ਨੇ ਸਮੂਹਕਤਾ ਦੇ ਚਰਿੱਤਰ ਵਿਚ ਢਲ ਕੇ ਸਮੁੱਚੇ ਦਲਿਤ ਸਮਾਜ ਦੀ ਵੇਦਨਾ ਦੀ ਸੁਰ ਹੀ ਬਣਨਾ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਇਹ ਜੁਗਤ ਆਪਣੀ ਕਲਾਤਮਿਕ ਸਾਰਥਕਤਾ ਗੁਆ ਬਹਿੰਦੀ ਹੈ। ਵਿਹਾਰਕ ਰੂਪ ਵਿਚ ਮੈਂ ਮੂਲਕਤਾ ਦੀ ਜੁਗਤ ਜਾਂ ਇਸ ਨਾਲ ਜੁੜੀਆਂ ਕੁਝ ਹੋਰ ਤਕਨੀਕੀ ਜੁਗਤਾਂ ਚੇਤਨਤਾ ਪ੍ਰਵਾਹ ਦੀ ਵਿਆਪਕ ਵਿਧੀ ਦੇ ਅੰਤਰਗਤ ਹੀ ਕਾਰਜਸ਼ੀਲ ਹੁੰਦੀਆਂ ਹਨ। ਵਸਤੂ ਯਥਾਰਥ ਦੀ ਇਤਿਹਾਸਕ ਸਥਿਤੀ ਦੇ ਵਧੇਰੇ ਦਬਾਓ ਪੂਰਨ, ਤਣਾਓ ਪੂਰਨ ਤੇ ਵਿਸਫੋਟਕ ਹੋਣ ਕਾਰਨ ਇਨ੍ਹਾਂ ਕਹਾਣੀਆਂ ਦੇ ਪਾਤਰ ਇਕ ਵਿਸ਼ੇਸ਼ ਤਰ੍ਹਾਂ ਦੇ ਚੇਤਨ-ਅਵਚੇਤਨ ਦਵੰਦ ਵਿਚ ਗੁਜ਼ਰਦੇ ਹਨ। ਚੇਤਨ-ਅਵਚੇਤਨ ਦਾ ਇਹ ਦਵੰਦ ਸਥਿਤੀ ਦੀ ਕਰੂਰਤਾ, ਬਰਬਰਤਾ, ਵਿਸ਼ਮਤਾ ਤੇ ਕਰੜੇ ਸੰਘਰਸ਼ ਦੀ ਅਨਿਵਾਰਤਾ ਨੂੰ ਉਭਾਰਦਾ ਹੈ। ਇਸ ਦਵੰਦ ਨਾਲ-ਨਾਲ ਤਣਾਓ, ਪ੍ਰਤੀਕ, ਚਿੰਨ, ਬਿੰਬ, ਸੁਪਨਾ, ਯਾਦਾਂ, ਮਿਥ, ਇਤਿਹਾਸ, ਵਿਅੰਗ, ਵਿਡੰਬਨਾ, ਸੰਕੇਤ, ਕਥਾ ਦਾ ਖੁੱਲ੍ਹਾ ਅੰਤ ਆਦਿ ਜੁਗਤਾਂ ਦਲਿਤ ਜੀਵਨ ਯਥਾਰਥ ਦੀ ਤਣਾਓਸ਼ੀਲ, ਸੰਕਟਗ੍ਰਸਤ, ਵਿਰੋਧਾਭਾਸਕ ਤੇ ਕਰੂਰ ਹੋਂਦ ਨੂੰ ਉਭਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਵਿਸ਼ੇਸ਼ ਤਰ੍ਹਾਂ ਦੇ ਸ਼ਬਦਾਂ, ਚਿੰਨ੍ਹਾਂ, ਵਾਕੰਸ਼ਾਂ ਤੇ ਮੁਹਾਵਰਿਆਂ ਦੀ ਵਰਤੋਂ ਇਸ ਯਥਾਰਥ ਦੇ ਰੰਗ ਨੂੰ ਹੋਰ ਵੀ ਗੂੜ੍ਹਾ ਕਰਦੀ ਹੈ।

ਦਲਿਤ ਪੰਜਾਬੀ ਕਹਾਣੀ ਨੇ ਦਲਿਤ ਜੀਵਨ ਦੇ ਇਕ ਪੂਰੇ ਦੇ ਪੂਰੇ ਅਨੁਭਵ-ਸੰਸਾਰ ਨੂੰ ਕਥਾ ਵਸਤੂ ਦੇ ਰੂਪ ਵਿਚ ਅਗਰਭੂਮੀ ਵਿਚ ਲਿਆਂਦਾ ਹੈ। ਇਸ ਅਨੁਭਵ ਸੰਸਾਰ ਦੇ ਨਾਲ ਹੀ ਇਕ ਨਵੀਂ ਅਨੁਭੂਤੀ, ਨਵੀਂ ਚੇਤਨਾ, ਨਵੀਂ ਦ੍ਰਿਸ਼ਟੀ, ਨਵਾਂ ਸ਼ਬਦ-ਸੰਸਾਰ ਤੇ ਸ਼ਿਲਪ ਅਤੇ ਵੇਦਨਾ ਤੇ ਵਿਦਰੋਹ ਦਾ ਇਕ ਨਵਾਂ ਰਸਾਇਣ ਸਾਹਮਣੇ ਆਇਆ ਹੈ। ਇਕ ਭਰੂਪਰ ਪ੍ਰਵਿਰਤੀ ਦੇ ਰੂਪ ਵਿਚ ਇਸ ਦੀ ਸਥਾਪਤੀ ਨਿਸ਼ਚਿਤ ਹੈ। ਇਹ ਹੁਣ ਸਾਡੇ ਕਥਾਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਦਲਿਤਾਂ ਦੀ ਵੇਦਨਾ ਤੇ ਵਿਸ਼ਾਦ ਦੇ ਗਲਪ-ਬਿੰਬ ਸਿਰਜਦਿਆਂ ਵਸਤੂ ਤੇ ਦ੍ਰਿਸ਼ਟੀ ਪੱਖੋਂ ਜਾਤੀਵਾਦ/ਦਲਿਤਵਾਦ ਦਾ ਸ਼ਿਕਾਰ ਹੋਣ ਦੀ ਥਾਂ ਢੁਕਵੇਂ ਸ਼ਿਲਪੀ ਮੁਹਾਵਰੇ ਦੀ ਤਲਾਸ਼ ਕਰਨ।

*(ਮੁਖੀ, ਪੰਜਾਬੀ ਵਿਭਾਗ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ)*





## ਬੋਲੀਓਂ ਰਹਿਤਲੋਂ ਵਾਂਝੀ ਨਸਲ / *ਆਸਫ ਮਹਿਮੂਦ*

ਪੜ੍ਹੇ ਲਿਖੇ ਪੰਜਾਬੀਆਂ ਵਿਚੋਂ ਹੁਣ ਚੋਖੇ ਆਪਣੇ ਕੁਛੜ ਦਿਆਂ ਬਾਲਾਂ ਨਾਲ ਵੀ ਉਰਦੂ ਵਿੱਚ ਬੋਲਣ ਲੱਗ ਪਏ ਨੇ। ਇਹ ਰਿਵਾਜ ਕੋਈ ਪੰਝੀ ਤਰੀਹ ਵਰ੍ਹੇ ਪਹਿਲੋਂ ਵੱਡੇ ਵੱਡੇ ਸ਼ਹਿਰਾਂ ਤੋਂ ਟੁਰਿਆ ਸੀ ਤੇ ਹੁਣ ਹੌਲੀ ਹੌਲੀ ਪਿੰਡਾਂ ਤਾਈਂ ਵੀ ਅੱਪੜਦਾ ਜਾਂਦਾ ਏ, ਇੰਝ ਦਿਆਂ ਘਰਾਂ ਵਿੱਚ ਉਹਨਾਂ ਅਨਪੜ੍ਹ ਨੌਕਰਾਂ ਨੂੰ ਵੀ ਬਾਲਾਂ ਨਾਲ ਉਰਦੂ ਬੋਲਣ ਦਾ ਹੁਕਮ ਹੁੰਦਾ ਏ, ਜਿਹੜੇ ਉਰਦੂ ਦੀ ਅਲਫ ਬੇ ਵੀ ਨਹੀਂ ਜਾਣਦੇ ਤੇ ਗਲੀ ਮਹੱਲੇ ਦੇ ਬਾਲਾਂ ਨਾਲ ਵੀ ਮਾਪੇ ਉਹਨਾਂ ਨੂੰ ਏਸੇ ਹੀ ਡਰ ਤੋਂ ਖੇਡਣ ਨਹੀਂ ਦਿੰਦੇ, ਜੋ ਕਿਤੇ ਬਾਲ ਦੀ ਉਰਦੂ ਨ ਵਿਗੜ ਜਾਵੇ। ਫੇਰ ਵੀ ਬਾਲ ਆਪਣੀ ਮਾਂ ਬੋਲੀ ਦਾ ਕੋਈ ਇਕ ਅੱਧਾ ਲਫ਼ਜ਼ ਜੇ ਵਖਤਾਂ ਨਾਲ ਸਿੱਖ ਈ ਜਾਵਣ ਤਾਂ ਮਾਪੇ ਉਹਨਾਂ ਨੂੰ ਟੋਕਦੇ ਤੇ ਜਾਹਲਾਂ ਵਾਲੀ ਬੋਲੀ ਬੋਲਣ ਦਾ ਮਿਹਣਾ ਮਾਰ ਕੇ ਮਖੌਲ ਕਰਦੇ ਨੇ। ਅਜੇਹੇ ਮਾਪਿਆਂ ਦੇ ਭਾਣੇ ਉਹਨਾਂ ਦੇ ਬਾਲਾਂ ਦਾ ਇੰਝ ਆਪਣੀ ਧਰਤੀ ਦੀ ਬੋਲੀ ਤੋਂ ਅਣਜਾਣ ਹੋਣਾ ਕੋਈ ਮਾਣ ਵਾਲੀ ਗੱਲ ਏ। ਇੰਝ ਦੇ ਬਾਲ ਜਦੋਂ ਹੋਸ਼ ਸੰਭਾਲਦੇ ਨੇ ਤਾਂ ਪਹਿਲੇ ਪਹਿਲ ਉਹ ਵਿਚਾਰੇ ਵੀ ਅਜਬ ਇਕ ਭੰਬਲ-ਭੂਸੇ ਵਿੱਚ ਪੈ ਜਾਂਦੇ ਨੇ ਪਈ ਉਹਨਾਂ ਦੇ ਮਾਪੇ ਆਪਸ ਵਿੱਚ ਆਪਣੇ ਹਾਣੀਆਂ ਨਾਲ ਉਹੋ ਬੋਲੀ ਬੋਲਦੇ ਨੇ, ਜਿਹੜੀ ਬੋਲਣ ਤੋਂ ਉਹਨਾਂ ਨੂੰ ਹਟਕਿਆ ਹੋਇਆ ਹੁੰਦਾ ਏ। ਪਰ ਮਾਪੇ ਝਾੜ ਝੰਬ ਕੇ ਉਹਨਾਂ ਨੂੰ ਚੁੱਪ ਕਰਵਾ ਦੇਂਦੇ ਨੇ ਤੇ ਇਹ ਬਾਲ ਵੀ ਹੌਲੀ ਹੌਲੀ ਏਸ ਮਨਾਫਕਤ (ਵਿਖਾਵੇ ਦੀ ਦੋਸਤੀ) ਨੂੰ ਕਬੂਲ ਕਰ ਲੈਂਦੇ ਨੇ।

ਇੰਝ ਦੇ ਬਾਲ ਅਖੀਰ ਵੱਡੇ ਹੋ ਕੇ ਜਦੋਂ ਘਰੋਂ ਬੰਨੇ ਨਿਕਲਦੇ ਨੇ ਤੇ ਹਰ ਪਾਸੇ ਉਹਨਾਂ ਨੂੰ ਪੰਜਾਬੀ ਬੋਲੀ ਨਾਲ ਈ ਵਾਹ ਪੈਂਦਾ ਏ, ਪਰ ਏਥੇ ਆਣ ਕੇ ਮਾੜੇ, ਸੌਖੇ ਘਰਾਂ ਦੇ ਬਾਲਾਂ ਵਿੱਚ ਇਕ ਫਰਕ ਹੋਰ ਪੈ ਜਾਂਦਾ ਏ। ਜਿਹੜੇ ਸੁਖਾਲੇ ਘਰਾਂ ਦੇ ਬਾਲ ਨੇ ਉਹਨਾਂ ਦਾ ਵਾਹ ਵਰਤਣ ਵੀ ਸੁਖਾਲਿਆਂ ਨਾਲ ਵੀ ਚੋਖਾ ਹੁੰਦਾ ਏ। ਏਸ ਕਰਕੇ ਉਹ ਥੋਹੜੀ ਤੇ ਮਾੜੇ ਘਰਾਂ ਦੇ ਬਾਲ ਵਾਹਵਾ ਸਾਰੀ ਪੰਜਾਬੀ ਤਾਂ ਸਿਖ ਈ ਜਾਂਦੇ ਨੇ। ਪਰ ਇੱਕ ਤਾਂ ਇਹਨਾਂ ਬਾਲਾਂ ਦੀ ਪੰਜਾਬੀ ਵਿੱਚ ਉਰਦੂ ਦਾ ਰਲਾ ਵਧ ਜਾਂਦਾ ਏ ਤੇ ਦੂਜਾ ਦਿਲੋਂ ਪੰਜਾਬੀ ਨੂੰ ਹੇਠਲੇ ਮੇਲ ਦੀ ਤੇ ਘਟੀਆ ਬੋਲੀ ਸਮਝਣ ਲੱਗ ਪੈਂਦੇ ਨੇ।

ਇੰਝ ਪੰਜਾਬੀ ਬੋਲੀ ਤੇ ਪੰਜਾਬੀ ਰਹਿਤਲ (ਸੱਭਿਆਚਾਰ) ਦਾ ਪਸਾਰ ਆਪਣੇ ਹੀ ਘਰੋਂ ਲੱਗੀ ਹੋਈ ਸੰਨ੍ਹ ਸਦਕਾ ਸੌੜਾ ਹੁੰਦਾ ਜਾ ਰਿਹਾ ਏ ਤੇ ਡਰ ਏ ਜੋ ਇੱਕ ਦੋ ਪੀੜ੍ਹੀਆਂ ਹੋਰ ਲੰਘਣ ਪਿੱਛੋਂ ਇਹ ਹੌਲੀ ਹੌਲੀ ਉੱਕਾ ਈ ਅਨਪੜ੍ਹਾਂ, ਵਾਹਕਾਂ, ਰਾਹਕਾਂ ਤੇ ਮਾੜਿਆਂ ਨਿਤਾਣਿਆਂ ਦੀ ਬੋਲੀ ਈ ਨਾ ਰਹਿ ਜਾਵੇ। ਦੁਨੀਆ ਦੀ ਹੋਰ ਕੋਈ ਵੀ ਜੀਊਂਦੀ ਜਾਗਦੀ ਕੌਮ ਹੁੰਦੀ ਤਾਂ ਇਹਦੇ ਸੂਝਵਾਨਾਂ ਦੀਆਂ ਤੇ ਇਕ ਪਾਸੇ, ਏਸੇ ਹੀ ਗੱਲ ਉੱਤੇ ਰਾਤਾਂ ਦੀਆਂ ਨੀਂਦਰਾਂ ਉੱਡ ਜਾਣੀਆਂ ਸਨ। ਪਰ ਸਾਡੀ ਕੌਮ ਨਿਕੜਮੀ ਦਿਆਂ ਸੂਝਵਾਨਾਂ ਦੀ ਸੁਰਤ ਨੂੰ ਏਡੀ ਜਾਗ ਹਾਲੇ ਲੱਗੀ ਕੋਈ ਨਹੀਂ। ਅਸੀਂ ਵੀ ਬੋਲੀ ਦੇ ਬੰਦੇ ਦੇ ਜੀਵਨ ਤੇ ਰਹਿਤਲ ਨਾਲ ਜਿਹੜੇ ਸਾਂਗੇ ਹੁੰਦੇ ਨੇ, ਉਹਨਾਂ ਦੀਆਂ ਨਿਰੋਲ ਰਮਜ਼ਾਂ ਨੂੰ ਫੇਰ ਕਿਸੇ ਵੇਲੇ ਉੱਤੇ ਪਾ ਕੇ ਏਸ ਵੇਲੇ ਮੋਟੀ ਮੋਟੀ ਤੇ ਸਿੱਧੀ ਗੱਲ ਈ ਏਥੇ ਕਰਨਾ ਚਾਹੁੰਦੇ ਹਾਂ, ਜਿਹੜੀ ਝਬਦੇ ਹਰ ਕਿਸੇ ਦੀ ਸਮਝ ਵਿੱਚ ਆ ਸਕਦੀ ਹੋਵੇ।

ਸਾਡੇ ਕਈ ਸੂਝਵਾਨ ਤੇ ਖਾਸ ਕਰ ਨਵੀਂ ਪੋਚ ਦਾ ਉਹ ਪੜ੍ਹਿਆ ਲਿਖਿਆ ਮੇਲ ਜਿਹਨਾਂ ਦੇ ਮਾਪਿਆਂ ਉਹਨਾਂ ਨੂੰ ਪੰਜਾਬੀ ਹੋ ਕੇ ਵੀ ਉਰਦੂ ਸਿਖਾਈ ਏ। ਉਹਨਾਂ ਦੇ ਏਸ ਭੁਲੇਖੇ ਦਾ ਕੂੜ ਸਾਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਏ, ਜੋ ਉਹ ਉਰਦੂ ਨੂੰ ਈ ਆਪਣੀ ਮਾਂ ਬੋਲੀ ਸਮਝਣ ਲੱਗ ਪਏ ਨੇ।

ਇਹ ਨਿੱਕੀ ਜਹੀ ਗੱਲ ਉਹਨਾਂ ਲਈ ਸਮਝਣੀ ਔਖੀ ਹੋ ਗਈ ਏ ਜੇ ਮਾਂ ਬੋਲੀ ਦਾ ਮਤਲਬ ਉਹ ਬੋਲੀ ਨਹੀਂ ਹੋਂਦੀ, ਜਿਹੜੀ ਕਿਸੇ ਦੀ ਅੰਮਾ ਉਹਦੇ ਨਾਲ ਬੋਲਦੀ ਹੋਵੇ। ਮਾਂ ਬੋਲੀ ਦਾ ਸਾਂਗਾ ਅਸਲ ਵਿੱਚ ਧਰਤੀ ਮਾਂ ਨਾਲ ਹੁੰਦਾ ਏ ਤੇ ਇਹ ਨਿਰਾ ਕੋਈ ਲਫ਼ਜ਼ਾਂ ਦਾ ਹੇਰ ਫੇਰ ਨਹੀਂ ਸਗੋਂ ਇਹੋ ਇੱਕ ਨੁਕਤਾ ਏ ਜਿਹਨੂੰ ਸਮਝੇ ਬਿਨਾਂ ਬੋਲੀ ਤੇ ਰਹਿਤਲ ਵਾਲੇ ਸਵਾਲ ਦੀ ਕੋਈ ਵੀ ਪਰਤ ਕਿਸੇ ਦੇ ਪਿੜ ਪੱਲੇ ਨਹੀਂ ਪੈ ਸਕਦੀ।

ਕਿਸੇ ਵੀ ਜੂਹ ਦੀ ਮਾਂ ਬੋਲੀ ਉਸੇ ਧਰਤੀ ਉੱਤੇ ਵੱਸਦੇ ਪੂਰੇ ਸਮਾਜ ਦੀ ਬੋਲੀ ਹੁੰਦੀ ਏ, ਜਿਹੜੀ ਉਸ ਧਰਤੀ ਉੱਤੇ ਵੱਸਦੀ ਖਲਕਤ ਦੀਆਂ ਸੈਂਕੜੇ ਤੇ ਹਜ਼ਾਰਾਂ ਪੀਹੜੀਆਂ ਦੇ ਹਜ਼ਾਰਾਂ ਵਰ੍ਹਿਆਂ ਦੇ ਆਪਸੀ ਮੇਲ-ਵਰਤਨ ਦੇ ਸਮਾਜਿਕ ਜੀਵਨ ਤੇ ਤਜਰਬਿਆਂ ਵਿਚੋਂ ਜੰਮਦੀ ਏ, ਤੇ ਪੂਰੇ ਵਸੇਬ ਦੇ ਇੱਕ ਇੱਕ ਜੀ ਦੇ ਹੱਡਾਂ ਵਿਚ ਰਚੀ ਹੋਈ ਹੁੰਦੀ ਏ। ਇਹ ਉਚੇਚ ਨਾਲ ਕਿਸੇ ਨੂੰ ਵੀ ਸਿਖਣੀ ਨਹੀਂ ਪੈਂਦੀ। ਬੋਲੀ ਦੀ ਪੂਰੀ ਲਫ਼ਜ਼ਾਵਲੀ (ਸ਼ਬਦਾਵਲੀ) ਲਫ਼ਜ਼ਾਂ ਦੇ ਉਹਲੇ ਵਿੱਚ ਲੁਕੀਆਂ ਅਰਥਾਂ ਦੀਆਂ ਮਹੀਨ ਰਮਜ਼ਾਂ ਤੇ ਪਰਤਾਂ, ਲਫ਼ਜ਼ਾਂ ਨੂੰ ਵਰਤਣ ਦੇ ਵੰਨ ਸੁਵੰਨ ਢੰਗ ਤੇ ਬੁੱਲ੍ਹੋਂ ਕਿਰੇ ਇੱਕ ਇੱਕ ਲਫ਼ਜ਼ ਦੇ ਪਿੱਛੇ ਬੋਲਦੇ ਉਸ ਧਰਤੀ ਦੀ ਰਹਿਤਲ ਦੇ ਨਿਰੋਲ ਸੁਰਾਂ ਦੀ ਹਰ ਜੀ ਨੂੰ ਸਾਂਝੀ ਸਮਝ ਹੁੰਦੀ ਹੈ। ਇੰਝ ਦੀ ਬੋਲੀ ਬਾਲ ਜਿੰਨੀ ਆਪਣੇ ਮਾਪਿਆਂ ਤੋਂ ਸਿਖਦਾ ਹੈ ਉਸ ਤੋਂ ਵੱਧਕੇ ਚੋਖਾ ਉਹ ਘਰੋਂ ਬੰਨੇ ਮੋਚੀ, ਨਾਈ, ਟਾਂਗੇ ਵਾਲੇ ਤੇ ਹਲਵਾਈਆਂ ਤੋਂ ਵੀ ਬੇ-ਧਿਆਨੀ ਵਿੱਚ ਅਚੇਤ ਹੀ ਸਿਖਦਾ ਰਹਿੰਦਾ ਏ। ਫੇਰ ਇਹ ਗੱਲ ਵੀ ਚੇਤੇ ਰੱਖਣ ਵਾਲੀ ਏ ਜੋ ਬੋਲੀ ਕੋਈ ਨਿਰਾ ਲਫ਼ਜ਼ਾਂ ਤੇ ਉਹਨਾਂ ਲਫ਼ਜ਼ਾਂ ਨੂੰ ਜੋੜਨ ਵਾਲੇ ਵਿਆਕਰਣ (ਗਰਾਮਰ) ਅਸੂਲਾਂ ਦੀ ਈ ਤੇ ਨਾਂ ਨਹੀਂ ਹੁੰਦਾ। ਜ਼ਾਹਿਰਾ ਗੱਲ ਏ ਜੋ ਬੰਦਾ ਲਫ਼ਜ਼ ਵੀ ਇੰਝ ਦੇ ਈ ਬਣਾਉਂਦਾ ਏ ਜਿਵੇਂ ਦੀਆਂ ਉਹਦੇ ਕੋਲ ਕਰਨ ਲਈ ਗੱਲਾਂ ਹੁੰਦੀਆਂ ਨੇ ਤੇ ਗੱਲਾਂ ਬੰਦੇ ਦੇ ਅੰਦਰ ਦੇ ਉਹਦੇ ਹਾਲਾਤ ਤੇ ਉਹਦੇ ਆਲੇ ਦੁਆਲੇ ਵੱਸਦੇ ਜੀਆਂ ਨਾਲ ਉਹਦੇ ਵਰਤਾਰਿਆਂ ਵਿਚੋਂ ਈ ਪੁੰਗਰਦੀਆਂ ਨੇ। ਏਸ ਕਰਕੇ ਜੋ ਵੀ ਬੋਲੀ ਕਿਸੇ ਜੂਹ ਵਿੱਚ ਬੋਲੀ ਜਾਂਵਦੀ ਏ, ਉਹ ਉਥੋ ਦੇ ਜੁਗਰਾਫੀਆਈ (ਭੂਗੋਲਿਕ) ਸਿਆਸੀ, ਸਮਾਜੀ, ਮਜ਼ਬੀ ਤੇ ਮੁਆਸ਼ੀ (ਸੱਭਿਆਚਾਰਕ) ਹਾਲਾਤ ਨਾਲ ਬੰਦੇ ਦੇ ਹਜ਼ਾਰਾਂ ਵਰ੍ਹਿਆਂ ਦੇ ਘੋਲ ਵਿਚੋਂ ਖੱਟੀ ਹੋਈ ਸਿਆਣਪ ਦਾ ਭੰਡਾਰ ਵੀ ਹੁੰਦੀ ਏ। ਬੋਲੀ ਬੰਦੇ ਲਈ ਨਿਰਾ ਕੋਈ ਗੱਲ ਬਾਤ ਕਰਨ ਦਾ ਵਸੀਲਾ ਈ ਨਹੀਂ ਹੁੰਦੀ, ਸਗੋਂ ਸੋਚਣ, ਗੌਲਣ ਤੇ ਪਰਖਣ ਦਾ ਮੁਹਾੜ ਵੀ ਹੁੰਦੀ ਹੈ। ਪਰ ਜਦੋਂ ਪੰਜਾਬੀ ਆਪਣੇ ਨਿਆਣਿਆਂ ਨੂੰ ਧਰਤੀ ਦੀ ਬੋਲੀ ਛੱਡ ਕੇ ਓਪਰੀ ਬੋਲੀ ਸਿਖਾਵਨ ਦਾ ਚਾਰਾ ਕਰਦੇ ਨੇ ਤਾਂ ਗੱਲ ਏਵੇਂ ਨਹੀਂ ਰਹਿੰਦੀ। ਪੰਜਾਬੀ ਤਾਂ ਜ਼ਾਹਰਾ ਗੱਲ ਏ ਜੋ ਇਹਨਾਂ ਨੂੰ ਮਾਪੇ ਸਿਖਾਂਵਦੇ ਈ ਨਹੀਂ, ਪਰ ਆਉਂਦੀ ਇਹਨਾਂ ਨੂੰ ਕੋਈ ਉਰਦੂ ਵੀ ਨਹੀਂ। ਉਹ ਇਸ ਕਰਕੇ ਜੋ ਅਵਲ ਤਾਂ ਇਹਨਾਂ ਨੂੰ ਸਿਖਾਵਣ ਵਾਲੇ ਇਹਨਾਂ ਦੇ ਮਾਪਿਆਂ ਨੂੰ ਉਰਦੂ ਆਪ ਵੀ ਅਧੂਰੀ ਜਹੀ ਹੀ ਆਉਂਦੀ ਏ, ਉੱਤੋਂ ਬਾਲ ਦੇ ਬੋਲੀ ਸਿਖਣ ਵਿੱਚ ਜਿਹੜੀ ਕਸਰ ਘਰੋਂ ਰਹਿ ਜਾਂਦੀ ਏ, ਉਹਨੂੰ ਉਹ ਘਰੋਂ ਬਣੇ ਮੋਚੀ, ਨਾਈ, ਹਲਵਾਈ ਤੇ ਟਾਂਗੇ ਵਾਲੇ ਤੋਂ ਪੂਰੀ ਨਹੀਂ ਕਰ ਸਕਦਾ ਜਿਸ ਦਾ ਮਤਲਬ ਇਹ ਹੋਇਆ ਪਈ ਇਹਨਾਂ ਬਾਲਾਂ ਨੂੰ ਅਸਲ ਵਿੱਚ, ਕੋਈ ਬੋਲੀ ਨਹੀਂ ਆਉਂਦੀ। ਅਜੇਹੇ ਬਾਲਾਂ ਦੀ ਬੋਲੀ ਉੱਤੇ ਗਹੁ ਕਰਾਂ ਤਾਂ ਇਹਨਾਂ ਦੀ ਲੁਗਾਤ (ਸ਼ਬਦਾਵਲੀ) ਤਿੰਨ ਚਾਰ ਸੌ ਲਫ਼ਜ਼ਾਂ ਤੋਂ ਅੱਗੇ ਮੁੱਕ ਜਾਂਦੀ ਏ, ਜਿਹਦੇ ਨਾਲ ਉਹ ਰੋਜ਼ ਦਿਹਾੜੀ ਦੀ ਗੱਲ ਗੱਲਬਾਤ ਤਾਂ ਕਰ ਲੈਂਦੇ ਨੇ, ਪਰ ਕਿਸੇ ਮਹੀਨ ਤੇ ਗੁੰਝਲਦਾਰ ਗੱਲ ਨੂੰ ਕਰਨ ਜਾਂ ਸਮਝਣ ਲੱਗਿਆਂ ਘੁੰਡੀ ਕਿਸੇ ਨਾ ਕਿਸੇ ਥਾਂ ਉੱਤੇ ਫਸ ਹੀ ਜਾਂਦੀ ਏ।

ਜਿਵੇਂ ਅਸੀਂ ਉੱਤੇ ਵੀ ਗੱਲ ਕੀਤੀ ਹੈ ਜੋ ਕੋਈ ਬੋਲੀ ਆਪਣੀ ਅਸਲ ਵਿੱਚ ਭਾਵੇਂ ਕਿੰਨੀ ਵੀ ਵੱਡੀ ਤੇ ਮੋਕਲੇ ਘੇਰੇ ਵਾਲੀ ਪਈ ਹੋਵੇ, ਪਰ ਆਪਣੀ ਜੂਹ ਤੋਂ ਬਣੇ ਉਹਦੇ ਸਾਰੇ ਗੁਣ ਛਾਂਗੇ ਜਾਂਦੇ ਨੇ,



ਸੋ ਬੋਲੀ ਤੋਂ ਨਿਖੜਨ ਦਾ ਮਤਲਬ ਅਸਲ ਵਿੱਚ ਆਪਣੀ ਤਵਾਰੀਖ, ਆਪਣੀ ਰਹਿਤਲ, ਤੇ ਆਪਣੇ ਅਸਲੋਂ ਨਾਲੋਂ ਨਿਖੜਨ ਦੇ ਤੁਲ ਹੁੰਦਾ ਏ, ਏਸ ਕਰਕੇ ਪੰਜਾਬ ਦਾ ਉਹ ਪੋਚ ਜਿਸ ਬੋਲਣਾ ਸਿਖਿਆ ਈ ਉਰਦੂ ਏ। ਉਹ ਬੋਲੀ ਦੇ ਨਾਲ ਨਾਲ ਆਪਣੀ ਰਹਿਤਲ ਤੋਂ ਵੀ ਵਾਂਝੇ ਰਿਹਾ ਹੋਇਆ ਏ, ਆਪਣੀ ਰਹਿਤਲ ਮਾਪਿਆਂ ਦੇ ਹੱਡਾਂ ਵਿੱਚ ਰਚਣ ਨਹੀਂ ਦਿੱਤੀ ਤੇ ਯੂ. ਪੀ. ਸੀ. ਪੀ. ਦੀ ਰਹਿਤਲ ਤਾਂ ਅਸਲੋਂ ਹੈ ਈ ਓਬੜ।

ਪਰ ਅਸਲਾ ਨਿਰਾ ਏਸ ਨਸਲ ਵਿਚ ਆਈਆਂ ਥੁੜਾਂ ਤੇ ਘਾਟਿਆਂ ਦਾ ਵੀ ਨਹੀਂ। ਬੋਲੀ ਅਸਲ ਵਿੱਚ ਕਿਸੇ ਵੀ ਸਮਾਜ ਵਿੱਚ ਆਪਣੀ ਗੱਲ ਦੂਜਿਆਂ ਨਾਲ ਸਾਂਝਿਆਂ ਕਰਨ ਦਾ ਇੱਕ ਸਾਂਝਾ ਵਸੀਲਾ ਤੇ ਹਰ ਢੰਗ ਦੇ ਸਮਾਜੀ ਵਰਤਾਰਿਆਂ ਦੀ ਮੁੱਢ-ਬੁਨਿਆਦ ਹੁੰਦੀ ਏ, ਏਹੀ ਇੱਕ ਧਾਗਾ ਹੁੰਦਾ ਏ, ਜਿਹੜਾ ਕਿਸੇ ਵੀ ਸਮਾਜ ਦੇ ਸਾਰੇ ਜੀਆਂ ਨੂੰ ਇੱਕੋ ਮਾਲਾ ਵਿੱਚ ਮਣਕਿਆਂ ਹਾਰ ਪਰੋ ਕੇ ਇੱਕ ਕੌਮ ਬਣਾਉਂਦਾ ਏ। ਕਿਸੇ ਸਮਾਜ ਵਿੱਚ ਜੇਕਰ ਬੋਲੀ ਦੀ ਪੱਧਰ ਉੱਤੇ ਕੋਈ ਪਾਟਕ (ਫੁੱਟ) ਪੈ ਜਾਵੇ ਤਾਂ ਪੂਰਾ ਸਮਾਜ ਧੜਿਆਂ ਵਿੱਚ ਵੰਡੀਜ ਕੇ ਇਕ ਦੂਜੇ ਦਾ ਵੈਰੀ ਬਣ ਜਾਂਦਾ ਏ। ਇਹਨਾਂ ਧੜਿਆਂ ਦਾ ਇਹ ਸ਼ਰੀਕਾ ਤੇ ਵੈਰ ਓਨਾ ਹੀ ਕੜਵਾ ਹੁੰਦਾ ਏ, ਜਿੰਨਾ ਦੋਹਾਂ ਧੜਿਆਂ ਦੇ ਵਿਚਕਾਰ, ਮੁਆਸ਼ੀ (ਸਭਿਆਚਾਰਕ) ਵਸੀਲਿਆਂ ਤਾਈਂ ਪਹੁੰਚ ਦਾ ਫਰਕ ਹੁੰਦਾ ਏ। ਤੇ ਏਹੀ ਪਾਟਕ ਏਸ ਵੇਲੇ ਪੰਜਾਬ ਦੇ ਵਸਨੀਕਾਂ ਵਿੱਚ ਬੜੇ ਛੂਹਲੇ ਪੈਰੀਂ ਵਸਦਾ ਜਾ ਰਿਹਾ ਏ। ਜਿਹੜੇ ਮਾਪੇ ਆਪਣੇ ਬਾਲਾਂ ਨੂੰ ਉਰਦੂ ਸਿਖਾ ਰਹੇ ਨੇ, ਉਹ ਨਾਲੋਂ ਨਾਲ ਬੜੇ ਖੁੱਲ੍ਹੇ ਡੁੱਲ੍ਹੇ ਲਫ਼ਜ਼ਾਂ ਵਿੱਚ ਆਪਣੇ ਬਾਲਾਂ ਅੰਦਰ ਆਪਣੀ ਧਰਤੀ ਦੀ ਬੋਲੀ ਤੇ ਏਸ ਬੋਲੀ ਨੂੰ ਬੋਲਣ ਵਾਲਿਆਂ ਦੇ ਬਰਖਿਲਾਫ਼ ਕਰੋਧ ਦਾ ਜ਼ਹਿਰ ਵੀ ਭਰਦੇ ਜਾ ਰਹੇ ਨੇ। ਏਸ ਕਰ ਕੇ ਸਾਡੀ ਨਵੀਂ ਨਸਲ ਦੇ ਜਿਹੜੇ ਜੀ ਪੜ੍ਹ ਲਿਖ ਕੇ ਕਿਸੇ ਚੰਗੇ ਸਮਾਜੀ ਮੁਰਾਤਬੇ (ਅਹੁਦੇ) ਤਾਈਂ ਅੱਪੜ ਜਾਂਦੇ ਨੇ, ਉਹ ਨਾ ਆਪਣੇ ਆਪਣੇ ਤੋਂ ਹੇਠਲੀ ਪੌੜੀ ਉੱਤੇ ਖਲੋਤੇ ਹੋਏ ਭਰਾਵਾਂ ਨਾਲ ਰਲ ਮਿਲ ਕੇ ਜੀ ਸਕਦੇ ਨੇ ਤੇ ਨਾ ਹੀ ਇੰਝ ਕਰਨਾ ਚਾਹੁੰਦੇ ਨੇ। ਸਾਡੀ ਧਰਤੀ ਉੱਤੇ ਏਸ ਵੇਲੇ ਦੋ ਧੜੇ ਇੰਝ ਦੇ ਬਣ ਵੀ ਗਏ ਹੋਏ ਨੇ, ਜਿਹਨਾਂ ਵਿੱਚ ਮਾਲੀ ਪੱਧਰ ਦਾ ਫਰਕ ਤਾਂ ਹੈ ਈ ਏ, ਪਰ ਇਹਦੇ ਨਾਲੋਂ ਨਾਲ ਉਹਨਾਂ ਦੀਆਂ ਬੋਲੀਆਂ ਵੀ ਇੱਕ ਦੂਜੇ ਤੋਂ ਵੱਖ ਨੇ, ਪੜ੍ਹੇ ਲਿਖੇ ਤੇ ਸੁਖਾਲੇ ਮੇਲ ਨੂੰ ਇਸ ਪਾਟਕ ਦੇ ਵਧਣ ਦੀ ਫਿਕਰ ਏਸ ਕਰਕੇ ਕੋਈ ਨਹੀਂ ਜੋ ਇਹਦਾ ਘਾਟਾ ਤਾਂ ਵਧੇਰਾ ਮਾੜਿਆਂ ਤੇ ਹਮਾਤੜਾਂ ਨੂੰ ਈ ਭੋਗਣਾ ਪੈਂਦਾ ਏ। ਪਰ ਇਹਦਾ ਇੱਕ ਸਿੱਧਾ ਸਾਦਾ ਸਿੱਟਾ ਇਹ ਹੈ, ਜੋ ਪੰਜਾਬ ਦੀ ਉਹ ਪਚਾਸੀ ਫੀਸਦ ਖਲਕਤ, ਜਿਹੜੀ ਆਪਣੀ ਮਾਂ ਬੋਲੀ ਨਾਲ ਜੁੜੀ ਹੋਣ ਸਦਕਾ ਆਪਣੇ ਸਮਾਜਕ ਜੀਵਨ ਵਿੱਚ ਪਛੜੀ ਹੋਈ ਏ, ਉਹ ਕੌਮੀ ਪੱਧਰ ਉੱਤੇ ਵੀ ਤਰੱਕੀ ਦੇ ਕਿਸੇ ਆਹਰ ਵਿੱਚ ਆਪਣਾ ਸੀਰ ਘੱਤਣ ਤੋਂ ਆਤਰ ਏ ਤੇ ਜੇਕਰ ਕਿਸੇ ਕੌਮ ਦਾ 85%, ਕੌਮੀ ਵਧਾਰੇ ਦੇ ਹਰ ਕੰਮ ਤੋਂ ਬੰਨੇ ਧੱਕ ਦਿੱਤਾ ਜਾਵੇ ਤਾਂ ਏਸ ਤੋਂ ਵੱਡਾ ਹੋਰ ਕੀ ਕੋਈ ਕੌਮੀ ਹਾਦਸਾ ਹੋ ਸਕਦਾ ਏ।

ਇਹ ਤਾਂ ਗੱਲ ਦਾ ਨਿਰਾ ਇੱਕ ਪੱਖ ਏ। ਜੇਕਰ ਅਸੀਂ ਏਸੇ ਗੱਲ ਨੂੰ ਉਹਨਾਂ ਜੀਆਂ ਦੇ ਵੱਲੋਂ ਹੋ ਕੇ ਵੇਖੀਏ, ਜਿਹਨਾਂ ਨੂੰ ਆਪਣੀ ਧਰਤੀ ਦੀ ਬੋਲੀ ਤੋਂ ਅੱਡਰੀ ਕੋਈ ਹੋਰ ਬੋਲੀ ਆਉਂਦੀ ਹੀ ਨਹੀਂ, ਤਾਂ ਉਹ ਹੌਲੀ ਹੌਲੀ ਸਮਾਜੀ ਵਹਿਣ ਦੇ ਵਿਚੋਂ ਖਦੇੜੇ ਈ ਪਏ ਜਾਂਵਦੇ ਨੇ। ਚੋਖੇ ਅਣਖ ਵਾਲੀ ਗੱਲ ਇਹ ਹੈ ਜੇ ਕੌਮੀ ਪੱਧਰ ਉੱਤੇ ਵੀ ਇਹਨਾਂ ਜੀਆਂ ਨਾਲ ਕਿਸੇ ਢੰਗ ਦਾ ਕੋਈ ਸਾਂਝ-ਵਰਤਾਰਾ ਬਣਾਵਣ ਦਾ ਕਿਸੇ ਨੂੰ ਖਿਆਲ ਨਹੀਂ ਪਿਆ ਆਂਵਦਾ। ਕੋਈ ਉਹਨਾਂ ਨਾਲ ਇਹਨਾਂ ਦੇ ਮਸਲਿਆਂ ਬਾਰੇ ਗੱਲ ਕਰ

ਕੇ ਰਾਜ਼ੀ ਨਹੀਂ। ਇਹਨਾਂ ਨੂੰ ਨਿਰੀਆਂ ਇਕ ਪਾਸੜ ਬਾਣੀਆਂ ਤੇ ਤਕਰੀਰਾਂ ਸੁਣਾਈਆਂ ਜਾਂਦੀਆਂ ਨੇ ਤੇ ਉਹ ਵੀ ਉਰਦੂ ਵਿੱਚ। ਇਹਨਾਂ ਜੀਆਂ ਵਿੱਚ ਆਪਣੀ ਬੋਲੀ ਤੇ ਰਹਿਤਲ ਦੇ ਹੱਕ ਵਿੱਚ ਕਿਸੇ ਸਿਆਸੀ ਲਹਿਰ ਦੇ ਉੱਠਣ ਨੂੰ ਏਸ ਗੱਲ ਦੀ ਦਲੀਲ ਸਮਝ ਲਿਆ ਗਿਆ ਏ, ਜੋ ਇਹਨਾਂ ਆਪਣੀ ਬੋਲੀ ਤੇ ਰਹਿਤਲ ਨਾਲ ਹੋ ਰਹੇ ਧਰੋਹ ਨੂੰ ਦਿਲੋਂ ਕਬੂਲ ਕਰ ਲਿਆ ਹੋਇਆ ਏ। ਇਹ ਦਲੀਲ ਸੱਚੀ ਤਾਂ ਹੋਵੇ ਪਰ ਪੂਰੀ ਨਹੀਂ।

ਪੰਜਾਬੀ ਬੋਲੀ ਦੇ ਹੱਕ ਵਿੱਚ ਭਾਵੇਂ ਲੋਕ-ਪੱਧਰ ਉੱਤੇ ਕੋਈ ਖਾਸ ਉੱਦਮ ਵਿਖਾਈ ਨਹੀਂ ਦੇਂਦਾ, ਪਰ ਆਪਣੀ ਰਹਿਤਲ ਬਾਰੇ ਲੋਕੀਂ ਅਜੇ ਐਡੇ ਅਵੇਸਲੇ ਨਹੀਂ ਹੋਏ। ਓਬੜ ਬੋਲੀਆਂ (ਉਰਦੂ ਦੇ ਨਾਲ ਅੰਗਰੇਜ਼ੀ ਵੀ) ਦੇ ਨਾਲ ਨਹੀਂ ਓਬੜ ਰਹਿਤਲਾਂ ਦੀ ਧਾੜ ਨੂੰ ਸਾਡੇ ਹਠੀਲੇ ਪੰਜਾਬੀ ਬੋਲਣ ਵਾਲੇ ਮੇਲਾਂ ਕਦੇ ਵੀ ਦਿਲੋਂ ਨਾਲ ਕਬੂਲਿਆ। ਆਪਣੀ ਬੋਲੀ ਤੇ ਆਪਣੀ ਰਹਿਤਲ ਦੀ ਰਾਖੀ ਤੇ ਵਾਧੇ ਦਾ ਹੱਕ ਤਾਂ ਸਾਡੇ ਦੇਸ਼ ਦਾ ਕਾਨੂੰਨ ਵੀ ਦਿੰਦਾ ਹੈ ਤੇ ਦੂਜਿਆਂ ਸੂਬਿਆਂ ਦੀ ਖਲਕਤ ਏਸ ਹੱਕ ਦਾ ਪੰਜਾਬ ਨਾਲੋਂ ਢੇਰ ਵਧੇਰਾ ਲਾਭ ਖੱਟ ਵੀ ਰਹੀ ਹੈ। ਪੰਜਾਬ ਦਾ ਪੜ੍ਹਿਆਂ ਲਿਖਿਆ ਮੇਲ, ਜਿਹਦੀਆਂ ਖੱਟੀਆਂ ਵੱਟੀਆਂ ਓਪਰੀ ਬੋਲੀ ਨਾਲ ਜੁੜੀਆਂ ਹੋਈਆਂ ਨੇ, ਤੇ ਜਿਹਦੇ ਹੱਥ ਵੱਸ ਵਿਚ ਸਾਰੇ ਅਖਤਿਆਰ (ਅਧਿਕਾਰ) ਵੀ ਨੇ, ਉਹ ਆਪਣੇ ਜ਼ਾਤੀ ਲਾਲਚ ਸਦਕਾ ਸਮੁੱਚੇ ਪੰਜਾਬ ਦੀ ਪਸਾਰਵੀਂ ਤਰੱਕੀ ਅੱਗੇ ਡੱਕਾ ਲਾ ਕੇ ਖਲੋਤਾ ਹੋਇਆ ਹੈ। ਪਰ ਜਦੋਂ ਕਿਸੇ ਦਾ ਜਾਇਜ਼ ਹੱਕ ਉਹਦੇ ਤੋਂ ਖੱਸ ਲਿਤਾ ਜਾਵੇ ਤਾਂ ਅੱਜ ਹੋਵੇ ਜਾਂ ਕੱਲ੍ਹ ਇਕ ਦਿਨ ਤਾਂ ਆਪਣੇ ਆਪ ਨਾਲ ਹੋਏ ਧਰੋਹ ਦੀ ਸਮਝ ਉਹਨੂੰ ਆ ਹੀ ਜਾਂਦੀ ਏ ਤੇ ਕਿਸੇ ਵੇਲੇ ਇਹਨਾਂ ਮਾੜੇ ਤੇ ਲਿੱਸੇ ਪੰਜਾਬੀਆਂ ਨੂੰ ਵੀ ਲੱਗ ਸਕਦੀ ਏ। ਜਿਹੜੇ ਹੈ ਵੀ ਡਾਢਿਆਂ ਤੋਂ ਚੋਖੇ ਨੇ। ਆਖਰ ਅਸੀਂ ਏਸ ਵੱਲੋਂ ਜੱਗ ਪੱਧਰ ਉੱਤੇ ਜਮਹੂਰੀ ਦੌਰ ਵਿੱਚ ਜੀ ਰਹੇ ਆ ਤੇ ਕਦੀ ਕਦੀ ਜਮਹੂਰੀਅਤ ਦੀ ਤਬਦੀਲੀ ਸਾਡੇ ਦੇਸ਼ ਵਿੱਚ ਵੀ ਨਿੱਕਾ ਮੋਟਾ ਛੱਟਾ ਕੋਈ ਲਾ ਈ ਜਾਂਦੀ ਏ। ਆਪਣਾ ਇਹ ਹੱਕ ਤਾਂ ਖਲਕਤ ਕਿਸੇ ਵੇਲੇ ਵੋਟ ਦੀ ਪਰਚੀ ਉੱਤੇ ਇੱਕ ਨਿੱਕੀ ਜਹੀ ਮੋਹਰ ਛਾਪ ਲਾ ਕੇ ਵੀ ਖੋਹ ਸਕਦੀ ਹੈ ਤੇ ਚੰਗਾ ਨਹੀਂ ਜੋ ਖਲਕਤ ਦਾ ਖੁੱਸਿਆ ਹੋਇਆ ਹੱਕ ਉਹਨੂੰ ਸਹਿਜ ਸੁਭਾਈ ਪਰਤਾ ਦਿੱਤਾ ਜਾਵੇ।

ਪਰ ਕੀ ਲੋੜ ਏ ਸਾਨੂੰ ਏਡਾ ਦੂਰ ਜਾਣ ਦੀ, ਅਸੀਂ ਆਖਰ ਆਪਣੇ ਦੇਸ਼ ਦੇ ਵਾਸੀਆਂ ਵਿਚਕਾਰ ਇੱਕ ਬੇਲੋੜੇ ਪਾਟਕ ਤੋਂ ਬਚਣ ਦਾ ਚਾਰਾ ਕਿਓਂ ਨਾ ਕਰੀਏ, ਜਿਹੜੇ ਪੰਜਾਬੀ ਆਪਣੇ ਬਾਲਾਂ ਨੂੰ ਉਰਦੂ ਸਿਖਾ ਰਹੇ ਨੇ, ਉਹ ਕੋਈ ਏਸ ਲਈ ਤਾਂ ਨਹੀਂ ਇੰਝ ਪਏ ਕਰਦੇ ਜੋ ਉਹ ਉਰਦੂ ਨੂੰ ਕੋਈ ਬੜੀ ਵਧੀਆ ਤੇ ਪੰਜਾਬੀ ਤੋਂ ਵੱਡੀ ਬੋਲੀ ਸਮਝਦੇ ਨੇ। ਇਹ ਤਾਂ ਉਹ ਏਸ ਲਈ ਕਰਦੇ ਨੇ ਜੋ ਬੰਦੇ ਦੀ ਖੁਸ਼ਹਾਲੀ ਤੇ ਤਰੱਕੀ ਦੇ ਸਾਰੇ ਵਸੀਲੇ ਏਸ ਵੱਲੋਂ ਉਰਦੂ ਨਾਲ ਜੁੜੇ ਹੋਏ ਨੇ। ਅੱਜ ਜੇ ਇਹਨਾਂ ਸਾਰਿਆਂ ਵਸੀਲਿਆਂ ਤਾਈਂ ਪਹੁੰਚ ਪੰਜਾਬੀ ਰਾਹੀਂ ਵੀ ਹੋਵਣ ਲੱਗ ਪਏ ਤਾਂ ਇਹੀ ਲੋਕ ਆਪਣੇ ਬਾਲਾਂ ਨੂੰ ਪੰਜਾਬੀ ਸਿਖਾਵਣ ਵਿੱਚ ਓਡੇ ਈ ਉਤਾਵਲੇ ਹੋਸਣ, ਜਿੰਨੇ ਅੱਜ ਉਰਦੂ ਬਾਰੇ ਵਿਖਾਲੀ ਦਿੰਦੇ ਨੇ। ਪਰ ਇਹ ਕੰਮ ਤਾਂ ਸਰਕਾਰ ਦੇ ਕਰਨ ਵਾਲਾ ਏ, ਤੇ ਸਰਕਾਰ ਨੂੰ ਇਹ ਗੱਲ ਸਹਿਜ ਨਾਲ ਸਮਝਣੀ ਚਾਹੀਦੀ ਏ ਜੋ ਇਹ ਗੱਲ ਨਿਰਾ ਦੇਸ਼ ਦੀ ਖਲਕਤ ਵਿੱਚ ਬੇਲੋੜੇ ਪਾਟਕਾਂ ਤੋਂ ਬਚਣ ਤੇ ਦੇਸ਼ ਦੀ ਤਰੱਕੀ ਦੀ ਹੀ ਨਹੀਂ, ਸਗੋਂ ਅਸਲ ਵਿੱਚ ਇਹ ਆਪਣੀ ਧਰਤੀ ਦੇ ਮਾੜੇ ਤੇ ਲਿੱਸੇ ਮੇਲਾਂ ਨੂੰ ਉਹਨਾਂ ਦੀ ਆਪਣੀ ਧਰਤੀ ਉੱਤੇ ਮਾਣ ਨਾਲ ਜੀਵਨ ਦਾ ਹੱਕ ਦੇਣ ਦੀ ਵੀ ਏ।

*(ਪੰਚਮ, ਲਾਹੌਰ ਮਈ 2002 ਵਿਚੋਂ)*





# ਚਾਨਣ ਦੇ ਫੁੱਲਾਂ ਦਾ ਸਿਰਨਾਵਾਂ—ਮਰਮਰੀ ਜੰਗਲ

ਸੁਪ੍ਰਸਿੱਧ ਨੌਜੁਆਨ ਜਦੀਦ ਪੰਜਾਬੀ ਗ਼ਜ਼ਲਗੋ ਹੁਸ਼ਿਆਰਪੁਰ ਵਾਲੇ ਡਾ. ਹਰਚਰਨ ਦਾ ਬਹੁਤ ਪਿਆਰਾ ਗ਼ਜ਼ਲ ਸੰਗ੍ਰਹਿ 'ਮਰਮਰੀ ਜੰਗਲ' ਕੁਕਨੁਸ ਪ੍ਰਕਾਸ਼ਨ ਵਲੋਂ ਛਾਪਿਆ ਗਿਆ ਹੈ। ਸੁੰਦਰ ਤੇ ਉਕਾਈਆਂ ਰਹਿਤ 80 ਸਫਿਆਂ ਵਿੱਚ 69 ਉੱਚ-ਪਾਏ ਦੀਆਂ ਗ਼ਜ਼ਲਾਂ ਸਮੋਈ ਬੈਠੇ ਇਸ ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਵਿਦਵਾਨ ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਲਿਖੀ ਹੈ ਤੇ ਇਸ ਦੇ ਸਾਦੇ ਪਰ ਵਧੀਆ ਦਿੱਖ ਵਾਲੇ ਐਡੀਸ਼ਨ ਦੀ ਕੀਮਤ ਕੇਵਲ 40 ਰੁ. ਮਾਤਰ ਹੈ।

ਡਾ. ਹਰਚਰਨ ਪੰਜਾਬੀ ਦੇ ਉਹਨਾਂ ਕੁਝ ਕੁ ਸਮਰੱਥਾਵਾਨ, ਪ੍ਰਤਿਭਾਵਾਨ, ਸੰਵੇਦਨਸ਼ੀਲ ਅਤੇ ਪੁਰ-ਅਹਿਸਾਸ ਸ਼ਾਇਰਾਂ 'ਚੋਂ ਇਕ ਹੈ ਜਿਨ੍ਹਾਂ ਸਦਕਾ ਅੱਜ ਪੰਜਾਬੀ ਗ਼ਜ਼ਲ ਉਰਦੂ ਹਿੰਦੀ ਦੀ ਗ਼ਜ਼ਲ ਤੋਂ ਦੋ ਕਦਮ ਅਗਾਂਹ ਅਤੇ ਬੁਲੰਦ ਮੁਰਾਤਬੇ ਉੱਤੇ ਪਹੁੰਚੀ ਹੈ। ਸ਼ਾਇਰ ਦੀ ਹੱਥਲੀ ਪੁਸਤਕ ਦੀਆਂ ਗ਼ਜ਼ਲਾਂ ਵਿਚ ਗੰਭੀਰ ਦਾਰਸ਼ਨਿਕਤਾ, ਮਾਨਵੀ ਸਰੋਕਾਰਤਾ, ਅਦਬੀ ਦਾਨਸ਼ਵਰੀ, ਘੋਰ ਨਿਰਾਸ਼ਾ ਤੇ ਕੁੰਠਤ ਗੂੜ੍ਹੇ-ਕਾਲੇ ਹਨ੍ਹੇਰਿਆਂ ਨੂੰ ਘੂਰਦਾ ਸੰਘਰਸ਼ਰਤ ਗੌਰਵਸ਼ਾਲੀ ਮਨੁੱਖ, ਸਮਾਜ ਨੂੰ ਵਧੀਆ ਪਾਸੇ ਪ੍ਰੀਵਰਤਿਤ ਹੁੰਦਾ ਵੇਖਦੀ ਪੁਰ ਨੂਰ ਆਸ ਮੁਖੀ ਅੱਖ, ਵਕਤੋਂ ਪਹਿਲਾਂ ਟੁਟਦੇ ਰਿਸ਼ਤੇ, ਨੈਤਿਕਤਾ ਦਾ ਦੀਵਾਲੀਆ ਪਨ, ਆਪਣੇ ਹੀ ਬੌਣ ਸਾਹਮਣੇ ਚੀਕ ਬੁਲਬੁਲੀ ਹੋਇਆ ਰੋਬੋਟ ਮਨੁੱਖ, ਰਾਜਨੀਤਕ ਤੇ ਧਾਰਮਿਕ ਬਦਫਿਅਲ ਵਰਤਾਰਾ, ਤੇ ਫੋਕ ਲੋਰੀ ਸੰਵੇਦਨਤਾ ਦੇ ਰੰਗ ਕਿਰਮਿਚੀ ਹੋ ਹੋ ਜਾਂਦੇ ਹਨ।

ਡਾ. ਹਰਚਰਨ ਬਾਬਹਿਰ ਸ਼ਾਇਰ ਹੈ। ਵਿਸ਼ੇ ਦੀ ਸਾਦਗੀ, ਸਪੱਸ਼ਟਤਾ ਤੇ ਤਰਲਤਾ ਦੇ ਨਾਲ ਉਸ ਨੇ ਗ਼ਜ਼ਲ ਰੂਪ ਵਿਧਾਨ ਦਾ ਸਹਿਜ ਪ੍ਰਗਟਾਵਾ ਕੀਤਾ ਹੈ। ਸ਼ਾਇਰ ਨੇ ਵੱਖ-ਵੱਖ ਬਹਿਰ ਅਪਣਾ ਕੇ ਸ਼ਬਦ ਸੰਚਾਰ ਦੇ ਨਵੇਂ ਆਯਾਮ ਖੋਲ੍ਹੇ ਹਨ। ਉਸ ਦੀਆਂ 69 ਗ਼ਜ਼ਲਾਂ ਦੀ ਬਹਿਰ-ਸਾਰਨੀ ਇਵੇਂ ਬਣਦੀ ਹੈ।

ੳ) 24 ਗ਼ਜ਼ਲਾਂ = ਬਹਿਰ ਹਜ਼ਜ਼ ਮੁਸਮਨ ਸਾਲਮ : ਵਜ਼ਨ : ਮੁਫਾਈਲੁਨ ਚਾਰ ਵੇਰ ਇਕ ਤੁਕ ਵਿਚ

ਅ) 17 ਗ਼ਜ਼ਲਾਂ = ਬਹਿਰ ਮੁਜਾਰਿਆ ਮੁਸੱਮਨ ਅਖਰਬ : ਵਜ਼ਨ : ਮਫਊਜ ਫਾਇਤਾਨੁ ਦੋ ਵੇਰ ਇਕ ਤੁਕ

ੲ) 17 ਗ਼ਜ਼ਲਾਂ = ਬਹਿਰ ਰਮਲ ਮੁਸੱਮਨ ਮਖਬੂਨ ਮਹਿਜ਼ੂਫ : ਵਜ਼ਨ ਫਾਇਲਾਤੁਨ ਤਿੰਨ + ਫਾਇਲੁਨ

ਸ) 5 ਗ਼ਜ਼ਲਾਂ = ਪੰਜ ਫੇਲੁਨ + ਫੇ

ਹ) 4 ਗ਼ਜ਼ਲਾਂ = 7 ਫੇਲਨ + ਫੇ ਜਾਂ 16 + 14 ਮਾਤਰਾਂ

ਕ) 1 ਗ਼ਜ਼ਲ = ਬਹਿਰ ਮੁਜਾਰਿਆ ਮੁਸੱਮਨ ਅਖਰਬ ਮਕਫੂਫ ਮਹਿਜ਼ੂਫ ਜਿਸਦਾ ਕੁਝ ਔਖਾ ਵਜ਼ਨ ਇਵੇਂ ਹੁੰਦਾ ਹੈ ਮਫਊਜ਼ ਫਾਇਲਾਤ ਮੁਫਾਈਲ ਫਾਇਲੁਨ ਖ) 1 ਗ਼ਜ਼ਲ 6 ਫੇਲੁਨ ਵਿਚ।

ਸ਼ਾਇਰ ਨੇ ਉਕਤ ਸਾਰਨੀ ਮੁਤਾਬਕ ਸਾਰੀਆਂ ਗ਼ਜ਼ਲਾਂ ਅਰੂਜ਼ ਦੇ ਪੰਜਾਬੀ ਗ਼ਜ਼ਲਾਂ ਵਿਚ ਅੱਜ ਚਲੰਤ ਬਹਿਰਾਂ ਵਿਚ ਨਿਭਾਏ ਹਨ। ਡਾ. ਹਰਚਰਨ ਕਾਫੀਆ, ਰਦੀਫ, ਤਲਫ਼ਜ਼ ਅਤੇ ਬਾਕੀ ਸ਼ਿਅਰ ਬਾਰੀਕੀਆਂ ਦਾ ਧਨੀ ਹੈ। ਉਵੇਂ ਤਾਂ ਹੱਥਲੀ ਪੁਸਤਕ ਵਿਚ ਸੋ ਸਾਰੇ ਸ਼ਿਅਰ ਘਰ ਦੀਆਂ ਕੰਧਾਂ ਤੇ ਲਿਖੀਣ ਯੋਗ ਹਨ ਪਰ ਸਫਾ 26 ਉੱਤੇ ਮੁਸਲਸਲ ਗ਼ਜ਼ਲ ਵਿਚ ਜਿਸ ਦਿਲ ਟੁੰਬਵੀਂ ਸੁਰ ਨਾਲ 'ਦਿਲੀ ਦਾ ਅਜੋਕਾ ਚਿਤਰ' ਸ਼ਾਇਰ ਨੇ ਰੂਪਮਾਨ ਕੀਤਾ ਹੈ ਉਸ ਦੀ ਪੂਰਵਤਾ ਨਹੀਂ।

ਕੁਝ ਇਕ ਘਾਟਾਂ ਜਾਂ ਸ਼ਾਇਰੀ ਤੇ ਤੰਗ ਕਾਫੀਅਕ ਉਕਾਈਆਂ ਜਿਨ੍ਹਾਂ ਤੋਂ ਗਾਲਬ ਵੀ ਨਹੀਂ ਬਚਦਾ, ਉਹ ਡਾ. ਹਰਚਰਨ ਵਿਚ ਵੀ ਹਨ। ਤਿੰਨ ਅੱਖਰੀ ਸ਼ਬਦ ਟੁਕੜੀਆਂ ਦਾ ਉਚਾਰਨ ਅਜੇ ਪੰਜਾਬੀ ਵਿੱਚ ਸਰਵਪ੍ਰਵਾਨ ਨਹੀਂ ਹੈ। ਏਸੇ ਲਈ ਅਸੀਂ ਕਹਿੰਦੇ ਹਾਂ ਕਿ ਵਿਗਿਆਨਕ ਪੱਖ ਅਨੁਸਾਰ ਉਰਦੂ ਤੋਲ ਰੱਦ ਕਰਨ ਯੋਗ ਹਨ ਅਤੇ ਪੰਜਾਬ ਦੇ ਲੋਕ ਯਾਨਿਕ ਮੁਹਾਵਰੇ ਮੁਤਾਬਕ ਇਹਨਾਂ ਦਾ ਵਜਨ ਫਅਲ ਜਾਂ ਯਾਰ ਜਾਂ ਵਰਗਾ ਹੋਣਾ ਚਾਹੀਦੀ ਹੈ। ਏਸੇ ਟਕਸਾਲੀ ਨੁਕਤੇ ਤੋਂ ਸ਼ਾਇਰ ਨੇ ਹੁਕਮ ਨੂੰ ਹੁ · ਕਮ ਤੇ ਮਹਿਜ ਨੂੰ ਮ + ਹਿਜ ਗਲਤ ਬੰਨ੍ਹਿਆ ਹੈ। ਏਸੇ ਤਰ੍ਹਾਂ ਅਗਰ ਨੂੰ ਗਰ, ਜੁਬਾਨ ਨੂੰ ਜੁਬਾਂ, ਮੁਸਲਮਾਨ ਨੂੰ ਮੁਸਲਮਾਂ, ਸਕੂਨ ਨੂੰ ਸਕੂੰ ਲਿਖਣਾ ਗਲਤ ਹੈ। ਸ਼ਾਇਰ ਨੇ ਤੋਲ ਮਜਬੂਰੀ ਕਰਕੇ ਬੇਰਹਿਮੀ ਨੂੰ ਬੇਰਹਿਮੀਅਤ ਬੰਨ੍ਹ ਕੇ ਗਲਤ ਕੀਤਾ ਹੈ। ....ਤੇ ਏਨੀਆਂ ਉਕਾਈਆਂ ਵੀ ਖੁਰਦਬੀਨ ਲਾ ਕੇ ਹੀ ਲੱਭੀਆਂ ਹਨ। ਪਾਠਕ ਨੂੰ ਕਿਤੇ ਸਕਤਾ ਨਹੀਂ ਪੈਂਦਾ। ਮਰਮਰੀ ਜੰਗਲ ਤੁਹਾਡੇ ਘਰ ਦੀ ਟਹੁਰ ਵੀ ਵਧਾ ਸਕਦੀ ਹੈ। *(ਸੁਲੱਖਣ ਸਰਹੱਦੀ)*

## ਗੁਲਚੀਨ ਦੇ ਪੱਤਿਆਂ ਦੀ ਇਬਾਰਤ—'ਖੰਡਰ ਖਾਮੋਸ਼ੀ ਤੇ ਰਾਤ'

'ਖੰਡਰ, ਖ਼ਾਮੋਸ਼ੀ ਤੇ ਰਾਤ' ਪੰਜਾਬੀ ਗ਼ਜ਼ਲ ਦੇ ਅੰਬਰੀਂ ਦਿਨ ਚੜ੍ਹੇ ਤੀਕ ਚਮਕਦੇ ਸਿਤਾਰੇ ਸੁਰਿੰਦਰ ਸੋਹਲ ਦਾ ਪਲੇਠਾ ਅਤੇ ਚਰਚਿਤ ਗ਼ਜ਼ਲ ਸੰਗ੍ਰਹਿ ਹੈ। 79 ਸਫਿਆਂ ਵਿਚ ਸੁਸੱਜਤ 60 ਦਿਲਕਸ਼ ਸ਼ਿਅਰਾਂ ਵਾਲੀਆਂ ਗ਼ਜ਼ਲਾਂ ਦੀ ਇਸ ਪੁਸਤਕ ਨੂੰ ਕੁਕਨੁਸ ਪ੍ਰਕਾਸ਼ਨ ਨੇ ਛਾਪਿਆ ਹੈ ਅਤੇ ਇਸ ਦੀ ਕੀਮਤ 40 ਰੁਪਏ ਹੈ। ਇਸ ਦੇ ਬੈਕ ਟਾਈਟਲ ਉੱਤੇ ਉਂਕਾਰਪ੍ਰੀਤ ਟਰਾਂਟੋ ਕਨੇਡਾ ਨੇ ਭੂਮਿਕਾ ਦਾ ਰੋਲ ਨਿਭਾਉਂਦਾ ਅੰਤਿਕਾ ਲਿਖਿਆ ਹੈ। ਟਾਈਟਲ ਸੁਖਵੰਤ ਦਾ ਹੈ।

ਸੁਰਿੰਦਰ ਸੋਹਲ ਦੇ ਬਹੁਤ ਸਾਰੇ ਸ਼ਿਅਰਾਂ ਨੂੰ ਪੰਜਾਬੀ ਮਾਨਸਿਕਤਾ ਟੁੰਬਣ ਅਤੇ ਬੁੱਲ੍ਹਾਂ ਦੇ ਚੁੰਮਣ ਬਣਨ ਦਾ ਮਾਣ ਮਿਲਿਆ ਹੈ ਉਸ ਦਾ ਇਹ ਸ਼ਿਅਰ ਉਸ ਨਾਲ ਡੂੰਘੀ ਜਾਣ ਪਛਾਣ ਕਰਵਾ ਦਿੰਦਾ ਹੈ—

ਅਦਾਲਤ ਵਿਚ ਨਹਕ ਮੁਜਰਿਮ ਖੜ੍ਹਾ ਐਲਾਨ ਕਰਦਾ ਹਾਂ।
ਅਦਲ ਅੰਨ੍ਹੇ ਨੂੰ ਮੈਂ ਦੋਵੇਂ ਹੀ ਅੱਖਾਂ ਦਾਨ ਕਰਦਾ ਹਾਂ।

ਪੰਜਾਬੀ ਗ਼ਜ਼ਲ ਦੀ ਖੂਬੀ ਰਹੀ ਹੈ ਕਿ ਉਸ ਨੇ ਹਰ ਰੋਜ਼ ਨਵਾਂ ਸੂਟ ਪਾਇਆ ਹੈ। ਉਰਦੂ ਦੇ ਘਿਸੇ ਪਿਟੇ ਬਿੰਬ, ਸ਼ਬਦ-ਚਿਤਰ, ਪ੍ਰਤੀਕ ਅਤੇ ਪੁਰਾਤਨਤਾ ਦੀ ਰਾਮ-ਕਾਰ ਨੂੰ ਪਰ੍ਹਾਂ ਵਗਾਹ ਦਿੱਤਾ ਅਤੇ ਨਵੀਂ ਭਾਸ਼ਾ ਨਵੇਂ ਬਿੰਬ ਤੇ ਨਵੀਂ ਨਕੋਰ ਭਾਸ਼ਾ ਅਪਣਾਈ। ਇਹੋ ਹੀ ਪੰਜਾਬੀ ਗ਼ਜ਼ਲ ਦੀ ਜ਼ਿੰਦਾਦਿਲੀ ਹੈ ਤੇ ਏਹੀ ਇਸਦੀ ਜਾਨ। ਸੁਰਿੰਦਰ ਸੋਹਲ ਨੇ ਵੀ ਪੰਜਾਬੀ ਗ਼ਜ਼ਲ ਨੂੰ ਦੂਜਿਆਂ ਨਾਲੋਂ ਕੁਝ ਵੱਧ ਦਲੇਰੀ ਨਾਲ ਨਵੇਂ ਸਿੰਬਲਾਂ ਤੇ ਨਵੇਂ ਚੌਗਿਰਦੇ ਦਾ ਹਾਣੀ ਬਣਾਉਣ ਦਾ ਯਤਨ ਕੀਤਾ ਹੈ। ਉਸ ਨੇ ਤੇਜ਼ੀ ਨਾਲ ਤਬਦੀਲ ਹੋ ਰਹੇ ਪੰਜਾਬੀ ਸਥਾਨਕ ਨੂੰ ਸੰਸਾਰ ਦ੍ਰਿਸ਼ਟੀ ਨਾਲ ਇਕ ਸੁਰ ਕਰਨ ਦਾ ਯਤਨ ਕੀਤਾ ਹੈ। ਐਸਾ ਯਤਨ ਉਸ ਵੱਲੋਂ ਨਾ ਤਾਂ ਪਹਿਲਾ ਹੈ ਤੇ ਨਾ ਆਖਰੀ। ਨਵਾਂ ਗ਼ਜ਼ਲਕਾਰ ਨਵੀਂ ਹੋਂਦਕ ਦ੍ਰਿਸ਼ਟੀ ਨੂੰ ਬਿੰਬ ਤੇ ਸ਼ਬਦ ਦੇ ਰਿਹਾ ਹੈ। ਜਿਵੇਂ ਕਿ ਪੁਸਤਕ ਦੇ ਅੰਤ ਵਿਚ ਲਿਖਿਆ ਗਿਆ ਹੈ ("ਇਹਨਾਂ ਗ਼ਜ਼ਲਾਂ ਨਾਲ ?) ਪੰਜਾਬੀ ਮੁਹਾਵਰੇ ਵਾਲੀ ਗ਼ਜ਼ਲ ਖਤਮ ਹੁੰਦੀ ਹੈ' ਬਿਲਕੁਲ ਗੱਪ ਹੈ। ਇਹ ਯਤਨ ਹਜ਼ਾਰਾਂ ਗ਼ਜ਼ਲਕਾਰਾਂ ਦਾ ਸਾਂਝਾ ਸੋਝੀ ਕਰਮ ਹੈ। ਕੇਵਲ ਇਕ ਸੋਹਲ ਦਾ ਨਹੀਂ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੇਵਲ ਬਰਫ ਨੂੰ ਸਨੋ ਤੇ ਮੈਅ ਨੂੰ ਵਿਸਕੀ ਲਿਖਣ ਨਾਲ ਮੈਟਾਫਰ ਚੇਂਜ ਨਹੀਂ ਹੁੰਦਾ ਸਗੋਂ ਪੰਜਾਬੀਅਤ ਦੇ ਸਗਲ ਵਰਤਾਰੇ ਦੀ ਅਕਾਸੀ-ਬਿਰਤਾਂਤ ਹੀ ਮੈਟਾਫਰ ਚੇਂਜ ਕਰ ਰਿਹਾ ਹੈ। ਹਰ ਹਾਲਤ ਵਿਚ ਹੁਣ ਸਾਨੂੰ ਡਿਸ਼, ਕੰਟੀਨ, ਸ਼ਾਈਲਾਕ, ਸਰਜਰੀ, ਫੋਨ, ਟੀ.ਵੀ. ਜੂਸ,



ਸੀਨਰੀ, ਬਲਬ, ਟਿਊਬ ਈ. ਮੇਲ ਫੋਟੋ ਸਟੇਟ ਆਦਿ ਲੋੜ ਮੁੱਲ-ਪੂਰਕ ਸ਼ਬਦ ਗ਼ਜ਼ਲਾਂ ਵਿਚ ਵੀ ਵਰਤਣੇ ਹਨ। ਸੋਹਲ ਨੇ ਪੱਖੀ, ਘੜੇ, ਕੌਲੇ, ਵੇਲ, ਚੁਲ੍ਹਾ, ਗਰਾਂ, ਪਰੀ ਥੇਹ੍ਹਾਂ ਜਿਹੇ ਪ੍ਰਤੀਕ ਸ਼ਬਦ ਵਰਤ ਕੇ ਨਾ ਤਾਂ ਪੁਰਾਤਨਤਾ ਵਿਖਾਈ ਹੈ ਤੇ ਨਾ ਹੀ ਸਟੈਨੋ ਲਿਖ ਕੇ ਨਵੀਨਤਾ।

ਸੋਹਲ ਬਾਬਹਿਰ ਸ਼ਾਇਰ ਹੈ ਉਸ ਵਿਚ ਗ਼ਜ਼ਲ ਰੂਪ ਦੀ ਪ੍ਰਪੱਕਤਾ ਹੈ। ਉਸ ਦੀਆਂ ਗ਼ਜ਼ਲਾਂ ਦੇ ਛੰਦਾਂ ਬਹਿਰਾਂ ਦੀ ਤਫਸੀਲ ਇਵੇਂ ਹੈ। ਕੁਝ ਗਜ਼ਲਾਂ = 60

ੳ) ਬਹਿਰ ਰਮਲ ਜਿਹਾਫਾਂ ਨਾਲ 24 ਗ਼ਜ਼ਲਾਂ
ਅ) ਬਹਿਰ ਹਜਜ = 11 ਗ਼ਜ਼ਲਾਂ
ੲ) ਪੰਜ ਫੇਲਨ + ਫੇ = 7 ਗ਼ਜ਼ਲਾਂ,
ਸ) ਸਤ ਫੇਲਨ + ਫੇ = 5 ਗ਼ਜ਼ਲਾਂ
ਹ) ਸਤ ਫੇਲਨ = 3 ਗ਼ਜ਼ਲਾਂ
ਕ) ਬਹਿਰ ਮੁਜਾਰਿਆ ਮੁਸਮਨ ਅਖਰਬ =2 ਗ਼ਜ਼ਲਾਂ
ਖ) ਬਹਿਰ ਮੁਜਾਰਿਆਂ ਮਹਿਜੂਫ = 2 ਗ਼ਜ਼ਲਾਂ
ਗ) ਛੇ ਫੇਲਨ =2 ਗ਼ਜ਼ਲਾਂ
ਘ) ਅੱਠ ਫੇਲਨ ਅਤੇ ਚਾਰ ਫੇਲਨ = ਇਕ, ਇਕ ਗ਼ਜ਼ਲ ਕੁਲ = 60

ਹੱਥਲੀ ਪੁਸਤਕ ਵਿੱਚ ਹਾਥੀ ਨੁਮਾ ਉਕਾਈਆਂ ਵੀ ਹਨ। ਸ਼ਾਇਰ ਨੇ ਪੁਸਤਕ ਦੇ ਅਖੀਰ ਵਿਚ ਸਾਢੇ ਪੰਜ ਦਰਜਣਾਂ ਤੋਂ ਇਕ ਵੱਧ ਅਫਰਾਊਂ ਸ਼ਿਅਰ ਦਾ ਜਮ ਘਟਾ ਕਰਕੇ ਗਲਤ ਪਿਰਤ ਨੂੰ ਮੂੰਹ ਮਾਰਿਆ ਹੈ। ਜਿਸ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਸ ਤਰ੍ਹਾਂ 2-2, 4-4 ਸ਼ਿਅਰ ਪੁਸਤਕ ਵਿਚ ਅਫਰਾਊਂ ਰੂਪ ਵਿਚ ਧੱਕਣੇ ਸ਼ਾਇਰ ਦੀ ਪ੍ਰਤਿਭਾ ਤੇ ਆਮੂਦ ਉੱਤੇ ਪ੍ਰਸ਼ਨ ਚਿੰਨ੍ਹ ਵੀ ਹੈ। ਇਕ ਗ਼ਜ਼ਲ ਕੇਵਲ ਚਾਰ ਸ਼ਿਅਰਾਂ ਦੀ ਹੈ ਜੋ ਗਲਤ ਹੈ। ਘੱਟੋਘੱਟ ਪੰਜ ਸ਼ਿਅਰ ਚਾਹੀਦੇ ਹਨ। ਸ਼ਾਇਰ ਨੇ ਬਹੁਤ ਥਾਈਂ ਸ਼ਬਦਾਂ ਦਾ ਗਲਤ ਉਚਾਰਨ ਬੰਨ੍ਹ ਦਿੱਤਾ ਹੈ ਜਿਵੇਂ ਕਿਉਂ ਨੂੰ IS ਦੇ ਵਜ਼ਨ ਵਿਚ ਬੰਨਣਾ ਗਲਤ ਹੈ। ਏਸੇ ਤਰ੍ਹਾਂ ਹੋਏ ਨੂੰ ਹੁਇ, ਡਿੱਗਣਗੇ ਨੂੰ ਡਿਗਣਗੇ, ਬੀਆਬਾਨ ਨੂੰ ਬੀਆਬਾਂ, ਹੋਣੇ ਨੂੰ ਹੁਣੇ, ਪਥਕਣ = ਪਤਿੱਖਣ, ਦੋ ਧਾਰੀ ਨੂੰ ਦੁਧਾਰੀ। ਇਸ ਤੋਂ ਬਿਨਾਂ ਫੇਲਨ ਵਾਲੇ ਸਾਂਝੇ ਛੰਦਾਂ ਵਿਚ ਬੁਰੀ ਤਰ੍ਹਾਂ ਤੁਕਾਂਗ ਭੰਗ ਹੋ ਗਿਆ ਹੈ। ਬਹੁਤ ਸਾਰੇ ਸ਼ਿਅਰ ਨਵੀਨਤਾ ਦੇ ਨਾਮ ਤੇ ਫੂੰਟਸ ਤੇ ਹਸਾਉਣੇ ਬਣ ਗਏ ਹਨ। *—ਸੁਲੱਖਣ ਸਰਹੱਦੀ*

## ਬੀਜ ਤੋਂ ਬ੍ਰਹਿਮੰਡ ਤੱਕ (ਅਜਾਇਬ ਕਮਲ)

ਅਜਾਇਬ ਕਮਲ ਮੇਰਾ ਸਮਕਾਲੀ ਤੇ ਹਾਣੀ ਅਥਵਾ ਹਮ-ਉਮਰ ਕਵੀ ਹੈ। 1960-65 ਦੇ ਲਾਗੇ-ਚਾਗੇ ਅਸੀਂ ਦੋਵਾਂ ਨੇ ਲੱਗਭਗ ਇਕੱਠੇ ਹੀ ਕਵਿਤਾ ਲਿਖਣੀ ਆਰੰਭ ਕੀਤੀ ਸੀ। ਮੇਰਾ ਪਹਿਲਾ 'ਸੰਗ੍ਰਹਿ ਮਾਰਗ' 1965 ਵਿਚ ਛਪਿਆ ਤੇ ਉਸ ਦਾ ਪਹਿਲਾ ਸੰਗ੍ਰਹਿ 'ਤਾਸ਼ ਦੇ ਪੱਤੇ' ਵੀ ਇਹਨਾਂ ਹੀ ਵੇਲਿਆਂ ਵਿਚ ਛਪਿਆ ਸੀ। ਉਹਨੀਂ ਦਿਨੀਂ ਕਵਿਤਾ ਦੇ ਖੇਤਰ ਵਿਚ ਨਵੇਂ ਪ੍ਰਯੋਗਾਂ ਦੀ ਗੱਲ ਅਜੇ ਸ਼ੁਰੂ ਹੀ ਹੋਈ ਸੀ। ਮੇਰੇ ਸੰਗ੍ਰਹਿ ਦੇ ਆਖਰੀ ਭਾਗ ਵਿਚ ਕੁਝ ਅਜੇਹੀਆਂ ਕਵਿਤਾਵਾਂ ਸ਼ਾਮਿਲ ਨੇ ਜਿਹਨਾਂ ਉੱਤੇ ਪ੍ਰਯੋਗਵਾਦੀ ਰਾਮ-ਰੌਲੇ ਦਾ ਅਸਰ ਹੈ। ਪਰ ਛੇਤੀ ਹੀ ਸਾਡੇ ਦੋਵਾਂ ਦੇ ਕਾਵਿ-ਮਾਰਗ ਵੱਖੋ ਵੱਖਰੀਆਂ ਦਿਸ਼ਾਵਾਂ ਨੂੰ ਤੁਰ ਪਏ।

ਮੇਰੇ ਦੋਸਤ ਪ੍ਰਗਤੀਵਾਦੀ ਵਿਚਾਰਾਂ ਦੇ ਸਮਰਥਕ ਸਨ। ਸਾਡੇ ਦਾਇਰੇ ਵੱਲੋਂ ਸਿਰਜਣਾ ਦੀ ਪ੍ਰਕਾਸ਼ਨਾ ਆਰੰਭ ਹੋ ਚੁੱਕੀ ਸੀ ਤੇ ਅਸੀਂ ਪ੍ਰਯੋਗਵਾਦੀਆਂ ਦੇ ਥੋਥੇ, ਹਲਕੇ, ਸੁਹਜ ਵਿਹੂਣੇ ਤੇ ਨਿਰਾਰਥਕ

ਪ੍ਰਯੋਗਾਂ ਦੇ ਵਿਰੁੱਧ ਸੀ। ਪਰ ਅਜਾਇਬ ਕਮਲ ਤੇ ਰਵਿੰਦਰ ਰਵੀ ਪ੍ਰਯੋਗਾਂ ਦੀ ਗੱਲ ਕਰਨ ਦੇ ਨਾਲ ਨਾਲ ਇਸ ਗੱਲ ਨੂੰ ਇਕ ਲਹਿਰ ਬਣਾ ਕੇ ਤੋਰਨ ਦੀ ਗੱਲ ਕਰਦੇ ਸੀ। ਉਹ ਪ੍ਰਗਤੀਵਾਦੀ ਸਾਹਿਤ-ਸਿਧਾਤਾਂ ਦਾ ਵਿਰੋਧ ਕਰਦੇ, ਨਵੇਂ ਰਾਹਾਂ ਦੀ ਤਲਾਸ਼ ਦੇ ਸਮਰਥਕ ਸਨ। ਇਸ ਕਾਰਨ ਸਮਕਾਲੀ ਤੇ ਹਮ-ਉਮਰ ਹੁੰਦਿਆਂ ਵੀ ਸਾਡੇ ਤੇ ਉਹਨਾਂ ਵਿਚਕਾਰ ਬੁਨਿਆਦੀ ਵਿਚਾਰਧਾਰਕ ਮੱਤਭੇਦ ਸਨ।

'ਤਾਸ਼ ਦੇ ਪੱਤੇ' ਮੈਂ ਖਰੀਦ ਕੇ ਪੜ੍ਹੀ ਤੇ ਬੜੀ ਗਹੁ ਨਾਲ ਪੜ੍ਹੀ ਸੀ। ਅਜੇ ਵੀ ਕੁਝ ਪੰਗਤੀਆਂ ਮੇਰੇ ਅਚੇਤ ਮਨ ਦੀ ਕਿਸੇ ਨੁਕਰੇ ਸਾਂਭੀਆਂ ਹੋਈਆਂ ਹਨ।

ਘੱਗਾ ਰਾਮ ਫਤੂਹੀ ਵਾਲਾ
ਤਿੰਨ ਸੌ ਪੈਂਹਠ ਦਿਹਾੜੇ ਹੀ ਉਹ
ਚਾਹੜੀ ਰੱਖਦਾ ਮੋਟਾ ਖੱਦਰ
ਖਬਰ ਨਹੀਂ ਹੈ
ਕਿਹੜੀ ਗੱਲ ਦਾ
ਖਾਂਦਾ ਰਹਿੰਦਾ ਉਸ ਨੂੰ ਪਾਲਾ।

ਜਾਂ ਫਿਰ

ਇਹ ਮਿੱਤਰ ਵੀ ਕਾਹਦੇ ਮਿੱਤਰ
ਵਾਧੂ ਦਾ ਬੱਸ ਰੌਲਾ ਗੌਲਾ
ਚੁੱਕ ਕੇ ਲੈ ਗਏ ਐਨਕ ਮੇਰੀ
ਦਿਸਦਾ ਮੈਨੂੰ ਝਉਲਾ ਝਉਲਾ।

ਦੂਸਰਾ ਸੰਗ੍ਰਹਿ 'ਸ਼ਤਰੰਜ ਦੀ ਖੇਡ' ਛਪਵਾ ਉਹ ਕੀਨੀਆ ਚਲਾ ਗਿਆ ਤੇ ਫਿਰ ਕਈ ਦਹਾਕੇ ਉਸ ਦੇ ਦਰਸ਼ਨ ਨਾ ਹੋਏ। ਬਾਹਰੋਂ ਹੀ ਉਸ ਦੇ ਖਰੜੇ ਆਉਂਦੇ ਤੇ ਛਪਦੇ ਰਹਿੰਦੇ। ਇਹਨਾਂ ਸੰਗ੍ਰਹਿਆਂ ਦੇ ਅਜੀਬੋ-ਗਰੀਬ ਤੇ ਅਲੋਕਾਰ ਨਾਂ ਹੁੰਦੇ। ਸਿੰਙਾਂ ਵਾਲਾ ਦੇਵਤਾ, ਲਿਖਤੁਮ ਕਾਲਾ ਘੋੜਾ, ਲੰਙੜਾ ਅਸਮਾਨ, ਊਠਾਂ ਵਰਗੇ ਆਦਮੀ ਆਦਿ। ਇਹਨਾਂ ਪੁਸਤਕਾਂ ਦੀ ਸ਼ਾਇਰੀ ਵੱਖਰੀ ਤਰ੍ਹਾਂ ਦੀ ਹੁੰਦੀ। ਰੁੱਖੀ, ਵਿਗਿਆਨਕ, ਸੁਹਜ ਵਿਹੂਣੀ ਤੇ ਸ਼ਾਇਰਾਨਾ ਅੰਦਾਜ਼ ਤੋਂ ਵਿਰਵੀ। ਪਰ ਅਜਾਇਬ ਨੇ ਜਿਹੜੀ ਕਾਵਿ-ਸ਼ੈਲੀ ਦਾ ਰਾਹ ਚੁਣ ਲਿਆ ਸੀ, ਉਸੇ 'ਤੇ ਹੀ ਤੁਰਿਆ ਗਿਆ ਹੈ। ਅਜੇ ਤੀਕ ਉਸ ਨੇ ਇਸ ਔਝੜ ਰਾਹ ਨੂੰ ਤਿਆਗਣ ਤੇ ਸ਼ਾਇਰਾਨਾ ਹੁਸਨ ਨਾਲ ਭਰਪੂਰ ਕਾਵਿ-ਸ਼ੈਲੀ ਦੀਆਂ ਹੋਰ ਵਿਧੀਆਂ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ, ਅਰਥਾਤ ਪ੍ਰਯੋਗਵਾਦੀ ਹੁੰਦਿਆਂ ਵੀ ਪ੍ਰਯੋਗ ਨਹੀਂ ਕੀਤੇ। ਜਿਸ ਗਾਡੀ ਰਾਹ 'ਤੇ ਤੁਰ ਪਿਆ, ਬੱਸ ਤੁਰੀ ਗਿਆ। ਕਦੇ ਪਿੱਛੇ ਜਾਂ ਅੱਗੇ ਝਾਕ ਕੇ ਨਹੀਂ ਵੇਖਿਆ। ਇੰਝ ਪ੍ਰਯੋਗਾਂ ਦਾ ਸ਼ੋਰ ਮਚਾਉਣ ਵਾਲੇ ਖੁਦ ਹੀ ਪ੍ਰਯੋਗਵਾਦ-ਵਿਰੋਧੀ ਹੋ ਕੇ ਰਹਿ ਗਏ ਹਨ। ਸਾਫ, ਸਪੱਸ਼ਟ ਸ਼ਬਦਾਂ ਵਿਚ ਉਹਨਾਂ ਦੀ ਕਵਿਤਾ ਪੜ੍ਹ ਕੇ ਸੁਹਜ ਤੇ ਅੰਦਾਜ਼ੇ-ਬਿਆਂ ਦੇ ਕੋਈ ਨਵੇਂ ਦਿਸਹੱਦੇ ਉਜਾਗਰ ਨਹੀਂ ਹੁੰਦੇ। ਉਰਦੂ ਸ਼ਾਇਰੀ ਵਾਂਗ ਇਹ ਕਵਿਤਾ ਮੂੰਹ 'ਤੇ ਨਹੀਂ ਚੜ੍ਹਦੀ। ਬਾਰ ਬਾਰ ਗੁਣਗੁਣਾਈ ਨਹੀਂ ਜਾ ਸਕਦੀ। ਫੋਕੀ, ਰੁੱਖੀ ਤੇ ਹੁਸਨ-ਵਿਹੂਣੀ ਤੁਕ ਬੰਦੀ ਹੀ ਰਹਿ ਜਾਂਦੀ ਹੈ।

ਹੁਣ ਕਈ ਵਰ੍ਹਿਆਂ ਬਾਅਦ ਅਜਾਇਬ ਕਮਲ ਸੇਵਾ-ਮੁਕਤ ਹੋ ਕੇ ਵਾਪਸ ਭਾਰਤ ਪਰਤਿਆ ਹੈ। ਇਹਨਾਂ ਹੀ ਵਰ੍ਹਿਆਂ ਵਿਚ ਉਸ ਦੇ ਦੋ ਮਹਾਂ-ਗ੍ਰੰਥ, 'ਧਰਤੀ ਨਾਮਾ' ਤੇ 'ਸੂਰਜ-ਨਾਮਾ' ਛਪੇ ਹਨ। ਉਸ ਨੇ ਮੈਨੂੰ 'ਸੂਰਜ ਨਾਮਾ' ਪੜ੍ਹਨ ਲਈ ਦਿੱਤਾ ਸੀ, ਪਰ ਸੱਚ ਮੰਨਿਓ, ਮੈਥੋਂ ਪੜ੍ਹ ਨਹੀਂ ਹੋਇਆ। ਪੜ੍ਹਨ ਲਈ ਪ੍ਰੇਰਤ ਹੀ ਨਹੀਂ ਹੋਇਆ। ਫੋਲ ਫਾਲ ਕੇ ਰੱਖ ਦਿੱਤਾ। ਪਰ ਇਕਾਗਰ ਚਿੱਤ ਹੋ ਕੇ ਅਖੰਡ ਪਾਠ ਕਰਨ ਦੀ ਹਿੰਮਤ ਨਹੀਂ ਪਈ। ਆਖਰ ਕਾਰਨ ਕੋਈ ਇਸ ਗ੍ਰੰਥ ਦੇ ਵਿਚੋਂ ਹੀ ਲੱਭਣਾ ਪਵੇਗਾ। ਇਹ



ਕਵਿਤਾ ਦਿਮਾਗ ਦੀ ਪੱਧਰ 'ਤੇ ਹੀ ਰਹਿ ਜਾਂਦੀ ਹੈ। ਦਿਲ 'ਤੇ ਅਸਰ ਨਹੀਂ ਕਰਦਾ। ਦਿਮਾਗ ਤੋਂ ਦਿਲ ਤੀਕ ਦੀ ਯਾਤਰਾ ਬੜੀ ਕਠਿਨ ਹੁੰਦੀ ਹੈ। ਕਿਤੇ ਕੋਈ ਚੀਜ਼ ਇਸ ਕਵਿਤਾ ਵਿਚੋਂ ਗੈਰ-ਹਾਜ਼ਰ ਹੈ। ਸਾਹਿਤ ਦੇ ਵਿਦਵਾਨ ਹੀ ਦੱਸ ਸਕਦੇ ਹਨ ਕਿ ਗੜਬੜ ਕਿੱਥੇ ਹੈ। 576 ਸਫੇ ਦਾ ਇਹ ਮਹਾ-ਗ੍ਰੰਥ ਮੈਨੂੰ ਅਜੇ ਵੀ ਅਣਗੌਲਿਆ ਅਣ ਪੜ੍ਹਿਆ ਪ੍ਰਤੀਤ ਹੁੰਦਾ ਹੈ। ਏਨੀ ਮਿਹਨਤ ਏਨਾ ਖਰਚਾ ਸ਼ਾਇਦ ਕਿਸੇ ਚੁੱਪ-ਸ਼ਾਜਿਸ਼ ਦਾ ਸ਼ਿਕਾਰ ਨਾ ਹੋ ਗਿਆ ਹੋਵੇ ?

ਹੁਣ ਅਜਾਇਬ ਕਮਲ ਦਾ ਨਵਾਂ ਕਾਵਿ-ਸੰਗ੍ਰਹਿ 'ਬੀਜ ਤੋਂ ਬ੍ਰਹਿਮੰਡ ਤੱਕ' ਪ੍ਰਾਪਤ ਹੋਇਆ ਹੈ। ਉਸ ਨੇ ਇਸ ਨੂੰ ਰਚਨਾ ਪ੍ਰਕਿਰਿਆ ਬਾਰੇ ਐਪਿਕ ਕਵਿਤਾ ਦਾ ਨਾਂ ਦਿੱਤਾ ਹੈ। ਉਸ ਦੇ ਦੱਸਣ ਅਨੁਸਾਰ 'ਉਹ ਕਾਵਿ-ਸ਼ਾਸ਼ਤਰ ਬਾਰੇ ਕੋਈ ਥੀਸਿਸ ਲਿਖਣਾ ਚਾਹੁੰਦਾ ਸੀ, ਪਰ ਹੌਲੀ ਹੌਲੀ ਇਹ ਕਾਰਜ ਕਵਿਤਾ ਰਾਹੀਂ ਕਰਨ ਦਾ ਵਸੀਲਾ ਬਣਦਾ ਗਿਆ। ਇਹ ਸੰਗ੍ਰਹਿ ਕਵਿਤਾ ਨੂੰ ਪ੍ਰਭਾਸ਼ਿਤ ਕਰਨ ਦੀ ਦੀ ਇਕ ਨਵੀਂ ਕੋਸ਼ਿਸ਼ ਹੈ। ਮੈਂ ਇਸ ਨੂੰ ਪਿਛਲੇ ਪਾਸੇ ਤੋਂ ਪੜ੍ਹਨ ਲੱਗਦਾ ਹਾਂ। ਇਹ ਕਿਸੇ ਵੀ ਸਫੇ ਤੋਂ ਪੜ੍ਹੀ ਜਾ ਸਕਦੀ ਹੈ। ਕਾਵਿ-ਸ਼ੈਲੀ ਅਜਾਇਬ ਦੀ ਪਹਿਲਾਂ ਵਾਲੀ ਹੀ ਹੈ—ਸਿਧਾਂਤਕ ਵੱਧ, ਗੂੜ-ਗਿਆਨ ਦੇ ਰੰਗ ਵਾਲੀ ਤੇ ਸੁਹਜਾਤਮਕ ਅਥਵਾ ਰਚਨਾਤਮਿਕ ਘੱਟ। ਇਸ ਸੰਗ੍ਰਹਿ ਵਿਚ ਦੋਵੇਂ ਹੀ ਰੰਗ, ਲਗਭਗ ਰਲੇ ਮਿਲੇ ਹਨ—ਕਿਤੇ ਵਾਰਤਕ, ਕਿਤੇ ਕਵਿਤਾ, ਫੇਰ ਵੀ ਬਹੁਤ ਕੁਝ ਅਣ ਕਿਹਾ ਰਹਿ ਜਾਂਦਾ ਹੈ। ਕਿਤੇ ਕਵਿਤਾ ਧਰਤੀ ਤੋਂ ਉੱਪਰ ਉੱਠਣ ਦਾ ਉਪਰਾਲਾ ਕਰਦੀ ਪ੍ਰਤੀਤ ਹੁੰਦੀ ਹੈ। ਪਰ ਗੂੜ੍ਹ-ਗਿਆਨ ਉਸ ਨੂੰ ਫਿਰ ਹੇਠਾਂ ਖਿਚ ਲਿਆਉਂਦਾ ਹੈ। ਕਿਤੇ ਕਾਵਿਕਤਾ, ਕਿਤੇ ਵਾਂਰਤਕ। ਉਂਝ ਇਹ ਯਤਨ ਵੀ ਇਕ ਪ੍ਰਯੋਗ ਹੀ ਹੈ।

ਕਵਿਤਾ ਬਾਹਰਲਾ ਸੱਚ
ਅੰਦਰਲਾ ਸੱਚ ਹੁੰਦੀ
ਧਰਤੀ ਦਾ ਸੱਚ
ਅੰਬਰ ਦਾ ਸੱਚ ਹੁੰਦੀ (ਪੰਨਾ 87)

ਕਵਿਤਾ ਬਾਰੇ ਹੰਗਾਮਾ ਮਚਾਉਣਾ
ਬੜਾ ਸਹਿਲ, ਬੜਾ ਸੌਖਾ ਹੁੰਦਾ
ਪਰ ਇਸ ਨੂੰ ਪ੍ਰੀਭਾਸ਼ਤ ਕਰਨਾ
ਬੜਾ ਅਸੰਭਵ, ਬੜਾ ਔਖਾ ਹੁੰਦਾ (ਸਫਾ 103)

ਜਿਥੇ ਕਿਤੇ, ਵਿਰਲੇ ਟਾਵੇਂ ਕਵਿਤਾ ਦੇ ਦਰਸ਼ਨ ਹੁੰਦੇ ਹਨ, ਉਹਨਾਂ ਟੁਕੜਿਆਂ ਨੂੰ ਪੜ੍ਹਨ ਨੂੰ ਚਿੱਤ ਕਰਦਾ ਹੈ। ਏਹੀ ਟੁਕੜੇ ਅਜਾਇਬ ਕਮਲ ਦੀ ਪ੍ਰਾਪਤੀ ਹਨ। ਪਰ ਇਹ ਰਚਨਾ, ਐਪਿਕ ਨਹੀਂ ਬਣਦੀ। ਚੰਗਾ ਹੁੰਦਾ ਕਵਿਤਾ ਵਿਚੋਂ ਅਕਵਿਤਾ ਅਥਵਾ ਵਾਰਤਕ ਕੱਢ ਦਿੱਤੀ ਜਾਂਦੀ। ਪਰ ਸ਼ਾਇਦ ਇਹ ਗੱਲ ਸੰਭਵ ਨਹੀਂ ਸੀ। ਹਰ ਕਵੀ ਦੇ ਆਪਣੇ ਹੀ ਕਾਵਿ-ਸਿਧਾਂਤ ਹੁੰਦੇ ਨੇ, ਵੱਖਰੇ, ਨਿੱਜੀ ਤੇ ਅਲੋਕਾਰ।

ਬਚਪਨ ਤੋਂ ਹੀ ਮੇਰੇ ਦਿਲ ਨੂੰ
ਲਾਲ ਪੀਲੇ ਲਿਸ਼ਲਿਸ਼ ਕਰਦੇ
ਉੱਚੇ ਅਸਮਾਨਾਂ ਨੂੰ ਫੜਨ ਦੀ
ਇੱਛਾ ਹੁੰਦੀ ਸੀ
ਤਾਰਿਆਂ ਦਾ ਦੁੱਧ ਚੁੰਘਣ

ਚੰਦ ਨੂੰ ਕਲਾਵੇ 'ਚ ਲੈ ਕੇ ਚੁੰਮਣ ਦੀ ਇੱਛਾ ਹੁੰਦੀ
ਸੂਰਜ ਦੇ ਸੁਨਹਿਰੀ ਰੱਥ 'ਤੇ
ਚੜ੍ਹਨ ਦੀ ਇੱਛਾ ਹੁੰਦੀ ਸੀ। (ਪੰਨਾ 113)

"ਤਾਰਿਆਂ ਦਾ ਦੁੱਧ ਚੁੰਘਣ" ਵਾਲੀ ਗੱਲ ਅਜਾਇਬ ਹੀ ਕਰ ਸਕਦਾ ਹੈ। *(ਹ.ਸ.ਹ.)*

## ਅੱਜ ਤੋਂ ਆਰੰਭ ਤੱਕ / *ਗੁਰਚਰਨ ਰਾਮਪੁਰੀ*

'ਅੱਜ ਤੋਂ ਆਰੰਭ ਤੱਕ' ਪੰਜਾਬੀ ਸਾਹਿਤ ਦੇ ਸੁਪ੍ਰਸਿਧ ਕਵੀ ਗੁਰਚਰਨ ਰਾਮਪੁਰੀ ਦਾ ਉਸ ਦੇ ਪਹਿਲਾਂ ਪ੍ਰਕਾਸ਼ਤ ਹੋ ਚੁੱਕੇ ਛੇ ਕਾਵਿ-ਸੰਗ੍ਰਿਹਾਂ ਨੂੰ ਸੰਯੁਕਤ ਕਰਕੇ ਇਕ ਥਾਂ ਪਰਵਾਨ ਚੜ੍ਹਿਆ ਖੂਬਸੂਰਤ ਕਾਵਿ-ਗ੍ਰੰਥ ਹੈ। ਇਸ ਵੱਡ-ਅਕਾਰੀ ਪੁਸਤਕ ਵਿਚ ਕ੍ਰਮਵਾਰ, ਅਗਨਾਰ, ਕਤਲਗਾਹ ਅੰਨ੍ਹੀ ਗਲੀ, ਕੰਚਨੀ, ਕੌਲ ਕਰਾਰ, ਕਣਕਾਂ ਦੀ ਖੁਸ਼ਬੋ ਅਤੇ ਕਿਰਣਾ ਦਾ ਆਲ੍ਹਣਾ ਨਾਮੀ ਪੁਸਤਕਾਂ ਸਮਿਲਤ ਹਨ। ਤਰਤੀਬ ਪਿਛਲਖੁਰੀ ਹੈ।

ਪ੍ਰੋ. ਮੋਹਨ ਸਿੰਘ ਦੇ ਉਤਰ-ਕਾਲ ਵਿਚ ਪ੍ਰਗਤੀਵਾਦੀ ਕਵਿਤਾ ਦੇ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸਾਹਿਤਕ ਪ੍ਰਵੇਸ਼ ਦੇ ਸੰਦਰਭ ਵਿਚ ਰਾਮਪੁਰੀ ਇਕ ਨਾਮਵਰ ਹਸਤਾਖਰ ਹੈ। ਪ੍ਰਗਤੀਸ਼ੀਲ ਲਹਿਰ ਦੀ ਚੜ੍ਹਤ ਦੌਰਾਨ ਉਸ ਦੇ ਗੀਤ ਅਤੇ ਗਜ਼ਲਾਂ, ਅਗਾਂਹਵਧੂ ਲੋਕ ਲਹਿਰਾਂ ਦੇ ਮੰਚਾਂ ਦਾ ਸ਼ਿੰਗਾਰ ਹੁੰਦੇ ਹਨ। ਉਸ ਦੇ ਗੀਤਾਂ ਵਿਚ ਵਿਸ਼ਵ ਭਰ ਦੇ ਅਰਬਾਂ ਜਨ-ਸਮੂਹਾਂ ਦੇ ਦਿਲਾਂ ਦੀ ਧੜਕਣ ਇਸ ਕਦਰ ਸਮੋਈ ਹੁੰਦੀ ਸੀ ਕਿ ਪ੍ਰੋਗਰਾਮ ਦੇ ਅਗਲੇ ਦਿਨ ਗਲੀਆਂ ਬਜ਼ਾਰਾਂ ਵਿਚ ਛੋਟੇ ਛੋਟੇ ਬਾਲ ਉਸ ਦੇ ਗੀਤਾਂ ਨੂੰ ਗੁਣ-ਗੁਣਾਉਂਦੇ ਆਮ ਸੁਣੇ ਜਾਂਦੇ ਹਨ। ਹਥਲੀ ਪੁਸਤਕ ਦੇ ਪਾਠ ਉਪਰੰਤ ਵੀ ਇਹ ਤੱਥ ਨਿਸ਼ਚੈ ਹੀ ਸਥਾਪਤ ਹੁੰਦਾ ਹੈ ਕਿ ਅਸਾਡਾ ਸਥਾਪਤ ਸ਼ਾਇਰ ਅੱਜ ਵੀ ਲੋਕਾਈ ਦਾ ਦਰਦ ਆਪਣੇ ਸੀਨੇ ਵਿਚ ਸੰਭਾਲੀ ਬੈਠਾ ਹੈ। ਉਸ ਦਾ ਹਰੇਕ ਕਾਵਿ-ਸੰਗ੍ਰਹਿ ਪਹਿਲੇ ਨਾਲੋਂ ਵਧੇਰੇ ਵਿਕਾਸਮਈ ਅਤੇ ਕਲਾਮਈ ਹੋਣ ਦਾ ਕਾਵਿਕ ਪੈਰਾਡਾਈਮ ਸਿਰਜਦਾ ਹੈ। ਉਸ ਨੇ ਜਨ-ਜੀਵਨ ਦੇ ਬਦਲਦੇ ਯਥਾਰਥ ਦੇ ਨਾਲ ਨਿਰੰਤਰ ਆਪਣੀਆਂ ਕਾਵਿ-ਜੁਗਤਾਂ ਨੂੰ ਸੰਵਾਰਿਆ, ਨਿਖਾਰਿਆ, ਸਾਧਿਆ ਅਤੇ ਨਵਆਇਆ ਹੈ। ਉਸਦੀ ਕਵਿਤਾ ਨੇ ਆਪਣਾ ਸਫਰ ਇਕ-ਪਾਸੜ, ਸਪਾਟ ਬਿਆਨਬਾਜ਼ੀ ਦੇ ਝੁਕਾਵਾਂ ਤੋਂ ਆਰੰਭ ਕਰਕੇ ਸੂਖਸ਼ਮ, ਸਹਿਜ-ਭਾਵੀ ਕਾਵਿ-ਜੁਗਤਾਂ (ਸੰਕੇਤਕ, ਬਹੁਪਰਤੀ, ਕੋਮਲਤਾ ਅਤੇ ਸੁਹਜ ਭਰਪੂਰ) ਅਪਨਾਉਣ ਦੇ ਨਾਲ ਨਾਲ ਗੌਲਣਯੋਗ ਮੌਲਿਕ ਬਿੰਬ-ਵਿਧਾਨ ਦੀ ਸਿਰਜਣਾ ਵੀ ਕੀਤੀ ਹੈ। ਉਦਾਹਰਨ ਵਜੋਂ!

1) ਨਗਰ ਦੇ ਜਜਮਾਨ ਭੋਲੇ
ਆਪ ਰੱਖ ਕੇ ਵਰਤ ਉਹਨੂੰ ਚੂਰੀ ਦੇ ਪੇੜ ਚਾਰਦੇ
ਨਸਲ ਉਸ ਦੀ ਹੋ ਗਈ ਹੈ ਅਮਰ ਵੇਲ......। (ਅਗਨਾਰ....23)

2) ਬੱਸ! ਖਿੜੇ ਸਨ ਕੁਝ ਗੁਲਾਬ
ਕੁਝ ਦਿਨਾਂ ਖਾਤਰ ਜਿਨ੍ਹਾਂ 'ਤੇ
ਕਹਿਰ ਦਾ ਆਇਆ ਸ਼ਬਾਬ
ਕਈ ਨੈਣਾਂ ਵਿਚ ਜਾਗੇ
ਮਹਿਕਦੇ ਫੁੱਲਾਂ ਦੇ ਖਾਬ। (ਕਤਲਗਾਹ-3)

ਅਜੋਕੇ ਦੌਰ ਵਿਚ ਕਵਿਤਾ ਦੇ ਸ਼ੀਰਸ਼ਕ ਹੇਠ ਪੰਜਾਂ ਵੰਨਗੀਆਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੋ ਰਹੀਆਂ ਹਨ :- 1) ਨਿਰੋਲ ਵਾਰਤਕ 2) ਵਿਗੜੀ ਵਾਰਤਕ 3) ਕਾਵਿਕੀ ਵਾਰਤਕ 4) ਵਾਰਤਕੀ



ਕਾਵਿ 5) ਕਵਿਤਾ

ਪੰਜਾਬੀ ਸਾਹਿਤ ਦੇ ਗਹਿਰ ਗੰਭੀਰ ਸਮੀਖਿਆਕਾਰਾਂ ਦਾ ਧਰਮ ਬਣਦਾ ਹੈ ਕਿ ਉਹ ਇਹਨਾਂ ਰਚਨਾਵਾਂ ਦਾ ਅੰਗ-ਨਖੇੜ ਕਰਕੇ ਨੌਜਵਾਨ ਪੀੜ੍ਹੀ ਦੀ ਯੋਗ ਅਗਵਾਈ ਕਰਨ। ਜੇਕਰ ਇਸ ਸਮੱਸਿਆ ਦਾ ਸਮਾਧਾਨ ਉਹਨਾਂ ਦੇ ਬੌਧਿਕ ਜਾਂ ਕਰਮ-ਖੇਤਰ ਤੋਂ ਬਾਹਰ ਹੋਵੇ ਤਾਂ ਘੱਟ ਤੋਂ ਘੱਟ ਇਹਨਾਂ ਵਿਧਾਵਾਂ ਦਾ ਵੇਲੇ ਦੀ ਮੰਗ ਅਨੁਸਾਰ ਨਾਮਕਰਣ ਕਰਨ ਦੀ ਜੁਰਅਤ ਪੈਦਾ ਕਰ ਲੈਣ। ਪ੍ਰੰਤੂ ਰਾਮਪੁਰੀ ਕਾਵਿ ਦੀ ਖੂਬੀ ਇਹ ਹੈ ਕਿ ਅਰਧ-ਕਵਿਤਾ, ਨੀਮ-ਕਵਿਤਾ ਅਤੇ ਅਕਵਿਤਾ ਆਦਿ ਦੇ ਦੋਸ਼ਾਂ ਤੋਂ ਸੰਪੂਰਨ ਰੂਪ ਵਿਚ ਮੁਕਤ ਹੈ। ਇਹ ਉਤਰ-ਆਧੁਨਿਕਤਾ, ਅੱਤ-ਉੱਤਰ-ਆਧੁਨਿਕਤਾ (ਦੇਹੀਵਾਦ, ਕੁਰਸੀਵਾਦ, ਛੱਲ-ਕਪਟ ਵਿਦਿਆਵਾਦ ਆਦਿ) ਨੂੰ ਫੈਸ਼ਨ ਵਜੋਂ ਨਹੀਂ ਅਪਨਾਉਂਦਾ। ਇਸ ਦੀ ਆਜ਼ਾਦ ਨਜ਼ਮ ਵਿਚ ਵੀ ਕਵਿਤਾ ਵਾਲੇ ਸਾਰੇ ਗੁਣ ਅੰਸ਼ ਉਪਲਬਧ ਹਨ।

ਦੋਵੇਂ ਵੈਰੀ ਸੋਚਦੇ ਹਨ :
ਯਾਦਸ਼ਕਤੀ ਆਮ ਲੋਕਾਂ ਦੀ ਬੜੀ ਕਮਜ਼ੋਰ ਹੈ
ਕੱਲ੍ਹ ਦਾ ਚੰਗੇਜ਼ ਸ਼ਰਮਿੰਦਾ ਵੀ ਹੈ ਹੱਸਦਾ ਵੀ ਹੈ
ਅੱਜ ਦਾ ਚੰਗੇਜ਼ ਹੈ ਹੈਰਾਨ ਤੇ ਖੁਸ਼ ਵੀ ਰਤਾ
ਅੱਜ ਦਾ ਜ਼ੁਲਮ ਇਹਨਾਂ ਭੁਲ ਜਾਣਾ ਕੱਲ੍ਹ ਨੂੰ
(ਕੰਚਨੀ-17)

ਏਥੇ ਇਸ ਧਾਰਨਾ ਦੀ ਸੰਖੇਪ ਚਰਚਾ ਕਰਨੀ ਦਰਕਾਰ ਹੈ ਕਿ ਕਾਵਿ-ਰਚਨਾ ਛੰਦ ਯੁਕਤ ਵੀ ਹੋ ਸਕਦੀ ਹੈ ਅਤੇ ਛੰਦ ਮੁਕਤ ਵੀ। ਛੰਦ ਯੁਕਤ ਕਵਿਤਾ ਦੀ ਰਚਨ ਪ੍ਰਕਿਰਿਆ ਵਿਚ ਸੁਖ-ਸਹੂਲਤ ਇਹ ਹੈ ਕਿ ਕਵੀ ਕਿਸੇ ਵਿਸ਼ੇਸ਼ ਛੰਦ ਦੇ ਵਿਧੀ-ਵਿਧਾਨ (ਤੋਲ-ਤੁਕਾਂਤ) ਅਤੇ ਪ੍ਰਕਿਰਤੀ ਨੂੰ ਸਿਖ ਸਮਝ, ਗ੍ਰਹਿਣ ਅਤੇ ਅਭਿਆਸ ਕਰਕੇ ਆਪਣੀ ਪ੍ਰਤਿਭਾ ਅਤੇ ਸਮਰੱਥਾ ਅਨੁਸਾਰ ਮਿਆਰੀ ਜਾਂ ਅਣਮਿਆਰੀ ਰਚਨਾ ਕਰਨ ਯੋਗ ਹੋ ਜਾਂਦਾ ਹੈ। ਪ੍ਰੰਤੂ ਛੰਦ-ਮੁਕਤ ਰਚਨਾ ਵਿਚ ਕਾਵਿ-ਰਸ ਦੇ ਸੰਚਾਰ ਰਾਹੀਂ ਪਾਠਕ-ਜਨ ਦੇ ਮਨ ਨੂੰ ਆਨੰਦਤ ਕਰਨ ਲਈ ਅਦੁੱਤੀ ਪ੍ਰਤਿਭਾ ਦੀ ਅਵੱਸ਼ਕਤਾ ਹੈ। ਇਸ ਨੇ ਪੁਰਾਣੀਆਂ ਪ੍ਰੰਪਰਾਵਾਂ, ਮਿੱਥਾਂ ਅਤੇ ਸੰਕਲਪਾਂ ਨੂੰ ਤੋੜ ਕੇ, ਭੰਗ ਕਰਕੇ ਨਵੀਨ ਪ੍ਰਤੀਮਾਨਕ ਧਾਰਨਾਵਾਂ ਸਥਾਪਤ ਕਰਨੀਆਂ ਹੁੰਦੀਆਂ ਹਨ। ਅਜਿਹੀ ਵਿਲੱਖਣ ਪ੍ਰਤਿਭਾ ਕਿਸੇ 'ਮਾਈ ਦੇ ਲਾਲ' ਨੂੰ ਹੀ ਨਸੀਬ ਹੁੰਦੀ ਹੈ। ਇਸ ਪ੍ਰਤਿਭਾ ਨੇ ਪਾਠਕ ਦੀ ਸੋਚ ਨੂੰ ਪ੍ਰਚੰਡ ਕਰਨ, ਹਾਵ-ਭਾਵ ਉਤੇਜਤ ਕਰਨ ਦੇ ਨਾਲ-ਨਾਲ ਮਨ ਨੂੰ ਹੁਲਾਰਾ-ਹਲੂਣਾ ਦੇ ਕੇ ਸ਼ਰਸ਼ਾਰ ਵੀ ਕਰਨਾ ਹੁੰਦਾ ਹੈ। ਇਹ ਬਦੇਸ਼ੀ ਭਾਸ਼ਾਵਾਂ ਦੇ ਕਾਵਿ-ਪੈਟਰਨ ਨਕਲ ਕਰਨ ਨਾਲ ਨਹੀਂ ਪੈਦਾ ਹੋ ਸਕਦੀ। ਰਾਮਪੁਰੀ ਕਾਵਿ ਦੀ ਕਰਾਮਾਤ ਇਹ ਹੈ ਕਿ ਇਸ ਵਿਚ ਉਚ ਪਾਏ ਦੀ ਛੰਦ ਮੁਕਤ ਅਤੇ ਛੰਦ-ਯੁਕਤ ਦੋਹਾਂ ਹੀ ਵੰਨਗੀਆਂ ਦੀ ਕਵਿਤਾ ਦੇ ਪ੍ਰਮਾਣ ਪ੍ਰਾਪਤ ਹਨ। ਗਜ਼ਲ ਦਾ ਇਕ ਸ਼ਿਅਰ ਹਾਜ਼ਰ ਹੈ :—

ਊਂਘਦੇ ਅੰਗਿਆਰ ਮੇਰੇ ਪਿਆਰ ਦੇ ਫਿਰ ਸੁਲਗ ਪਏ
ਕੋਈ ਪੱਲੂ ਵੀ ਤਿਰੇ ਵਾਂਗੂੰ ਹਿਲਾ ਸਕਦਾ ਨਹੀਂ।
(ਕਣਕਾਂ ਦੀ ਖੁਸ਼ਬੋ-17)

ਢੇਰ ਸਮੇਂ ਤੋਂ ਕੈਨੇਡਾ ਵਿਚ ਪ੍ਰਵਾਸ ਭੋਗਣ ਦੇ ਬਾਵਜੂਦ ਰਾਮਪੁਰੀ ਦਾ ਅਨੁਭਵ ਆਪਣੀ ਜਨਮਭੂਮੀ, ਆਪਣੇ ਜੱਦੀ ਪਿੰਡ, ਆਪਣੇ ਦੇਸ਼ ਵਿਚ ਵਾਪਰ ਰਹੀਆਂ ਰੋਜ਼-ਮਰਾ ਦੀਆਂ ਘਟਨਾਵਾਂ ਤੋਂ ਬੇਮੁਖ ਨਹੀਂ ਹੋਇਆ। ਉਸ ਨੇ ਵਿਸ਼ਵ ਦੇ ਕੋਨੇ ਕੋਨੇ ਅਤੇ ਭਾਰਤ ਵਿਚ ਨਿੱਤ ਨਵੀਆਂ ਪ੍ਰਸਥਿਤੀਆਂ ਵਿਚੋਂ ਪੈਦਾ ਹੋ ਰਹੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਰੋਕਾਰਾਂ ਨੂੰ ਆਪਣੀ ਕਵਿਤਾ ਦਾ

ਵਾਹਨ ਬਣਾਇਆ ਹੈ। ਉਹ ਲੋਕ-ਪੱਖੀ ਗੰਭੀਰ ਚਿੰਤਕ ਹੈ। ਉਹ ਚੇਤੰਨ, ਸੂਝਵਾਨ, ਮਨੁੱਖਤਾ ਦਾ ਹਮਦਰਦ ਮਾਨਵਵਾਦੀ, ਗਤੀਸ਼ੀਲ ਕਵੀ ਹੈ। ਇਸ ਸਥਾਪਨਾ ਦੇ ਪ੍ਰਮਾਣ ਵਜੋਂ ਉਸ ਦੇ ਰਚਨਾ-ਸੰਸਾਰ ਵਿਚੋਂ ਅਨੇਕਾਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ :

ਪਰ ਅੱਜ ਵੀ ਮਹਿਲਾਂ ਵਿਚ ਸਾਜਿਸ਼ ਦਾ ਵਾਰਾ ਪਹਿਰਾ
ਆਪਣਿਆਂ ਜਾ ਗੈਰਾਂ ਉੱਤੇ ਕੀ ਭਰੋਸਾ
(ਕਤਲਗਾਹ-27)

ਚਾਹਾਂ ਮੇਰੇ ਪਿੰਡ ਦੇ ਲੋਕੀਂ
ਸਾਂਝਾ ਸਾਥ ਨਿਭੋਣ
ਏਹਨਾਂ ਚੋਰਾਂ ਦੀ ਰੱਤ ਆਪਣੇ
ਖੇਤਾਂ ਦੇ ਵਿਚ ਪੌਣ। (ਕਤਲਗਾਹ-29)

ਇਸ ਪੁਸਤਕ ਦੇ ਅਨੇਕਾਂ ਪੰਨਿਆਂ ਉੱਤੇ ਪੰਜਾਬੀ ਸਾਹਿਤ ਦੇ ਨਾਮਵਰ ਵਿਅਕਤੀਆਂ ਦੀਆਂ ਰਾਮਪੁਰੀ-ਕਾਵਿ ਬਾਰੇ ਟਿੱਪਣੀਆਂ ਦੀ ਭਰਮਾਰ ਵੀ ਪ੍ਰਸਤੁਤ ਹੈ। ਜਿਹਨਾਂ ਬਾਰੇ ਮਨ ਵਿਚ ਕਈ ਪ੍ਰਕਾਰ ਦੇ ਕਿੰਤੂ ਵੀ ਉਤਪੰਨ ਹੁੰਦੇ ਹਨ। ਮਸਲਨ, ਦੇਸ਼ ਦੀ ਰਾਜਧਾਨੀ ਦਾ ਕਾਵਿ-ਅਚਾਰੀਆ ਜਿਹੜਾ ਕੁਝ ਵਰ੍ਹੇ ਪਹਿਲਾਂ ਸੋਸਿਊਰ। ਸੋਸਿਊਰ!!(ਸੰਰਚਨਾਵਾਦ) ਦਾ ਨਾਮ ਜਪਦਾ ਸੀ, ਉਹ ਸਮੂਹ ਮਨੁੱਖਤਾ ਦੇ ਕਲਿਆਣ ਨਾਲ ਪਰਣਾਈ ਪ੍ਰਗਤੀਵਾਦੀ ਕਵਿਤਾ ਨਾਲ ਕੀ ਨਿਆਂ ਕਰ ਸਕਦਾ ਹੈ। ਕੀ ਅਸਾਡੇ ਸ਼ਾਇਰ ਰਾਮਪੁਰੀ ਦੀ ਸ਼ਾਇਰੀ ਅਜਿਹੀ ਮੁਥਾਜੀ ਨੂੰ ਬਰਦਾਸ਼ਤ ਕਰ ਲਵੇਗੀ?

ਏਸੇ ਹੀ ਤਰ੍ਹਾਂ ਦਿੱਲੀ ਦੀ ਉਹ ਸ਼ਾਇਰਾ ਜਿਸ ਨੇ :-

ੳ) ਸਦਨ ਵਿਚ ਆਪਣੀ ਮਾਂ-ਬੋਲੀ ਵਿਚ ਸਹੁੰ ਚੁੱਕਣ ਵਿਚ ਸ਼ਰਮ ਮਹਿਸੂਸ ਕੀਤੀ ਸੀ ਅਤੇ ਪਿਛੋਂ ਇਸ ਮਹਾਨ ਕਾਰਨਾਮੇ ਨੂੰ ਦੇਸ਼ ਦੀ ਏਕਤਾ-ਅਖੰਡਤਾ ਨਾਲ ਜੋੜ ਕੇ ਆਪਣੀ ਰਾਜਨੀਤਕ ਸੂਝ ਦਾ ਦੀਵਾਲਾ ਨਿਕਾਲਿਆ ਸੀ :

ਅ) ਜਿਹੜੀ ਸਵਾਮੀ ਰਜਨੀਸ਼ (ਓਸ਼ੋ), ਸਾਈਂ ਕਾਕਾ, ਰਾਸ਼ੀ ਫਲ ਅਤੇ ਜੰਤਰ ਤੰਤਰ, ਛੂ ਮੰਤਰ ਵਿਚ ਆਪਣੀ ਆਸਥਾ ਵਾਰ-ਵਾਰ ਪ੍ਰਗਟਾ ਚੁੱਕੀ ਹੈ ਦੀ ਪਾਰ-ਬ੍ਰਹਮੀ ਦ੍ਰਿਸ਼ਟੀ ਨੂੰ ਰਾਮਪੁਰੀ ਦੀ ਸ਼ਾਇਰੀ ਕਿਵੇਂ ਸਵੀਕਾਰ ਕਰੇਗੀ ? ਇਸ ਵਕਤ ਇਕ ਉਰਦੂ ਦਾ ਸ਼ਿਅਰ ਯਾਦ ਆ ਰਿਹਾ ਹੈ :-

ਮੁਝ ਤਕ ਕਬ ਉਨਕੀ ਬਜ਼ਮ ਮੇਂ ਆਤਾ ਥਾ ਦੌਰ-ਇ-ਜਾਮ
ਸਾਕੀ ਨੇ ਕੁਝ ਮਿਲਾ ਨਾ ਦੀਆ ਹੋ ਸ਼ਰਾਬ ਮੇਂ।
(ਮਿਰਜ਼ਾ ਗਾਲਿਬ)

ਇਕ ਹੋਰ ਗੁਣਨਾਤਮਿਕ ਅਮਲ ਦਾ ਚਰਚਾ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਗੁਰਚਰਨ ਰਾਮਪੁਰੀ ਨੇ ਇਕਬਾਲ ਮਾਹਲ ਦੇ ਸਹਿਯੋਗ ਨਾਲ ਇਸ ਪੁਸਤਕ ਵਿਚੋਂ ਕੁਝ ਗੀਤਾਂ ਅਤੇ ਗਜ਼ਲਾਂ ਨੂੰ ਕੈਸੇਟ ਦੇ ਰੂਪ ਵਿਚ ਸੰਗੀਤ-ਬੱਧ ਕਰਵਾਇਆ ਹੈ। ਇਹਨਾਂ ਗੀਤਾਂ ਅਤੇ ਗਜ਼ਲਾਂ ਨੂੰ ਪੰਜਾਬੀ ਸੰਗੀਤ ਦੀ ਲੋਕ-ਪ੍ਰੀਯ ਹਸਤੀ ਸੁਰਿੰਦਰ ਕੌਰ, ਉਸ ਦੀ ਬੇਟੀ ਡੌਲੀ ਗੁਲੇਰੀਆ, ਜਗਜੀਤ ਜ਼ੀਰਵੀ ਅਤੇ ਘਣਸ਼ਾਮ ਨੇ ਆਪਣੀਆਂ ਮਧੁਰ ਆਵਾਜ਼ਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ, ਗੰਵਿਆ ਹੈ। ਮੌਜੂਦਾ ਸੰਗੀਤਕ ਮਾਹੌਲ ਵਿਚ ਪੈਦਾ ਹੋ ਰਹੇ ਲੱਚਰਵਾਦੀ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਇਹ ਇਕ ਬਹੁਤ ਹੀ ਮਹੱਤਵਪੂਰਨ ਉਪਰਾਲਾ ਹੈ। ਰਾਮਪੁਰੀ ਅਤੇ ਇਕਬਾਲ ਮਾਹਲ ਇਸ ਪ੍ਰਯੋਜਨ ਲਈ ਮੁਬਾਰਕਵਾਦ ਦੇ ਹੱਕਦਾਰ ਹਨ। ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਬੋਲੀ ਅਤੇ ਸੰਗੀਤ ਦੇ ਉਪਾਸ਼ਕ ਇਸ ਪ੍ਰਾਜੈਕਟ ਨੂੰ ਭਰਵਾਂ ਹੁੰਗਾਰਾ ਦੇਣਗੇ। *(ਗੁਰਨਾਮ ਢਿੱਲੋਂ)*



## ਖ਼ਿਆਲ ਆਪੋ ਆਪਣਾ

● ਚਿਰਾਗ਼ ਦਾ ਪਾਬਲੋ ਨੇਰੂਦਾ ਵਿਸ਼ੇਸ਼ ਅੰਕ ਸੱਚ ਮੁੱਚ ਮਾਅਰਕੇ ਦਾ ਅੰਕ ਹੈ। ਇਹ ਅੰਕ ਤਿਆਰ ਕਰਨ ਲਈ ਤੇਰੇ ਸਿਰੜੀ ਸੁਭਾਅ ਤੇ ਲੰਮੀ ਮਿਹਨਤ ਦਾ ਪਤਾ ਲੱਗਦਾ ਹੈ। ਕਈ ਦਹਾਕੇ ਪਹਿਲਾਂ ਜਦੋਂ ਪਾਬਲੋ ਦੀ ਸਵੈ-ਜੀਵਨੀ ਅੰਗਰੇਜ਼ੀ 'ਚ ਨੈਰੋਬੀ ਪੈਂਗੁਇਨ ਬੁਕ ਸ਼ਾਪ 'ਚ ਆਈ, ਮੈਂ ਉਦੋਂ ਹੀ ਪੜ੍ਹ ਲਈ ਸੀ ਉਸਨੂੰ ਬਾਦ ਵਿੱਚ ਵੀ ਮੈਂ ਸਮੇਂ ਸਮੇਂ ਸਿਰ ਪੜ੍ਹਦਾ ਤੇ ਮਾਣਦਾ ਰਿਹਾ। ਉਸ ਵਿੱਚ ਸੱਚੀ ਚੰਗੇ ਨਾਵਲ ਜਿਨਾ ਸੁਹਜ ਸੁਆਦ ਹੈ। ਉਨ੍ਹਾਂ ਦਿਨਾਂ 'ਚ ਹੀ ਮੈਂ ਪ੍ਰਸਿੱਧ ਚਿੱਤਰਕਾਰ ਸਲਵਾਡੋਰਡਾਲੀ ਦੀ ਜੀਵਨੀ ਵੀ ਪੜ੍ਹੀ ਸੀ। ਉਸ ਵਿੱਚ ਵੀ ਕੁਝ ਚਮਤਕਾਰੀ ਗੱਲਾਂ ਸੀ। ਨੇਰੂਦਾ ਦੀ ਕਵਿਤਾ ਸੱਚੇ ਤੇ ਹੱਡੀਂ ਹੰਢਾਏ ਅਨੁਭਵ ਤੇ ਉਚੇਰੇ ਸ਼ਿਲਪ ਬੱਧ ਦੀ ਕਵਿਤਾ, ਇਸੇ ਲਈ ਕਈ ਦਹਾਕੇ ਬਾਅਦ ਇਹ ਹਾਲੇ ਵੀ ਜ਼ਿੰਦਾ ਹੈ ਜਦੋਂ ਕਿ ਅਨੁਭਵ ਕੋਰੀ ਤੇ ਸ਼ਿਲਪ ਪੱਖੋਂ ਕੱਚੇਰੀ ਬਹੁਤੇ ਮੱਧਵਰਗੀ ਪੰਜਾਬੀ ਪ੍ਰਗਤੀਵਾਦੀ ਕਵੀਆਂ ਦੀ ਕਵਿਤਾ (ਇੱਕ ਦੋ ਨੂੰ ਛੱਡ ਕੇ) ਕਠੋਰ ਪ੍ਰਚਾਰ ਤੇ ਨਾਅਰਾਬਾਜ਼ੀ ਦੀ ਪੱਧਰ 'ਤੇ ਜਾ ਟਿਕਦੀ ਹੈ। ਪੰਜਾਬੀ ਸਾਹਿਤ 'ਚ ਹੁਣ ਤੱਕ ਮਾਰਕਸਵਾਦ ਦਾ ਨਾਅਰਾ ਹੀ ਚਲਦਾ ਰਿਹਾ ਤੇ ਵਿਕਦਾ ਰਿਹਾ। ਨਿਪਟ ਲੇਖ ਲਿਖਣ ਤੇ ਫੋਕਟ ਨਾਅਰੇ ਲਗਾਉਣ ਨਾਲ ਤੇ ਵਿਵਹਾਰਕ ਜੀਵਨ 'ਚ ਹੰਢਾਏ ਬਗੈਰ ਮੱਧਵਰਗੀ ਪੰਜਾਬੀ ਲੇਖਕ ਮਾਰਕਸਵਾਦ ਨੂੰ ਜੀਵਤ ਨਹੀਂ ਰੱਖ ਸਕਣਗੇ।

*(ਅਜਾਇਬ ਕਮਲ)*

●ਹੁਣੇ ਹੀ ਚਿਰਾਗ਼ ਦਾ ਪਾਬਲੋ ਨੇਰੂਦਾ ਦਾ ਵਿਸ਼ੇਸ਼ ਅੰਕ ਮਿਲਿਆ ਹੈ। ਮਸਾਂ ਫ਼ੋਲਿਆ ਹੀ ਹੈ। ਚੰਗੀ ਮਿਹਨਤ ਦਾ ਕਾਰਜ ਕੀਤਾ ਹੈ ਤੁਸੀਂ। ਪੰਜਾਬੀ ਸਾਹਿਤ ਲਈ ਇਹ ਇਕ ਪ੍ਰਾਪਤੀ ਕਹੀ ਜਾ ਸਕਦੀ ਹੈ। ਮਨ ਲਾ ਕੇ ਨਿਠ ਕੇ ਪੜ੍ਹਾਂਗਾ ਪਰ ਵਧਾਈ ਅਗਾਊਂ ਹੀ ਕਬੂਲ ਕਰਨੀ।

*(ਜੋਗਿੰਦਰ ਕੈਰੋਂ, ਅੰਮ੍ਰਿਤਸਰ)*

ਪਾਬਲੋ ਨੇਰੂਦਾ ਅੰਕ ਪ੍ਰਾਪਤ ਹੋ ਗਿਆ ਹੈ। ਚਿਰਾਗ਼ ਦੇ ਤੁਸੀਂ ਅਜਿਹੀਆਂ ਨਾਮਵਰ ਸ਼ਖ਼ਸੀਅਤਾਂ ਬਾਰੇ ਵਿਸ਼ੇਸ਼ ਅੰਕ ਕੱਢਕੇ ਸੱਚ ਮੁੱਚ ਹੀ ਇਕ ਮਹਤੱਵ-ਪੂਰਨ ਕੰਮ ਕਰ ਰਹੇ ਹੋ। ਮੁਬਾਰਕ!

ਅਜ ਫਿਲਾਸਫੀ ਵਿੱਚ ਘਮਸਾਨ ਦੀ ਰਿੜਕਨ ਪਈ ਹੋਈ ਹੈ। ਕਈ ਇਸਨੂੰ ਮੂਲੋਂ ਹੀ ਖ਼ਤਮ ਕਰ ਦੇਣਾ ਚਾਹੁੰਦੇ ਹਨ। ਕੇਵਲ ਕਲ-ਪੁਰਜ਼ੇ ਦੀ ਵਰਤੋਂ ਅਤੇ ਸੁੱਟ ਦੀ ਬਜ਼ਾਰੂ ਹੋਂਦ ਵਾਂਗ। ਕਈ ਇਸ ਦਾ ਉਤਰ-ਆਧੁਨਿਕੀਕਰਨ ਕਰਕੇ ਇਸ ਦੇ ਆਦਿ ਨੂੰ ਖਤਮ ਕਰਕੇ ਇਸਨੂੰ ਬਦਸ਼ਕਲ ਅਤੇ ਬੇਪਰਵਾਹ ਕਰਨ ਦੇ ਯਤਨਾਂ 'ਚ ਹਨ। ਅਜਿਹੇ ਸਮੇਂ ਵਿੱਚ ਉਨ੍ਹਾਂ ਦੀ ਹੋਂਦ ਇਕ ਖਤਰੇ ਵਲੋਂ ਪਹਿਚਾਣੀ ਜਾਣੀ ਚਾਹੀਦੀ ਹੈ ਜੋ ਇਤਿਹਾਸ ਨੂੰ ਮਰ ਗਿਆ ਘੋਸ਼ਤ ਕਰਨ ਵਿੱਚ ਹੀ ਆਪਣਾ ਫ਼ਖ਼ਰ ਸਮਝਦੇ ਹਨ।

ਅਸੀਂ ਆਪਣੀ ਯਥਾਸ਼ਕਤੀ ਨਾਲ ਇਸ ਸੰਕਟ ਦਾ ਸਾਹਮਣਾ ਕਰਨਾ ਹੈ।

*ਤੇਜਵੰਤ ਮਾਨ, (ਸੰਗਰੂਰ)*

"ਚਿਰਾਗ" ਅਪਰੈਲ-ਜੂਨ 2002 ਅੰਕ 40 ਵਿੱਚ, ਮੇਰੀ ਗ਼ਜ਼ਲਾਂ ਦੀ ਕਿਤਾਬ, "ਤੋਂ ਉਰੇ" ਤੇ ਜਨਾਬ ਗੁਰਨਾਮ ਢਿੱਲੋਂ ਜੀ ਦਾ ਕੀਤਾ ਰਿਵਿਊ ਪੜ੍ਹਿਆ ਤੇ ਗੌਲਿਆ।

ਢਿੱਲੋਂ ਸਾਹਿਬ ਆਪਣੇ ਰਿਵਿਊ ਵਿੱਚ ਲਿਖਦੇ ਹਨ, "ਏਥੇ ਇਹ ਵਰਨਣ ਕਰਨਾ ਬੇਲੋੜਾ ਨਹੀਂ ਕਿ ਨਦੀਮ ਦੀ ਗ਼ਜ਼ਲ ਵਿੱਚ ਨਵੀਨਤਾ, ਤਾਜ਼ਗੀ ਅਤੇ ਮੌਲਿਕਤਾ ਦੀ ਘਾਟ ਮਹਿਸੂਸ ਹੁੰਦੀ ਹੈ ਕਿਉਂਕਿ ਨਦੀਮ ਉਰਦੂ ਰਾਹੀਂ ਪੰਜਾਬੀ ਵਿੱਚ ਪ੍ਰਵੇਸ਼ ਕਰਦਾ ਹੈ ਇਸ ਲਈ ਉਸ ਨੂੰ ਸਪਾਟ ਬਿਆਨਬਾਜ਼ੀ ਦੀਆਂ ਸਮੱਸਿਆਵਾਂ ਦਰਪੇਸ਼ ਹਨ। ਤਕਨੀਕ ਪੱਖੋਂ ਪਰਖਿਆਂ ਵੀ ਵਜ਼ਨ ਦੀਆਂ ਉਣਤਾਈਆਂ ਰੜਕਦੀਆਂ ਹਨ। ਇਸ ਦਾ ਪ੍ਰਮੁੱਖ ਕਾਰਨ ਸ਼ਾਇਦ ਉਰਦੂ ਅਤੇ ਪੰਜਾਬੀ ਬੋਲੀ ਦੇ ਸ਼ਬਦਾਂ ਵਿੱਚ ਉਚਾਰਣ ਦੀ ਭਿੰਨਤਾ ਹੋਵੇ।"

ਸਭ ਤੋਂ ਪਹਿਲਾਂ ਮੈਂ ਦੋ ਗੱਲਾਂ ਸਪੱਸ਼ਟ ਕਰ ਦਿਆਂ।

1. ਪੰਜਾਬੀ ਵਿੱਚ ਛਪਣ ਵਾਲੀ ਹਰ ਕਿਤਾਬ ਦੇ ਮੁਕੱਦਰ ਵਾਂਗ ਮੇਰੀ ਕਿਤਾਬ ਵਿੱਚ ਵੀ ਗ਼ਲਤ ਸ਼ਬਦ ਜੋੜਾਂ ਦੀ ਭਰਮਾਰ ਹੈ। ਜੋ ਪਰੂਫ ਰੀਡਿੰਗ ਦੀ ਘਾਟ ਕਾਰਨ ਹਨ।
2. ਮੈਂ ਉਰਦੂ 'ਚੋਂ ਪੰਜਾਬੀ ਵਿੱਚ ਨਹੀਂ ਆਇਆ ਅਤੇ ਨਾ ਹੀ ਮੈਂ ਉਰਦੂ ਚੋਂ ਪੰਜਾਬੀ ਵਿੱਚ ਉਲੱਥਾ ਕਰਦਾ ਹਾਂ। ਮੈਂ ਪਹਿਲਾਂ ਵੀ ਪੰਜਾਬੀ ਵਿੱਚ ਲਿਖਦਾ ਸੀ ਤੇ ਅੱਜ ਵੀ। ਹਾਂ, ਇਹ ਠੀਕ ਹੈ ਕਿ

ਮੇਰਾ ਨਾਂ ਬਤੌਰ ਗ਼ਜ਼ਲਗੋ, ਪਹਿਲਾਂ ਉਰਦੂ ਵਿੱਚ ਹੀ ਆਇਆ ਹੈ। ਪਰ, ਪੰਜਾਬੀ ਦਾ ਹਰ ਟਿੱਪਣੀਕਾਰ, ਮੇਰੇ ਬਾਰੇ ਉਰਦੂ 'ਚੋਂ ਪੰਜਾਬੀ ਵਿੱਚ ਪ੍ਰਵੇਸ਼ ਕਰਨਾ ਹੀ ਲਿਖਦਾ ਹੈ। ਪਤਾ ਨਹੀਂ ਕਿਉਂ ?.

ਮੈਂ ਢਿੱਲੋਂ ਸਾਹਿਬ ਦੇ ਉਠਾਏ ਹਰ ਐਬ ਨੂੰ ਸਵੀਕਾਰ ਕਰਨ ਲਈ ਤਿਆਰ ਹਾਂ ਬਸ਼ਰਤੇ ਕਿ ਉਹ, 'ਨਵੀਨਤਾ, ਤਾਜ਼ਗੀ, ਮੌਲਿਕਤਾ' ਦੀ ਪਰਿਭਾਸ਼ਾ ਤੇ ਪ੍ਰਮਾਣ ਦੇ ਕੇ ਵਿਆਖਿਆ ਕਰਨ ਅਤੇ ਮੇਰੀਆਂ ਗ਼ਜ਼ਲਾਂ ਵਿੱਚੋਂ 'ਵਜ਼ਨ ਦੀ ਘਾਟ' ਦੀਆਂ ਉਦਾਹਰਣਾਂ ਦੇਣ।

ਇਸ ਤੋਂ ਇਲਾਵਾ, ਉਰਦੂ ਅਤੇ ਪੰਜਾਬੀ ਬੋਲੀ ਦੇ ਸ਼ਬਦਾਂ ਵਿੱਚ ਉਚਾਰਣ (1) ਦੀ ਭਿੰਨਤਾ ਅਤੇ ਸਪਾਟ ਬਿਆਨਬਾਜ਼ੀ (2) ਦੀਆਂ ਸਮੱਸਿਆਵਾਂ" ਬਾਰੇ ਵੀ ਦਰਸਾਉਣ।

ਮੈਂ ਢਿੱਲੋਂ ਜੀ ਦੇ ਰਿਵਿਊ ਵਿੱਚ ਉਠਾਏ ਦੋ ਨੁਕਤਿਆਂ ਬਾਰੇ ਕੁਝ ਕਹਿਣਾ ਚਾਹਾਂਗਾ।

1. 'ਉਚਾਰਣ' ? ਪੰਜਾਬੀ ਬੋਲੀ ਵਿੱਚ ਸ਼ਬਦਾਂ ਦੇ ਉਚਾਰਨ ਬਾਰੇ ਕੋਈ ਨਿਯਮ ਨਹੀਂ ਹਨ। ਖਾਸ ਕਰਕੇ ਦੂਜੀਆਂ ਬੋਲੀਆਂ ਦੇ ਸ਼ਬਦਾਂ ਲਈ। ਪੰਜਾਬੀ ਵਿੱਚ, ਹੋਰਨਾਂ ਬੋਲੀਆਂ ਦੇ ਸ਼ਬਦਾਂ ਨੂੰ, ਹਰ ਕੋਈ ਆਪਣੀ ਆਪਣੀ ਮਰਜ਼ੀ ਮੁਤਾਬਕ 'ਅੰਨ੍ਹੀ ਨੂੰ ਬੋਲੇ ਦੇ ਧੂਣ' ਵਾਂਗ ਹੈ। ਜਿਵੇਂ ਢਿੱਲੋਂ ਜੀ ਦੇ ਆਪਣੇ ਸ਼ਬਦ, 'ਰਿਵਿਊ ਤੇ ਰੀਵਿਊਕਾਰ'। ਸ਼ਬਦਾਂ ਦੇ ਉਚਾਰਨ ਬਾਰੇ ਢਿੱਲੋਂ ਜੀ ਆਪ ਵੀ ਸਪੱਸ਼ਟ ਨਹੀਂ ਹਨ। ਉਹਨਾਂ ਨੇ ਵੀ ਸ਼ਬਦ 'ਸ਼ਾਇਦ' ਦੀ ਓਟ ਲਈ ਹੈ। ਇੱਥੇ ਤੱਕ ਕਿ, ਪੰਜਾਬੀ ਵਿੱਚ ਸ਼ਬਦ ਜੋੜਾਂ ਵਿੱਚ ਵੀ ਇੱਕਸਾਰਤਾ ਨਹੀਂ। ਜਿਵੇਂ ਢਿੱਲੋਂ ਜੀ ਨੇ ਉਚਾਰਣ ਲਿਖਿਆ ਹੈ। ਜਦਕਿ–

1. ਇੰਗਲਿਸ਼ :–ਪੰਜਾਬੀ ਕੋਸ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸਫਾ 4;2: 'ਪੰਜਾਬੀ ਸ਼ਬਦ ਰੂਪ ਤੇ ਸ਼ਬਦ-ਜੋੜ ਕੋਸ਼' ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਫਾ 13;3: ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ ਆਦਿ ਇਸ ਨੂੰ 'ਉਚਾਰਨ' ਲਿਖਦੇ ਹਨ।

2. ਬਿਆਨਬਾਜ਼ੀ :– ਬਿਆਨਬਾਜ਼ੀ ਦਾ ਅਰਥ ਹੁੰਦਾ ਹੈ 'ਤਕਰੀਰਾਂ ਕਰਨੀਆਂ'। ਇੱਥੇ ਸ਼ਬਦ 'ਸਪਾਟ ਬਿਆਨੀ' ਚਾਹੀਦਾ ਸੀ। ਗ਼ਜ਼ਲ ਵਿੱਚ ਸਪਾਟ ਬਿਆਨਬਾਜ਼ੀ ਜਾਂ ਬਿਆਨੀ ਨਹੀਂ ਕੀਤੀ ਜਾਂਦੀ। ਗ਼ਜ਼ਲ ਵਿੱਚ ਖਿਆਲ ਪੇਸ਼ ਕੀਤਾ ਜਾਂਦਾ ਹੈ। ਉਹ ਵੀ ਰਮਜ਼ ਜਾਂ "ਧੀਏ ਗੱਲ ਕਰ, ਨੂੰਹੇਂ ਕੰਨ ਕਰ' ਦੇ ਅਖਾਣ ਵਾਂਗ। ***ਨਦੀਮ ਪਰਮਾਰ, ਕੈਨੇਡਾ***

●'ਚਿਰਾਗ਼' ਨੂੰ ਤੁਸਾਂ ਬੜੀ ਮਿਹਨਤ, ਸਿਰੜ ਤੇ ਸਿਦਕਦਿਲੀ ਨਾਲ ਤੇਜ਼ ਹਵਾਵਾਂ ਵਿੱਚ ਵੀ ਰੌਸ਼ਨ ਕੀਤੀ ਰੱਖਿਆ ਹੈ। ਇਹ ਤੁਹਾਡੀ ਪ੍ਰਤੀਬੱਧਤਾ ਦਾ ਸਬੂਤ ਹੈ। ਦੁਆ ਹੈ ਇਹ ਚਿਰਾਗ਼ ਹਮੇਸ਼ਾ ਪੰਜਾਬੀ ਮਾਂ ਬੋਲੀ ਤੇ ਸਾਹਿਤ ਲਈ ਚਾਨਣ ਖਿਲਾਰਦਾ ਰਹੇ। ***ਡਾ. ਪੀ. ਐਸ. ਢੀਂਗਰਾ, ਮੁਕਤਸਰ***

●ਚਿਰਾਗ਼ ਦਾ 'ਦਲਿਤ ਸਾਹਿਤ ਵਿਸ਼ੇਸ਼ ਅੰਕ' ਪੜ੍ਹਿਆ ਤਾਂ ਇਕ ਅੰਕ ਵਿਚਲੇ ਸਮਕਾਲੀ ਸੰਵਾਦ ਵਿਚੋਂ ਦਲਿਤ ਸੰਵਾਦ ਪ੍ਰਤੀ ਸਾਰੇ ਪੱਖਾਂ ਉੱਪਰ ਚਾਨਣ ਉਜਾਗਰ ਹੋਇਆ ਹੈ। ਕਾਵਿ ਰਚਨਾਵਾਂ ਦੇ ਸੰਵੇਦਨਾ ਮੂਲਕ ਸਿਰਜਣ ਦੀ ਗਵਾਹੀ ਤੋਂ ਇਹ ਜ਼ਾਹਰ ਹੋ ਜਾਂਦਾ ਹੈ ਕਿ ਸਾਹਿਤ ਜਾਤੀਵਾਦ ਦੀਆਂ ਹੱਦਾਂ ਟੱਪ ਜਾਂਦਾ ਹੈ। ਕਿਸੇ ਵੀ ਲੇਖਕ ਕੋਲ ਜੇਕਰ ਸੰਵੇਦਨਾ ਜ਼ਬਰਦਸਤ ਹੈ ਤਾਂ ਉਹ ਵੀ ਦਲਿਤਾਂ ਬਾਰੇ ਗੈਰ ਦਲਿਤ ਜਾਤੀ ਦਾ ਹੋਣ ਦੇ ਬਾਵਜੂਦ ਉੱਤਮ ਦਲਿਤ ਸਾਹਿਤ ਰਚ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਇਕ ਦਲਿਤ ਹੀ ਦਲਿਤ ਬਾਰੇ ਵਧੀਆ ਲਿਖ ਸਕਦਾ ਹੈ, ਕਿਉਂਕਿ ਇਸ ਨਾਲ ਸਾਹਿਤਕ ਸਰੋਕਾਰਾਂ ਦੇ ਮੱਦੇਨਜ਼ਰ ਭਾਵੁਕਤਾ, ਓਵਰ ਸਿੰਪਥੀ ਦਾ ਖਦਸ਼ਾ ਬਣਿਆ ਰਹਿੰਦਾ ਹੈ। ਸਾਹਿਤ ਨੂੰ ਆਪਣੀ ਕਲਾਤਮਕ ਹੋਂਦ ਤੋਂ ਪੇਤਲਾ ਨਹੀਂ ਹੋਣਾ ਚਾਹੀਦਾ ਇਸ ਲਈ ਕਿਸੇ ਵੀ ਲੇਖਕ ਦੇ ਵਿਅਕਤੀਗਤ ਜੀਵਨ ਵਿਚ ਨਾ ਜਾ ਕੇ ਰਚਨਾ ਦਾ ਵਿਹਾਰਕ ਪ੍ਰਸੰਗ ਵਾਚਨ ਦੀ ਲੋੜ ਹੈ। ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਜਾਤੀਵਾਦ ਨੂੰ ਬੜਾਵਾ ਦੇਣ ਪਿੱਛੇ ਰਾਜਨੀਤਕ ਸਰੋਕਾਰ ਮਜ਼ਬੂਤ ਹੋ ਜਾਣਗੇ। ਇਸ ਲਈ ਉਹੀ ਸਾਹਿਤ ਦਲਿਤ ਹੈ ਜਿਸ ਵਿੱਚ ਦਰੜੇ ਜਾ ਰਹੇ ਮਨੁੱਖ ਦੀ ਸੰਵੇਦਨਾ ਹੈ ਚਾਹੇ ਉਹ ਕੰਮੀ ਕਿਸਾਨ ਜਾਂ ਨਾਰੀ ਹੈ। ਜੋ ਵੀ ਸਾਧਨਾਂ ਤੋਂ ਵਿਹੂਣਾ ਹੋ ਕੇ ਕੁਚੀਲ ਜੀਵਨ ਜਿਉਣ ਲਈ ਮਜਬੂਰ ਹੈ ਜਾਂ ਰਿਹਾ ਹੈ ਉਹ ਦਲਿਤ ਹੈ। ਸਾਧਨਾਂ ਦੇ ਪ੍ਰਾਪਤ ਹੋਣ ਤੋਂ ਬਾਅਦ ਉਹ ਦਲਿਤ ਨਹੀਂ ਰਹਿ ਜਾਂਦਾ।

ਗੁਰਮੇਲ ਸਿੰਘ 'ਮਡਾਹੜ' ਅਤੇ ਲਾਲ ਸਿੰਘ ਦੀਆਂ ਕਹਾਣੀਆਂ ਵੀ ਵਧੀਆ ਲੱਗੀਆਂ ਹਨ। ਡਾ. ਚਮਨ ਲਾਲ ਦੇ ਲੇਖ ਅਤੇ ਫੀਲਡ ਕਾਸਤਰੋ ਸੰਬੰਧੀ ਲੇਖ ਮੁਲਵਾਨ ਲੇਖ ਹਨ। ਡਾ. ਸੁਰਜੀਤ 'ਬਰਾੜ' ਦਾ ਲੇਖ ਦਲਿਤ ਸਾਹਿਤ ਬਾਰੇ ਚੰਗਾ ਸੰਵਾਦ ਛੇੜਦਾ ਹੈ। ਡਾ. ਸਰਬਜੀਤ ਦਾ ਲੇਖ ਅਤੇ ਬਾਕੀ ਲੇਖ ਵੀ ਦਲਿਤ ਮਸਲੇ ਨਾਲ ਸੰਵਾਦ ਛੇੜ ਕੇ ਵਿਸ਼ਾਲ ਪ੍ਰਸੰਗ ਵਿੱਚ ਵਾਚਣ ਲਈ ਅਹੁਲੇ ਹਨ।

***(ਸੁਖਬੀਰ 'ਬੀਹਲਾ', ਐਸ. ਡੀ. ਕਾਲਜ ਬਰਨਾਲਾ)***



## ਪ੍ਰਾਪਤ ਪੁਸਤਕਾਂ

1. ਸਿਮਰਤੀਆਂ ਦੀ ਲਾਲਟੈਨ (ਕਵਿਤਾਵਾਂ) ਅਮਰਜੀਤ ਕੌਂਕੇ ਮੁੱਲ 30/- ਪੰਨੇ 128. ਪ੍ਰਤੀਕ ਪਬਲੀਕੇਸ਼ਨ, ਲੁਧਿਆਣਾ।
2. ਜੁਗਨੂੰਆਂ ਦੇ ਅੰਗ-ਸੰਗ (ਕਵਿਤਾਵਾਂ) ਸੰਪਾਦਕ ਸ਼ਲਿੰਦਰਜੀਤ ਸਿੰਘ ਰਾਜਨ-ਮੁੱਲ 40/- ਪੰਨੇ 96 ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ।
3. ਪ੍ਰਬਤਵਾਸੀ (ਨਾਵਲ) ਜੋਗਿੰਦਰ ਸਿੰਘ ਪਾਂਧੀ ਮੁੱਲ 100/- ਪੰਨੇ 144-ਨੈਸ਼ਨਲ ਬੁੱਕ ਸ਼ਾਪ ਦਿੱਲੀ।
4. ਸੜਦੇ ਵਣ ਦਾ ਸੇਕ (ਕਵਿਤਾ) ਜੋਗਿੰਦਰ ਸਿੰਘ ਪਾਂਧੀ ਮੁੱਲ 120/- ਰਵਿੰਦਰ ਪਬਲੀਕੇਸ਼ਨ ਬਾਰਾਮੂਲਾ।
5. ਕਤਰਾ ਕਤਰਾ ਨੂਰ (ਗ਼ਜ਼ਲਾਂ) ਭੁਪਿੰਦਰ ਸਿੰਘ ਸੱਗੂ ਮੁੱਲ 100/- ਪੰਨੇ 80 ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ ਦਿੱਲੀ।
6. ਆਪਣਾ ਪਿੰਡ ਪਰਦੇਸ (ਸਮੁੱਚੀ ਕਵਿਤਾ) ਹਰਜੀਤ ਦੌਧਰੀਆ ਮੁੱਲ 100/- ਪੰਨੇ 240, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ।
7. ਤਿੰਨ ਮੂਰਤੀਆਂ ਵਾਲਾ ਮੰਦਰ (ਚੋਣਵੀਆਂ ਕਹਾਣੀਆਂ) ਗੁਰਬਚਨ ਸਿੰਘ ਭੁੱਲਰ, ਪੰਨੇ 128, ਮੁੱਲ 60/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
8. ਚੁੱਪ ਦੇ ਖਿਲਾਫ (ਗ਼ਜ਼ਲਾਂ) ਸਤੀਸ਼ ਗੁਲਾਟੀ ਪੰਨੇ 84 ਮੁੱਲ 50/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
9. ਕੁਦਰਤ (ਨਜ਼ਮਾਂ) ਵਰਿੰਦਰ ਪਰਿਹਾਰ, ਪੰਨੇ 312, ਮੁੱਲ 250/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
10. ਚੋਣਵੀ ਕਵਿਤਾ (ਨਾਜ਼ਿਮ ਹਿਕਮਤ) ਅਨੁਵਾਦ : ਹਰਭਜਨ ਸਿੰਘ ਹੁੰਦਲ, ਪੰਨੇ 160 ਮੁੱਲ ਪੇਪਰ ਬੈਕ 40/- ਰੁਪਏ ਕੁਕਨੁਸ ਪ੍ਰਕਾਸ਼ਨ, ਜਲੰਧਰ।
11. ਹਾਸ਼ੀਏ ਦੀ ਇਬਾਰਤ (ਸਵੈ-ਜੀਵਨੀ ਲੇਖ) ਕਰਨਜੀਤ, ਪੰਨੇ 240 ਮੁੱਲ 250/- ਮਨਪ੍ਰੀਤ ਪ੍ਰਕਾਸ਼ਨ ਗੀਤਾ ਕਾਲੋਨੀ ਦਿੱਲੀ-31
12. ਪਿਆਸ (ਹਿੰਦੀ ਗ਼ਜ਼ਲ ਸੰਗ੍ਰਹਿ) ਈਸ਼ ਧੂਰੀਆਲਵੀ ਮੁੱਲ ਸਜਿਲਦ 60/- ਪੰਨੇ 60/, ਉਡਾਨ ਪਬਲੀਕੇਸ਼ਨ ਮਾਨਸਾ।
13. ਜਦੋਂ ਰਾਤ ਜਾਗਦੀ ਹੈ (ਕਵਿਤਾ) ਗੁਰਚਰਨ ਸੱਗੂ, ਪੰਨੇ 96 ਮੁੱਲ 20/- ਪੇਪਰ ਬੈਕ ਕੁਕਨੁਸ ਪ੍ਰਕਾਸ਼ਨ ਜਲੰਧਰ।
14. ਭਿੜਦੇ ਪੱਥਰ (ਬਾਲ ਕਹਾਣੀ ਸੰਗ੍ਰਹਿ) ਮਿਹਰ ਸਿੰਘ ਰੰਧਾਵਾ ਪੰਨੇ 80/- ਮੁੱਲ 20/- ਕੁਕਨੁਸ ਪ੍ਰਕਾਸ਼ਨ ਜਲੰਧਰ।
15. ਜੜ੍ਹਾਂ ਦੀ ਪਰਿਕਰਮਾ (ਪਾਕਿਸਤਾਨੀ ਸਫਰਨਾਮਾ) ਗੁਰਚਰਨ ਸੱਗੂ ਪੰਨੇ 88 ਮੁੱਲ 20/- ਪੇਪਰ ਬੈਕ, ਕੁਕਨੁਸ ਪ੍ਰਕਾਸ਼ਨ ਜਲੰਧਰ।
16. ਚੋਣਵੀਆਂ ਕਹਾਣੀਆਂ (ਰਵਿੰਦਰ ਰਵੀ) ਮੁੱਲ 20/- ਪੰਨੇ 110 ਕੁਕਨੁਸ ਪ੍ਰਕਾਸ਼ਨ ਜਲੰਧਰ।
17. ਸ਼ਹੀਦੇ-ਆਜ਼ਮ ਭਗਤ ਸਿੰਘ (ਜੀਵਨ ਤੇ ਵਿਚਾਰ) ਸਵੈ-ਸਾਚੀ ਮੁੱਲ 10/- ਪੰਨੇ 48 ਕੁਕਨੁਸ ਪ੍ਰਕਾਸ਼ਨ ਜਲੰਧਰ।
18. ਮੇਰੇ ਸਮਕਾਲੀ ਕਵੀ (ਆਲੋਚਨਾ) ਹਰਭਜਨ ਸਿੰਘ ਹੁੰਦਲ ਪੰਨੇ 160 ਮੁੱਲ 100/- ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ ਦਿੱਲੀ।
19. ਸਾਹਿਤ ਅਧਿਐਨ (ਆਲੋਚਨਾ) ਰਾਮ ਸਿੰਘ ਭਾਰਗਵ ਸਫੇ 164 ਮੁੱਲ 200/- ਭਾਰਗਵ ਸਾਹਿਤ ਪ੍ਰਕਾਸ਼ਨ ਰਣਬੀਰ ਸਿੰਘ ਪੁਰਾ, ਜੰਮੂ
20. An Encounter with a Positve Society, travel notes By Kewel Singh Dhillon Price Rs. 10/- Page 40
21. ਕੋਮਲ ਸਿੰਘ ਆਖਦਾ ਹੈ (ਕਵਿਤਾਵਾਂ) ਬਲਵਿੰਦਰ ਸੰਧੂ ਪੰਨੇ 95 ਮੁੱਲ 20/- ਕੁਕਨੁਸ ਪ੍ਰਕਾਸ਼ਨ ਜਲੰਧਰ।
22. ਗੈਰ ਹਾਜ਼ਰ ਪੈੜਾਂ ਦੀ ਕਥਾ (ਕਵਿਤਾਵਾਂ) ਮਲਵਿੰਦਰ ਮੁੱਲ 20/- ਪੰਨੇ 96 ਕੁਕਨੁਸ ਪ੍ਰਕਾਸ਼ਨ ਜਲੰਧਰ।
23. ਸ਼ੁਤਰ ਮੁਰਗ ਦੀ ਵਾਪਸੀ (ਸਮੁੱਚੀਆਂ ਕਹਾਣੀਆਂ) ਜੋਗਿੰਦਰ ਸਿੰਘ ਨਿਰਾਲਾ ਕੀਮਤ 350/- ਪੰਨੇ 360 ਰਵੀ ਸਾਹਿਤ ਪ੍ਰਕਾਸ਼ਨ ਹਾਲ ਬਾਜ਼ਾਰ ਅੰਮ੍ਰਿਤਸਰ।
24. ਸਿਰਜਣਾ ਦੇ ਨਕਸ਼ (ਕਾਵਿ ਸੰਗ੍ਰਹਿ) ਪੰਨੇ 104, ਮੁੱਲ 40/- ਸਿਰਜਣਾ ਕੇਂਦਰ ਕਪੂਰਥਲਾ
25. ਸਿਰਜਣਾ ਦੇ ਅੰਗ ਸੰਗ (ਮਿੰਨੀ ਕਹਾਣੀਆਂ) ਪੰਨੇ 72 ਮੁੱਲ 40 (ਸਿਰਜਣਾ ਕੇਂਦਰ, ਕਪੂਰਥਲਾ)
26. ਉੱਚੇ ਰੁੱਖ ਮੁਹੱਬਤਾਂ ਵਾਲੇ (ਕਾਵਿ-ਆਲੋਚਨਾ) ਮਨਿੰਦਰ ਕਾਂਗ ਮੁੱਲ 100/- ਪੰਨੇ 64 ਪ੍ਰਸੰਗ ਪ੍ਰਕਾਸ਼ਨ ਜਲੰਧਰ।
27. ਬੀਜ ਤੋਂ ਬ੍ਰਹਿਮੰਡ ਤੱਕ (ਲੰਮੀ ਕਵਿਤਾ), ਅਜਾਇਬ ਕਮਲ, ਪੰਨੇ 128 ਮੁੱਲ 100/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
28. ਵਗਦੀ ਏ ਰਾਵੀ (ਯਾਤਰਾ ਪ੍ਰਸੰਗ) ਵਰਿਆਮ ਸਿੰਘ ਸੰਧੂ, ਮੁੱਲ 50/- ਪੰਨੇ 208 ਕੁਕਨੁਸ ਪ੍ਰਕਾਸ਼ਨ, ਜਲੰਧਰ।
29. ਕੰਜਕ (ਜਗੀਰ ਜੋਸਨ) ਇਕਾਂਗੀ ਨਾਟਕ ਪੰਨੇ 32 ਮੁੱਲ 12 ਕੁਕਨੁਸ ਪ੍ਰਕਾਸ਼ਨ ਜਲੰਧਰ।
30. ਤਿੜਕੇ ਚਿਹਰੇ (ਨਾਵਲ) ਚਰਨਜੀਤ ਸਿੰਘ ਪੰਨੂੰ, ਪੰਨੇ 128-ਮੁੱਲ 150/- ਸ਼ਿਵ ਪ੍ਰਕਾਸ਼ਨ, ਜਲੰਧਰ।
31. ਸਮਿਆਂ ਦੇ ਸਨਮੁਖ (ਨਿਬੰਧ ਸੰਗ੍ਰਹਿ) ਡਾ. ਅਨੂਪ ਸਿੰਘ ਪੰਨੇ 159 ਮੁੱਲ 80/- ਪ੍ਰੇਰਨਾ ਪ੍ਰਕਾਸ਼ਨ ਪਟਿਆਲਾ।

Chiragh Quarterly October-December, 2002
Registered with the Registrar of News-Papers of India No – PUN-PUN O 2776/AL/TC/94


# ਕੁਕਨੂਸ ਪ੍ਰਕਾਸ਼ਨ : ਕੁਝ ਵੱਖਰਾ, ਕੁਝ ਵਿਸ਼ੇਸ਼

| | |
|---|---|
| ਖ਼ਤ : | ਫੈਜ਼ ਦੇ ਖ਼ਤ, ਖ਼ਲੀਲ ਜਿਬਰਾਨ ਦੇ ਖ਼ਤ, ਗਾਲਿਬ ਦੇ ਖ਼ਤ, ਮੰਟੋ ਦੇ ਖ਼ਤ |
| ਕਹਾਣੀਆਂ | ਗੁਰਦੇਵ ਸਿੰਘ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਉਰਦੂ ਕਹਾਣੀ, ਮੈਕਸਿਮ ਗੋਰਕੀ, ਬਿਹਾਰ ਦੀਆਂ ਕਹਾਣੀਆਂ, ਜਾਪਾਨੀ ਕਹਾਣੀਆਂ, ਗੁਰਮੀਤ ਕੜਿਆਲਵੀ, ਜਸਵੀਰ ਕਲਸੀ ਆਦਿ ਦੇ ਕਹਾਣੀ ਸੰਗ੍ਰਹਿ। |
| ਯਾਤਰਾ ਪ੍ਰਸੰਗ | ਵਗਦੀ ਏ ਰਾਵੀ (ਵਰਿਆਮ ਸਿੰਘ ਸੰਧੂ) ਜਾਣੇ ਅਣਜਾਣੇ ਸਫ਼ਰ (ਸੁਪਨਦੀਪ ਸੰਧੂ), ਦੱਖਣੀ ਭਾਰਤ ਦੀ ਯਾਤਰਾ (ਡਾ. ਗੁਰਚਰਨ ਸਿੰਘ ਮਹਿਤਾ), ਜੜ੍ਹਾਂ ਦੀ ਪਰਿਕਰਮਾ (ਗੁਰਚਰਨ ਸੱਗੂ) |
| ਨਾਵਲ | ਰਾਤ (ਫਰੈਂਚ) ਐਲੀ ਵਾਈਜ਼ਲ, ਚਾਨਣੀਆਂ ਪੈੜਾਂ (ਰੂਸੀ) ਤਿਖੋਨ ਸਾਈਮੁਸ਼ਕਿਨ, ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੇਂਦਾ), ਤਿੰਨ ਪਾਕਿਸਤਾਨੀ ਨਾਵਲ : ਪੰਧ (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਨ), ਧੁਖਦਾ ਗੋਹਟਾ (ਹਰਨੇਕ ਹੇਅਰ) ਸੁਲਘਦਾ ਸੱਚ (ਅਜੀਤ ਰਾਹੀ) |
| ਕਾਵਿ ਸੰਗ੍ਰਹਿ | ਮੁਖ਼ਬਰੀ ਕਰਦੇ ਦਿਨ (ਹਰਭਜਨ ਸਿੰਘ ਹੁੰਦਲ), ਚੋਣਵੀਂ ਕਵਿਤਾ ਨਾਜ਼ਿਮ ਹਿਕਮਤ, ਚੋਣਵੀਂ ਕਵਿਤਾ (ਹਬੀਬ ਜਾਲਿਬ), ਚੋਣਵੀਂ ਸ਼ਾਇਰੀ (ਪਰਵੀਨ ਸ਼ਾਕਿਰ), ਗੀਤਾਂਜਲੀ (ਟੈਗੋਰ), ਤਿੰਨ ਚਿਹਰਿਆਂ ਵਾਲਾ ਰੱਕਾਸ (ਇਫ਼ਤਿਖ਼ਾਰ ਨਸੀਮ), ਖੰਡਰ, ਖ਼ਾਮੋਸ਼ੀ ਤੇ ਰਾਤ (ਸੁਰਿੰਦਰ ਸੋਹਲ), ਸ਼ਾਇਰੀ 2000 (ਸੰ. ਪ੍ਰਮਿੰਦਰਜੀਤ), ਭੋਇੰ (ਰਾਮ ਸਿੰਘ ਚਾਹਲ), ਨਮਿਤ (ਮਨਮੋਹਨ), ਭਾਖਿਆ (ਮਦਨ ਵੀਰਾ), ਅੰਤਿਮ ਲੜਾਈ (ਸ਼ਿਵ ਨਾਥ), ਕੋਮਲ ਸਿੰਘ ਆਖਦਾ ਹੈ (ਬਲਵਿੰਦਰ ਸੰਧੂ), ਗੈਰ ਹਾਜ਼ਰ ਪੈੜਾਂ ਦੀ ਕਥਾ (ਮਲਵਿੰਦਰ) ਜੋਗ ਜੁਗਤਿ (ਸ਼ਹਰਯਾਰ) ਜੰਗਲੀ ਸਫ਼ਰ (ਜਗਤਾਰਜੀਤ) ਹੁਣ ਮੈਂ ਕਵੀਆਂ ਵਾਂਗ (ਸੁਰਿੰਦਰ ਸੀਹਰਾ) |
| ਕੁਝ ਵਿਸ਼ੇਸ਼ ਪੁਸਤਕਾਂ : | ਸਮੁੱਚੀ ਰਚਨਾ (ਅਰਜਨ ਸਿੰਘ ਗੜਗੱਜ ਦੀਆਂ ਚਾਰ ਪੁਸਤਕਾਂ: 'ਮੇਰਾ ਆਪਣਾ ਆਪ, ਦੋ ਪੈਰ ਘੱਟ ਤੁਰਨਾ, 'ਸ਼ਹੀਦ ਦੇ ਬੋਲ', ਅਤੇ 'ਅਣਛਪੀ ਕਵਿਤਾ' ਆਧੁਨਿਕ ਪੰਜਾਬੀ ਕਹਾਣੀ : ਸਿਆਸੀ ਪਰਿਪੇਖ (ਭੀਮ ਇੰਦਰ ਸਿੰਘ) ਮੌਤ ਦੀ ਉਡੀਕ ਵਿਚ (ਸ਼ਿਵ ਵਰਮਾ) ਭਗਤ ਸਿੰਘ (ਸਵੈ ਸਾਚੀ), ਜੀਵਨ-ਯਾਦਾਂ ਪਾਬਲੋ ਨੇਰੂਦਾ |

**ਪੂਰੇ ਸੈੱਟ ਦੀ ਕੀਮਤ 1750 ਰੁਪਏ**

ਪਾਠਕਾਂ ਲਈ ਸਿਰਫ਼ 1100 ਰੁਪਏ ਵਿਚ ਸਮੇਤ ਡਾਕ ਖਰਚ

ਪਤਾ : ਐਨ. ਐਮ. 451, ਮੁਹੱਲਾ ਕਰਾਰ ਖ਼ਾਂ, ਨੇੜੇ ਚੌਕ ਬੋਹੜ ਵਾਲਾ, ਜਲੰਧਰ।

ਫੋਨ ਨੰ. 0181-214028 (R)

ਪੁਸਤਕ ਪ੍ਰਾਪਤੀ ਸਥਾਨ :

## ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ, ਜਲੰਧਰ। ਫੋਨ ਨੰ. 220290, 230466